# ਇਨਕਲਾਬੀ ਸਾਡਾ ਰਾਹ

ਜੂਨ-ਜੁਲਾਈ-2020 ✪ ਜਿਲਦ-17 ✪ ਅੰਕ-5-6 ✪ ਮੁੱਲ-15 ਰੁ.

ਜੂਨ ਮਹੀਨੇ ਦੇ ਸ਼ਹੀਦ ਕਾਮਰੇਡ ਅਮਰੀਕ ਸਿੰਘ ਪਨਿਆੜ

ਜੁਲਾਈ ਮਹੀਨੇ ਦੇ ਸ਼ਹੀਦ ਕਾਮਰੇਡ ਚਾਰੂ ਮਜੂਮਦਾਰ, ਬਾਬਾ ਬੂਝਾ ਸਿੰਘ, ਪ੍ਰਿਥੀਪਾਲ ਰੰਧਾਵਾ ਅਤੇ ਅਵਤਾਰ ਢੁੱਡੀਕੇ ਨੂੰ ਸਮਰਪਿਤ



**ਇਨਕਲਾਬੀ ਸਾਡਾ ਰਾਹ**
ਜੂਨ-ਜੁਲਾਈ-2020

**ਸੰਪਾਦਕ**
ਅਜਮੇਰ ਸਿੰਘ

**ਕਾਰਜਕਾਰੀ ਸੰਪਾਦਕ**
ਕੁਲਵਿੰਦਰ ਸਿੰਘ ਵੜੈਚ

**ਚਿੱਠੀ-ਪੱਤਰ, ਚੰਦੇ ਅਤੇ ਸਹਾਇਤਾ ਭੇਜਣ ਲਈ ਪਤਾ**
ਕੁਲਵਿੰਦਰ ਸਿੰਘ ਵੜੈਚ
ਮਕਾਨ ਨੰ. 27
ਗੁਰੂ ਤੇਗ ਬਹਾਦਰ ਨਗਰ
ਬੰਗਾ ਰੋਡ, ਨਵਾਂਸ਼ਹਿਰ
ਮੋ : 98158-43125
Acc. No. 166510100057175
Kulwinder Singh
IFSC Code : ANDB0001665
Andhra Bank, Nawanshehar

**E-mail :**
inqsadarahh@gmail.com

**ਚੰਦਾ ਦਰ**
ਇੱਕ ਅੰਕ — 15 ਰੁਪਏ
ਸਾਲਾਨਾ (ਦੇਸ) — 150 ਰੁਪਏ
ਸਾਲਾਨਾ (ਵਿਦੇਸ਼) — 1000 ਰੁਪਏ

# ਤਤਕਰਾ

## ਸੰਪਾਦਕੀ

- ਤਿੱਖੇ ਹੁੰਦੇ ਵਿਰੋਧ ਤੇ ਮਜ਼ਦੂਰ ਕਿਸਾਨ ਏਕਾ........3

## ਲੇਖ

- 'ਮੈਨੂੰ ਸਾਹ ਨਹੀਂ ਆਉਂਦਾ' ਲਹਿਰ — ਅਰਥ ਸੰਭਾਵਨਾਵਾਂ........5
- ਟਰੰਪ, ਸੰਸਾਰ ਸਿਹਤ ਸੰਗਠਨ ਅਤੇ ਸਾਮਰਾਜੀ ਖਹਿ ਦੀ ਸਿਆਸਤ........9
- ਕਰੋਨਾ ਸਰਮਾਏਦਾਰੀ ਦੀ ਅਫਵਾਹ ਜਾਂ ਬਿਮਾਰੀ?........12
- ਝੋਨਾ ਅਤੇ ਮਜ਼ਦੂਰਾਂ ਦੀ ਦਿਹਾੜੀ ਦਾ ਸਵਾਲ........15
- ਭਾਰਤ ਦੀ ਉੱਤਰੀ-ਪੂਰਬੀ ਸਰਹੱਦ 'ਤੇ ਤਣਾਅ — ਅਮਰੀਕੀ ਰਣਨੀਤੀ........19
- ਨਕਸਲਬਾੜੀ ਦੀ ਮਸ਼ਾਲ ਕਰ ਰਹੀ ਹੈ ਮਾਰਗਦਰਸ਼ਨ........23
- ਨਿੱਜੀਕਰਨ, ਪ੍ਰਾਈਵੇਟ ਸਕੂਲ ਅਤੇ ਮਾਪਿਆਂ ਦੀ ਲੁੱਟ........26

## ਸੰਘਰਸ਼/ਸਰਗਰਮੀਆਂ

ਜਨਤਕ-ਜਮਹੂਰੀ ਇਕੱਠਾਂ ਅਤੇ ਗਤੀਵਿਧੀਆਂ 'ਤੇ ਲਾਈ ਰੋਕ ਹਟਵਾਉਣ ਅਤੇ ਲਾਕਡਾਊਨ ਖੋਲ੍ਹਣ ਦੀ ਮੰਗ ਨੂੰ ਲੈ ਕੇ ਸੂਬੇ ਭਰ 'ਚ ਅਰਥੀ ਫੂਕ ਪ੍ਰਦਰਸ਼ਨ (28) ਕਰੋਨਾ ਦੇ ਬਹਾਨੇ ਪੰਚਾਇਤੀ ਜ਼ਮੀਨਾਂ ਖੋਹਣ ਦੇ ਘੜਮ ਚੌਧਰੀਆਂ ਅਤੇ ਸਰਕਾਰ ਦੇ ਮਨਸੂਬੇ ਕੀਤੇ ਫੇਲ੍ਹ (28) ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਜ਼ਿਲ੍ਹਾ ਪਟਿਆਲਾ ਵਿਖੇ ਲੜੇ ਜਾ ਰਹੇ ਸੰਘਰਸ਼ (30) ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵੱਲੋਂ ਧਰਨੇ-ਮੁਜ਼ਾਹਰੇ (31) ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਭਰ ਵਿੱਚ ਬਲਾਕ ਪੱਧਰੀ ਧਰਨੇ-ਮੁਜ਼ਾਹਰੇ (32) ਪੇਂਡੂ ਮਜ਼ਦੂਰਾਂ ਵਲੋਂ ਪੰਚਾਇਤੀ ਜ਼ਮੀਨ ਦੀ ਬੋਲੀ ਦਾ ਵਿਰੋਧ (33) ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਕੋਟ ਟੋਡਰ ਮੱਲ ਦੇ ਮਜ਼ਦੂਰਾਂ ਨੂੰ ਮਿਲਿਆ ਪੰਚਾਇਤੀ ਜ਼ਮੀਨ ਵਿੱਚੋਂ ਤੀਸਰਾ ਹਿੱਸਾ (33) ਪਿੰਡ ਪੁਰੋਵਾਲ ਜੱਟਾਂ ਵਿਖੇ ਝੋਨੇ ਦੀ ਲਵਾਈ ਸਬੰਧੀ ਪੰਚਾਇਤ ਵੱਲੋਂ ਪਾਏ ਮਤੇ ਦਾ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਵਿਰੋਧ (34) ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਲਿਤ ਭਾਈਚਾਰਾ ਲੈਣ 'ਚ ਕਾਮਯਾਬ (34) ਬਿਲਗਾ ਵਿਖੇ ਜਨਤਕ ਜੱਥੇਬੰਦੀਆਂ ਵੱਲੋਂ ਧਰਨਾ ਪ੍ਰਦਰਸ਼ਨ (35) ਗੈਸ ਏਜੰਸੀ ਵਰਕਰਜ਼ ਯੂਨੀਅਨ ਵੱਲੋਂ ਧਰਨਾ (35) ਫਿਰਕੂ-ਫਾਸ਼ੀ ਤਾਕਤਾਂ ਖਿਲਾਫ ਰੋਸ ਮੁਜਾਹਰਾ ਤੇ ਥਾਣੇ ਦਾ ਘਿਰਾਉ (36) ਮਾਈਕਰੋ ਫਾਈਨਾਂਸ ਕੰਪਨੀਆਂ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ (37) ਇਸਤਰੀ ਜਾਗ੍ਰਿਤੀ ਮੰਚ ਦੀਆਂ ਗਤੀਵਿਧੀਆਂ (37) ਮਿਡ-ਡੇ-ਮੀਲ ਵਰਕਰਾਂ ਨੇ ਪੰਜਾਬ ਸਰਕਾਰ 'ਤੇ ਲੌਕਡਾਊਨ ਦੌਰਾਨ ਵਰਕਰਾਂ ਨੂੰ ਭੁੱਖੇ ਮਾਰਨ ਦਾ ਲਗਾਇਆ ਦੋਸ਼ (38) ਸੂਬੇ ਦੀਆਂ ਹਜ਼ਾਰਾਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਲੌਕਡਾਊਨ ਵਿੱਚ ਪੰਜਾਬ ਸਰਕਾਰ ਵਿਰੁੱਧ ਝੰਡੇ ਲਹਿਰਾ ਕੇ ਤਿੰਨ ਪੜਾਵੀ ਸੰਘਰਸ਼ ਨੂੰ ਮਘਾਇਆ (39) ਡੈਮੋਕਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਸਰਕਾਰ 'ਤੇ ਵਰਕਰਾਂ ਨੂੰ ਧੋਖਾ ਦੇਣ ਅਤੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਦਾ ਦੋਸ਼ (39) ਲਾਕਡਾਊਨ ਸਮੇਂ ਦੌਰਾਨ ਡੀ.ਟੀ.ਐਫ. ਪੰਜਾਬ ਦੀਆਂ ਸਰਗਰਮੀਆਂ (41)

ਕਰੋਨਾ ਮਹਾਂਮਾਰੀ/ਸੰਕਟ ਨੂੰ ਠੱਲਣ 'ਚ, ਦੇਸ਼ ਦੇ ਅਰਥਚਾਰੇ ਨੂੰ ਬਚਾਉਣ 'ਚ, ਕਰੋੜਾਂ ਲੋਕਾਂ ਨੂੰ ਘਰਾਂ 'ਚ ਰਾਸ਼ਨ ਦੇਣ, ਲੱਖਾਂ ਪ੍ਰਵਾਸੀ ਮਜ਼ਦੂਰਾਂ ਨੂੰ ਘਰਾਂ 'ਚ ਪਹੁੰਚਾਉਣ 'ਚ, ਲੋਕਾਂ ਦੇ ਰੁਜ਼ਗਾਰ ਤੇ ਕਾਰੋਬਾਰ ਨੂੰ ਬਚਾਉਣ 'ਚ ਬੁਰੀ ਤਰ੍ਹਾਂ ਫੇਲ੍ਹ ਹੋਈ ਫਾਸ਼ੀਵਾਦੀ ਮੋਦੀ ਹਕੂਮਤ ਦੇ ਮਜ਼ਦੂਰ ਤੇ ਕਿਸਾਨ ਵਿਰੋਧੀ, ਕਾਰਪੋਰੇਟ ਪੱਖੀ ਹੱਲਿਆਂ ਨੂੰ ਪਛਾੜਣ, ਹਰ ਵਿਰੋਧੀ ਆਵਾਜ਼ ਦਾ ਝੂਠੇ ਕੇਸਾਂ, ਕਾਲੇ ਕਾਨੂੰਨਾਂ ਰਾਹੀਂ ਗਲਾ ਘੁੱਟਣ ਖਿਲਾਫ਼ ਉਠੋ, ਕਮਰਕੱਸੇ ਕਰੋ

**8 ਜੁਲਾਈ ਦਿਨ ਬੁੱਧਵਾਰ**

**ਸਮੁੱਚੇ ਸੂਬੇ 'ਚ ਜ਼ਿਲ੍ਹਾ ਕੇਂਦਰਾਂ 'ਤੇ**

**ਰੋਹ ਭਰਪੂਰ ਰੋਸ ਪ੍ਰਦਰਸ਼ਨ ਕਰੋ**



ਵੱਲੋਂ : ਫਾਸ਼ੀ ਹਮਲਿਆਂ ਵਿਰੋਧੀ ਫਰੰਟ

## ਸੰਪਾਦਕੀ

# ਤਿੱਖੇ ਹੁੰਦੇ ਵਿਰੋਧ ਤੇ ਮਜ਼ਦੂਰ ਕਿਸਾਨ ਏਕਾ

ਕਰੋਨਾ ਵਾਇਰਸ ਆਪਣੇ ਆਪ ਵਿੱਚ ਜਾਨਲੇਵਾ ਨਹੀਂ ਹੈ ਪਰ ਇਹ ਸਰੀਰ ਅੰਦਰਲੇ ਵਿਗਾੜਾਂ ਨੂੰ ਗੰਭੀਰ ਬਣਾ ਦਿੰਦਾ ਹੈ। ਇਸੇ ਤਰ੍ਹਾਂ ਵਾਇਰਸ/ਬਿਮਾਰੀ ਦੇ ਨਾਮ 'ਤੇ ਲਾਏ ਲਾਕਡਾਊਨ ਨੇ ਸਮਾਜ ਵਿੱਚ ਪਏ ਵਿਰੋਧਾਂ ਨੂੰ ਤਿੱਖਿਆਂ ਕੀਤਾ ਹੈ ਅਤੇ ਇਹਨਾਂ ਨੂੰ ਉਭਾਰ ਕੇ ਸਾਹਮਣੇ ਲੈ ਆਂਦਾ ਹੈ। ਉੱਤਰ ਕਰੋਨਾ ਕਾਲ ਵਿੱਚ ਇਹਨਾਂ ਵਿਰੋਧਾਂ ਦਾ ਸਰੂਪ ਹੋਰ ਨਿੱਖਰ ਕੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਸੰਸਾਰ ਪੱਧਰ 'ਤੇ ਇਸ ਨਾਲ ਅੰਤਰ-ਸਾਮਰਾਜੀ ਵਿਰੋਧ ਤਿੱਖੇ ਹੋਏ ਹਨ। ਦੁਨੀਆਂ ਦੀ ਪਹਿਲੇ ਨੰਬਰ ਦੀ ਸਾਮਰਾਜੀ ਸ਼ਕਤੀ ਅਮਰੀਕਾ ਨੇ ਆਰਥਿਕ ਮੁਕਾਬਲੇ ਵਿੱਚ ਸੱਜਰੇ ਸ਼ਰੀਕ ਚੀਨ ਵਿਰੁੱਧ ਕਰੋਨਾ ਨੂੰ ਹਥਿਆਰ ਬਣਾ ਕੇ ਹਮਲਾ ਵਿੱਢਿਆ ਹੋਇਆ ਹੈ। ਸੰਸਾਰ ਸਿਹਤ ਸੰਗਠਨ ਵੱਲੋਂ ਇਸ ਹਮਲੇ ਵਿੱਚ ਅਮਰੀਕਾ ਦਾ ਸਾਥ ਨਾ ਦੇਣ ਕਰਕੇ, ਅਮਰੀਕਾ ਨੇ ਇਸਨੂੰ ਵੀ ਨਿਸ਼ਾਨੇ 'ਤੇ ਲਿਆ ਹੈ ਪਰ ਇਸ ਮਾਮਲੇ 'ਚ ਸਾਮਰਾਜੀ ਮੁਲਕਾਂ 'ਚੋਂ, ਆਸਟਰੇਲੀਆਂ ਤੋਂ ਬਿਨਾਂ ਇਸ ਮੁਹਿੰਮ ਦਾ ਕੋਈ ਭਾਈਵਾਲ ਨਹੀਂ ਬਣਿਆ। ਅਮਰੀਕਾ ਨੇ ਚੀਨ ਨੂੰ ਮਹਾਂਮਾਰੀ ਦਾ ਦੋਸ਼ੀ ਬਣਾ ਕੇ ਜੀ-7, ਸੱਤ ਵੱਡਿਆਂ ਦੇ ਗਰੁੱਪ 'ਚੋਂ ਚੀਨ ਨੂੰ ਬਾਹਰ ਕਰਨਾ ਚਾਹਿਆ ਪਰ ਰੂਸ ਦੇ ਰਾਸ਼ਟਰਪਤੀ ਨੇ ਬਿਆਨ ਦਿੱਤਾ ਕਿ ਅੱਜ ਦੀ ਪ੍ਰਸਥਿਤੀ ਵਿੱਚ ਚੀਨ ਤੋਂ ਬਿਨਾਂ ਸੱਤਾਂ ਦੇ ਗਰੁੱਪ ਦਾ ਕੋਈ ਅਰਥ ਨਹੀਂ। ਅਮਰੀਕੀ ਰਾਸ਼ਟਰਪਤੀ ਵੱਲੋਂ ਯੂਰਪ ਵਿੱਚੋਂ ਅਮਰੀਕੀ ਫੌਜਾਂ ਵਾਪਿਸ ਬੁਲਾਉਣ ਤੇ ਨਾਟੋ 'ਚੋਂ ਨਿਕਲਣ ਦੇ ਐਲਾਨ ਨਾਲ ਅਤੇ ਚੀਨ 'ਤੇ ਹਮਲੇ ਦੇ ਸਵਾਲ 'ਤੇ ਅਮਰੀਕਾ ਅਤੇ ਯੂਰਪੀ ਤਾਕਤਾਂ ਵਿਚਕਾਰ ਵਿਰੋਧ ਤਿੱਖੇ ਹੋਏ ਹਨ।

ਇਹੀ ਨਹੀਂ, ਸਾਮਰਾਜੀ ਮੁਲਕਾਂ ਵਿੱਚ ਹਾਕਮਾਂ ਅਤੇ ਲੋਕਾਂ ਵਿਚਕਾਰ ਵਿਰੋਧ ਵੀ ਤਿੱਖੇ ਹੋਏ ਹਨ। ਇਸਦੀ ਸਭ ਤੋਂ ਉੱਭਰਵੀਂ ਉਦਾਹਰਨ ਅਮਰੀਕਾ ਦੀ ਹੈ, ਜਿੱਥੇ ਸਿਸਟਮ ਦੇ ਤਨ ਸਮਾਏ ਨਸਲਵਾਦ, ਆਰਥਿਕ ਸੰਕਟ ਦੇ ਬੋਝ ਅਤੇ ਕਰੋਨਾ ਨਾਲ ਨਿਪਟਣ ਵਿੱਚ ਟਰੰਪ ਪ੍ਰਸਾਸ਼ਨ ਦੀ ਅਸਫ਼ਲਤਾ ਅਤੇ ਮੂਰਖਤਾ ਵਿਰੁੱਧ ਜੌਰਜ ਫਲੌਇਡ ਦੇ ਪੁਲੀਸ ਹੱਥੋਂ ਕਤਲ ਤੋਂ ਜਨਤਕ ਰੋਹ ਭੜਕ ਉੱਠਿਆ। ਅਮਰੀਕਾ ਦੇ ਚਾਰ ਵੱਡੇ ਸ਼ਹਿਰਾਂ ਵਿੱਚ ਕਰਫਿਊ ਵੀ ਇਸ ਲੋਕ ਵਿਦਰੋਹ ਨੂੰ ਨਹੀਂ ਰੋਕ ਸਕਿਆ। ਇਹ ਵਿਰੋਧ ਸਿਰਫ ਅਮਰੀਕਾ ਤੱਕ ਸੀਮਤ ਨਹੀਂ ਰਿਹਾ ਬਲਕਿ ਪੂਰੇ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਫੈਲ ਗਿਆ। ਇਹ ਸਾਮਰਾਜੀ ਦੇਸ਼ਾਂ ਵਿੱਚ ਹੁਕਮਰਾਨਾਂ ਅਤੇ ਲੋਕਾਂ ਵਿਚਕਾਰਲੀ ਵਿਰੋਧਤਾ ਦੇ ਤਿੱਖੇ ਹੋਣ ਦਾ ਪ੍ਰਗਟਾਵਾ ਹੈ।

ਭਾਰਤ ਵਿੱਚ ਇਹ ਵਿਰੋਧ ਵਧਿਆ ਹੈ। ਸੰਘੀ ਹਾਕਮਾਂ ਨੇ ਕਰੋਨਾ ਦੇ ਨਾਂ 'ਤੇ ਲਾਕਡਾਊਨ ਲਾ ਕੇ ਨਾ ਸਿਰਫ ਰਾਜਨੀਤਕ ਵਿਰੋਧ ਕੁਚਲਣ ਦਾ ਯਤਨ ਕੀਤਾ ਹੈ ਬਲਕਿ ਲੋਕਾਂ ਵਿਰੁੱਧ ਇੱਕ ਭਿਆਨਕ ਹੱਲਾ ਬੋਲਿਆ ਹੈ। ਇਸਨੇ ਮਜ਼ਦੂਰ/ਪ੍ਰੋਲੇਤਾਰੀ ਜਮਾਤ ਵੱਲੋਂ ਦਹਾਕਿਆਂ ਬੱਧੀ ਹੀ ਨਹੀਂ ਸਦੀਆਂ ਦੀ ਲੜਾਈ ਲੜ ਕੇ ਹਾਸਲ ਕੀਤੇ ਅਧਿਕਾਰਾਂ ਨੂੰ ਖਤਮ ਕਰ ਦਿੱਤਾ ਹੈ। ਜਿਹਨਾਂ ਕਾਨੂੰਨਾਂ ਰਾਹੀਂ ਇਹ ਅਧਿਕਾਰ ਗਾਰੰਟੀ ਕੀਤੇ ਗਏ ਸਨ, ਉਹ ਸਾਰੇ ਕਾਨੂੰਨ ਖਤਮ ਕਰ ਦਿੱਤੇ ਗਏ ਤੇ ਉਹਨਾਂ ਦੀ ਥਾਂ 'ਤੇ ਨਵੇਂ ਕੋਡ ਬਣਾ ਧਰੇ ਹਨ। ਕੁਝ ਰਾਜ ਸਰਕਾਰਾਂ ਨੇ ਹੜਤਾਲਾਂ 'ਤੇ ਪੂਰਨ ਪਾਬੰਦੀ ਲਾ ਦਿੱਤੀ ਹੈ। ਮੰਦੀ ਦਾ ਸਾਹਮਣਾ ਕਰ ਰਹੇ ਸਰਮਾਏਦਾਰਾਂ ਨੇ ਬਿਨਾਂ ਕੁਝ ਕੀਤੇ ਲੱਖਾਂ ਮਜ਼ਦੂਰਾਂ ਨੂੰ ਕਰੋਨਾ ਦੇ ਨਾਂ 'ਤੇ ਫਾਰਗ ਕਰ ਦਿੱਤਾ ਹੈ। ਖੇਤੀ ਖੇਤਰ ਸਬੰਧੀ ਆਰਡੀਨੈਂਸ ਜਾਰੀ ਕਰਕੇ ਕੇਂਦਰ ਸਰਕਾਰ ਨੇ ਰਾਜਾਂ ਦੇ ਅਧਿਕਾਰ 'ਤੇ ਛਾਪਾ ਮਾਰ ਕੇ ਸੱਤਾ ਦੇ ਕੇਂਦਰੀਕਰਨ ਦੇ ਅਮਲ ਨੂੰ ਤੇਜ਼ ਕੀਤਾ ਹੈ ਅਤੇ ਕਿਸਾਨੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਫ਼ਸਲਾਂ ਦੀ ਸਰਕਾਰੀ ਖਰੀਦ ਖਤਮ ਕਰਕੇ, ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਖੇਤੀ ਧੰਦੇ 'ਚੋਂ ਬਾਹਰ ਕਰਕੇ ਖੇਤੀ ਖੇਤਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੀ ਤਿਆਰੀ ਕਰ ਲਈ ਹੈ। ਇਸ ਨਾਲ ਬਹੁਤ ਵਿਸ਼ਾਲ ਘੋਲਾਂ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ।

ਪੰਜਾਬ ਦੇ ਪੇਂਡੂ ਖੇਤਰ ਵਿੱਚ ਪੇਂਡੂ ਧਨਾਢਾਂ ਅਤੇ ਪੇਂਡੂ ਮਜ਼ਦੂਰਾਂ ਵਿਚਕਾਰਲੀ ਵਿਰੋਧਤਾਈ ਜਿਹੜੀ ਸੰਘਰਸ਼ਸ਼ੀਲ ਖਿੱਤਿਆਂ ਤੋਂ ਬਿਨਾਂ ਸਾਹਮਣੇ ਨਹੀਂ ਆਉਂਦੀ ਸੀ, ਹੁਣ ਉੱਭਰ ਕੇ ਸਾਹਮਣੇ ਆ ਗਈ ਹੈ। ਲੌਕਡਾਊਨ ਦੀ ਵਜਾਹ ਕਰਕੇ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਵਾਪਿਸ ਹੀ ਨਹੀਂ ਗਏ ਬਲਕਿ ਜਿਹਨਾਂ ਨੇ ਝੋਨੇ ਦੀ ਲੁਆਈ ਲਈ ਆਉਣਾ ਸੀ, ਉਹ ਆ ਨਹੀਂ ਸਕੇ। ਇਸ ਕਰਕੇ ਜੀਰੀ ਦੀ ਲੁਆਈ ਲਈ ਮਜ਼ਦੂਰਾਂ ਦੀ ਘਾਟ ਸਾਹਮਣੇ ਆ ਰਹੀ ਹੈ। ਇਸ ਕਰਕੇ ਮਜ਼ਦੂਰ ਆਪਣਾ ਦਿਹਾੜੀ ਦਾ ਰੇਟ ਵਧਾਉਣਾ ਚਾਹੁੰਦੇ ਹਨ ਅਤੇ ਪੇਂਡੂ ਧਨਾਢ ਰੇਟ ਘਟਾਉਣ 'ਤੇ ਤੁਲੇ ਹੋਏ ਹਨ। ਪੰਚਾਇਤਾਂ 'ਤੇ ਇਹਨਾਂ ਧਨਾਢਾਂ ਦਾ ਕਬਜਾ ਹੈ, ਇਸ ਕਰਕੇ ਜਾਅਲੀ ਮਤੇ ਪਾ ਕੇ ਮਜ਼ਦੂਰਾਂ ਨੂੰ

ਧਮਕਾ ਰਹੇ ਹਨ ਅਤੇ ਜੁਰਮਾਨੇ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਹਾਲਾਂਕਿ ਦਿਹਾੜੀ ਦਾ ਵੱਧ ਤੋਂ ਵੱਧ ਰੇਟ ਮਿੱਥਣਾ ਅਤੇ ਇਸ ਲਈ ਜੁਰਮਾਨਾ ਕਰਨਾ ਦੋਵੇਂ ਪੰਚਾਇਤ ਦੇ ਅਧਿਕਾਰ ਖੇਤਰ ਵਿੱਚ ਨਹੀਂ। ਇਹ ਸਾਰੇ ਮਤੇ ਗੈਰ-ਕਾਨੂੰਨੀ ਹਨ ਅਤੇ ਇਹਨਾਂ ਪੰਚਾਇਤਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ ਪਰ ਸਰਕਾਰ ਅੱਖਾਂ ਬੰਦ ਤੇ ਕੰਨਾਂ 'ਚ ਰੂੰ ਦੇਈ ਬੈਠੀ ਹੈ।

ਭਾਵੇਂ ਸਤਾਹ 'ਤੇ ਉਸ ਤਰ੍ਹਾਂ ਸਪੱਸ਼ਟ ਨਜ਼ਰ ਨਹੀਂ ਆਉਂਦਾ ਪਰ ਪਿੰਡਾਂ ਵਿੱਚ ਜਾਤ-ਪਾਤ ਦੀਆਂ ਡੂੰਘੀਆਂ ਜੜ੍ਹਾਂ ਹਨ। ਉਪਰੋਂ ਦਾਹੜੀ-ਕੇਸ ਰੱਖੀ ਬੈਠੇ, ਬਾਬੇ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਨਹੀਂ ਬਲਕਿ ਅਸਲ ਵਿੱਚ ਇਹ ਜਗੀਰੂ ਮਾਨਸਿਕਤਾ ਵਾਲੇ ਜੱਟ ਹਨ। ਇਹ ਜੱਟ ਜਾਤ ਦੇ ਨਾਮ 'ਤੇ ਗਰੀਬ ਅਤੇ ਛੋਟੇ ਕਿਸਾਨਾਂ ਨੂੰ ਵੀ ਮਗਰ ਲਾ ਲੈਂਦੇ ਹਨ। ਇਉਂ ਇਸ ਵਿਰੋਧ ਨੂੰ ਜੱਟ ਬਨਾਮ ਦਲਿਤ ਬਣਾ ਦਿੱਤਾ ਜਾਂਦਾ ਹੈ ਅਤੇ ਇਹ ਜੱਟ ਬਨਾਮ ਦਲਿਤ ਦੇ ਰੂਪ 'ਚ ਹੀ ਪ੍ਰਗਟ ਹੁੰਦਾ ਹੈ। ਇਸ ਵਿੱਚ ਜਾਤ ਦਾ ਰੋਲ ਤਾਂ ਪ੍ਰਮੁੱਖਤਾ ਨਾਲ ਹੈ ਹੀ, ਇਸਤੋਂ ਬਿਨਾਂ ਇਸਦਾ ਆਰਥਿਕ ਅਧਾਰ ਵੀ ਹੈ। ਇਹ ਆਰਥਿਕ ਪੱਧਰ ਦਾ ਵਿਰੋਧ ਪੈਦਾਵਾਰੀ ਸਾਧਨਾਂ ਤੋਂ ਵਿਹੂਣਿਆਂ ਅਤੇ ਪੈਦਾਵਾਰੀ ਸਾਧਨਾਂ ਦੇ ਮਾਲਕਾਂ ਵਿਚਕਾਰਲਾ ਵਿਰੋਧ ਹੈ। ਮਾੜੇ ਤੋਂ ਮਾੜੇ ਜੱਟ ਕੋਲ ਵੀ ਥੋੜੀ ਬਹੁਤ ਜ਼ਮੀਨ ਅਤੇ ਕੁਝ ਖੇਤੀ ਸੰਦ ਜਰੂਰ ਹਨ। ਜਦਕਿ ਦਲਿਤਾਂ ਕੋਲ ਇੱਕ ਅੱਧ ਦੁਧਾਰੂ ਪਸ਼ੂ ਤੋਂ ਬਿਨਾਂ ਕੁੱਝ ਨਹੀਂ ਅਤੇ ਇਸ ਲਈ ਵੀ ਉਹ ਜੱਟਾਂ 'ਤੇ ਨਿਰਭਰ ਹੈ। ਪੰਚਾਇਤੀ ਜ਼ਮੀਨ ਵਿੱਚ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦਾ ਘੋਲ ਇਸੇ ਦੀ ਪੈਦਾਵਾਰ ਹੈ। ਕਮਿਊਨਿਸਟ ਲੱਖ ਕਿਸਾਨਾਂ-ਮਜ਼ਦੂਰਾਂ ਦੀ ਏਕਤਾ ਦੀਆਂ ਗੱਲਾਂ ਕਰੀ ਜਾਣ, ਇਸ ਵਿਰੋਧ ਦਾ ਤੋੜ ਲੱਭੇ ਬਿਨਾਂ ਇਹ ਏਕਤਾ ਇੱਕ ਪਵਿੱਤਰ ਇੱਛਾ ਤੋਂ ਵੱਧ ਕੁੱਝ ਨਹੀਂ। ਇਸ ਕਰਕੇ ਹੀ ਇਸ ਸਥਿਤੀ ਵਿੱਚ ਕਮਿਊਨਿਸਟ ਕੋਈ ਬਹੁਤੀ ਅਸਰਦਾਰ ਦਖਲਅੰਦਾਜੀ ਨਹੀਂ ਕਰ ਸਕੇ। ਕਿਵੇਂ ਉਸਰ ਸਕਦਾ ਹੈ, ਮਜ਼ਦੂਰਾਂ-ਕਿਸਾਨਾਂ ਦਾ ਏਕਾ ? ਇਹ ਮਹੱਤਵਪੂਰਨ ਸਵਾਲ ਹੈ। ਕੁਝ ਲੋਕਾਂ ਨੇ ਜੋਟਾ ਉਸਾਰੀ, ਭਾਵ ਕਿਸਾਨ ਜੱਥੇਬੰਦੀ ਰਾਹੀਂ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਦਾ ਯਤਨ ਕੀਤਾ ਪਰ ਇਸਦਾ ਸਿੱਟਾ ਦਲਿਤਾਂ ਨੂੰ ਜੱਟਾਂ ਹੇਠ ਲਾਉਣ ਵਿੱਚ ਹੀ ਨਿਕਲਿਆ।

ਇਹ ਇੱਕ ਲੰਬੇ ਸਮੇਂ ਦਾ ਕਾਰਜ ਹੈ ਪਰ ਇਸਨੂੰ ਕੀਤੇ ਬਿਨਾਂ ਕਿਸਾਨਾਂ-ਮਜ਼ਦੂਰਾਂ ਦਾ ਏਕਾ ਨਹੀਂ ਹੋਣਾ। ਇਸ ਲਈ ਪਹਿਲਾ ਕਾਰਜ ਹੈ ਕਿ ਪੈਦਾਵਾਰੀ ਸਾਧਨਾਂ ਦੀ ਮੁੜ ਵੰਡ ਨੂੰ ਪ੍ਰਮੁੱਖਤਾ ਨਾਲ ਏਜੰਡੇ 'ਤੇ ਲਿਆਂਦਾ ਜਾਵੇ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਪੰਚਾਇਤੀ ਜ਼ਮੀਨਾਂ ਵਿੱਚ ਦਲਿਤਾਂ ਦੇ ਹਿੱਸੇ ਦੀ ਲੜਾਈ ਲੜ ਰਹੀਆਂ ਹਨ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨਜ਼ੂਲ ਜ਼ਮੀਨ ਦੇ ਮੁੱਦੇ 'ਤੇ ਵੀ ਸੰਘਰਸ਼ ਕਰ ਰਹੀ ਹੈ। ਇਸ ਸੰਘਰਸ਼ ਨੂੰ ਪੇਂਡੂ ਧਨਾਢਾਂ ਦੀਆਂ ਜ਼ਮੀਨਾਂ ਨੂੰ ਬੇਜ਼ਮੀਨੇ ਕਿਸਾਨਾਂ-ਮਜ਼ਦੂਰਾਂ ਵਿੱਚ ਵੰਡਣ ਤੱਕ ਲਿਜਾਇਆ ਜਾਣਾ ਚਾਹੀਦਾ ਹੈ। ਇਸਤੋਂ ਬਿਨਾਂ ਇਸ ਵਿਰੋਧ ਦਾ ਆਧਾਰ, ਪੈਦਾਵਾਰੀ ਸਾਧਨ ਮਾਲਕਾਂ ਅਤੇ ਵਿਹੂਣਿਆਂ ਵਿਚਕਾਰਲਾ ਵਿਰੋਧ ਹੱਲ ਨਹੀਂ ਹੋ ਸਕਦਾ। ਦੂਸਰੇ ਕਮਿਊਨਿਸਟਾਂ ਨੂੰ ਸਾਰੇ ਜ਼ਮੀਨ ਮਾਲਕਾਂ ਨੂੰ ਇੱਕੋ ਜਮਾਤ, ਕਿਸਾਨ ਸਮਝਣ ਦੀ ਸਮਝ ਨੂੰ ਤਿਆਗਣਾ ਚਾਹੀਦਾ ਹੈ। ਭਾਵੇਂ ਇਨਕਲਾਬੀ ਕਮਿਊਨਿਸਟ ਜਬਾਨੀ-ਕਲਾਮੀ ਵਖਰਿਆਵੀਂ ਪਹੁੰਚ ਨੂੰ ਮੰਨਦੇ ਹਨ ਪਰ ਅਮਲ ਵਿੱਚ ਇਸਦੇ ਵਿਰੁੱਧ ਵੀ ਭੁਗਤ ਜਾਂਦੇ ਹਨ। ਆਪਣੇ ਆਪ ਨੂੰ ਸਦਾ ਸਹੀ ਹੋਣ ਦਾ ਦਾਅਵਾ ਕਰਨ ਵਾਲੇ ਕਮਿਊਨਿਸਟ ਧਿਰ ਦੀ ਅਗਵਾਈ 'ਚ ਚਲਦੀ ਕਿਸਾਨ ਜੱਥੇਬੰਦੀ ਕਰਜਾ ਮਾਫੀ ਨੂੰ 10 ਏਕੜ ਤੱਕ ਦੇ ਮਾਲਕਾਂ ਤੱਕ ਸੀਮਿਤ ਕਰਨ ਦਾ ਵਿਰੋਧ ਕਰਦੀ ਹੈ, ਬਲਕਿ 'ਕਰਜ਼ਾ ਦੇਣੋ ਅਸਮਰੱਥ' ਦੇ ਅਮੂਰਤ ਅਤੇ ਭੁਲੇਖਾ ਪਾਊ ਸੰਕਲਪ ਦੇ ਨਾਂ 'ਤੇ ਸਾਰੀ ਕਿਸਾਨੀ ਲਈ ਕਰਜਾ ਮਾਫ਼ੀ ਦੀ ਹਮਾਇਤ ਕਰਦੀ ਹੈ। ਇਸਦਾ ਇਹੀ ਵਤੀਰਾ ਬਿਜਲੀ ਸਬਸਿਡੀ ਨੂੰ ਸੀਮਤ ਕਰਨ ਪ੍ਰਤੀ ਹੈ। ਇਹ ਇਸਦਾ ਜਨਤਕ ਰੂਪ ਵਿੱਚ ਐਲਾਨ ਕਰ ਚੁੱਕੀ ਹੈ। ਦੁੱਖ ਵਾਲੀ ਗੱਲ ਹੈ ਕਿ ਜਿਹੜੀਆਂ ਕਿਸਾਨ ਜੱਥੇਬੰਦੀਆਂ ਇਸ ਵਖਰਿਆਵੇਂ ਪੈਂਤੜੇ ਤੋਂ ਲੜਦੀਆਂ ਵੀ ਹਨ, ਉਹ ਵੀ ਇਸਨੂੰ ਅਮਲ ਵਿੱਚ ਲਿਆਉਣ 'ਚ ਸਫ਼ਲ ਨਹੀਂ ਹੋ ਸਕੀਆਂ। ਇਸ ਕਰਕੇ ਇਸ ਸਥਿਤੀ ਵਿੱਚ ਜੱਥੇਬੰਦ ਕਿਸਾਨੀ ਵੱਡੇ ਪੱਧਰ 'ਤੇ ਮਜ਼ਦੂਰਾਂ ਦੇ ਹੱਕ ਵਿੱਚ ਨਹੀਂ ਨਿੱਤਰੀ। ਸਗੋਂ ਕੁਝ ਜੱਥੇਬੰਦੀਆਂ ਦੇ ਕੁਝ ਆਗੂ ਮਤੇ ਪਵਾਉਣ ਵਾਲਿਆਂ ਵਿੱਚ ਸ਼ਾਮਿਲ ਸਨ। ਸ਼ਾਇਦ ਉਹ ਲੈਂਡਲਾਰਡ ਜਾਂ ਧਨੀ ਕਿਸਾਨੀ 'ਚੋਂ ਹੀ ਸਨ। ਤੀਸਰੇ ਜਾਤ-ਪਾਤੀ ਜਬਰ, ਵਿਤਕਰੇ ਅਤੇ ਉਤਪੀੜਨ ਨੂੰ ਜਮਾਤੀ ਘੋਲ ਦੇ ਮੁੱਦਿਆਂ ਤੇ ਸੰਘਰਸ਼ ਕਰਨਾ ਚਾਹੀਦਾ ਹੈ। 'ਇਨਕਲਾਬ ਕਰ ਲਓ, ਜਾਤ ਆਪੇ ਖਤਮ ਹੋ ਜਾਊ' ਬਹੁਤ ਹੀ ਘੁਚਲੀ ਹੋਈ ਸਮਝ ਹੈ। ਇਹਨਾਂ ਮੁੱਦਿਆਂ 'ਤੇ ਲੜੇ ਬਿਨਾਂ ਇਨਕਲਾਬ ਹੀ ਨਹੀਂ ਹੋਣਾ। ਛੋਟੇ ਸਟੇਟ ਵਿਰੁੱਧ ਕਿਸਾਨਾਂ-ਮਜ਼ਦੂਰਾਂ ਦੇ ਸਾਂਝੇ ਸੰਘਰਸ਼। ਇਹ ਚਾਰ ਕਾਰਜ ਸਿਰੇ ਚਾੜ੍ਹ ਕੇ ਹੀ ਕਿਸਾਨਾਂ-ਮਜ਼ਦੂਰਾਂ ਦਾ ਏਕਾ ਕਾਇਮ ਹੋ ਸਕਦਾ ਹੈ।

➢➢➢➢

## ਅਮਰੀਕਾ

# 'ਮੈਨੂੰ ਸਾਹ ਨਹੀਂ ਆਉਂਦਾ' ਲਹਿਰ — ਅਰਥ ਸੰਭਾਵਨਾਵਾਂ

ਆਪਣੇ ਆਪ ਨੂੰ ਦੁਨੀਆਂ ਦਾ ਘੜੰਮ ਚੌਧਰੀ ਸਮਝਣ ਵਾਲੇ ਅਤੇ ਮਹਾਂਸ਼ਕਤੀ ਦਾ ਖਿਤਾਬ ਆਪਣੇ ਚਿਹਰੇ 'ਤੇ ਚਿਪਕਾਈ ਫਿਰਦੇ ਅਮਰੀਕੀ ਸਾਮਰਾਜ ਦੀ ਹਾਲਤ ਵਾੜ ਵਿੱਚ ਫਸੇ ਹੋਏ ਬਿੱਲੇ ਵਾਲੀ ਹੋਈ ਪਈ ਹੈ। ਇੱਕ ਪਾਸੇ ਅਮਰੀਕਾ ਦੇ ਸ਼ਹਿਰਾਂ ਵਿੱਚ ਕਰੋਨਾ ਨੇ ਧਮਾਲ ਮਚਾਈ ਹੋਈ ਹੈ। ਇਸਦਾ ਮੁੱਖ ਕੇਂਦਰ ਅਮਰੀਕਾ ਦੀ ਵਪਾਰਕ ਰਾਜਧਾਨੀ ਨਿਊਯਾਰਕ ਹੈ। ਕਰੋਨਾ ਨਾਲ ਇੱਕ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਮਰੀਜ਼ਾਂ ਦੀ ਗਿਣਤੀ 22 ਲੱਖ ਦੇ ਕਰੀਬ ਹੈ। ਇਸ ਮਾਮਲੇ ਵਿੱਚ ਵੀ ਅਮਰੀਕਾ ਦੁਨੀਆਂ ਦੇ ਬਾਕੀ ਦੇਸ਼ਾਂ ਨਾਲੋਂ ਬਹੁਤ ਅੱਗੇ ਹੈ। ਝੁੱਡੂ ਟਰੰਪ ਦੇ ਗਪੌੜੀ ਪਿਆਦੇ ਦੀ ਅਗਵਾਈ 'ਚ ਸਾਡਾ ਪਿਆਰਾ ਭਾਰਤ ਵੀ ਤੇਜ਼ੀ ਨਾਲ ਦੌੜਦਾ ਹੋਇਆ, ਚੌਥੇ ਸਥਾਨ 'ਤੇ ਪਹੁੰਚ ਗਿਆ ਹੈ ਅਤੇ ਆਉਂਦੇ ਦਿਨਾਂ ਵਿੱਚ ਇਸਦੇ ਤੇਜ਼ੀ ਨਾਲ ਅੱਗੇ ਵਧਣ ਦੀ ਆਸ ਹੈ। ਅਜੇ ਟਰੰਪ ਕਰੋਨਾ ਮਾਮਲੇ 'ਤੇ ਅਜੀਬੋ-ਗਰੀਬ ਅਤੇ ਬੇਵਕੂਫੀ ਭਰੇ ਬਿਆਨ ਦੇ ਕੇ ਵਿਵਾਦਾਂ ਵਿੱਚ ਘਿਰਿਆ ਹੋਇਆ ਸੀ ਕਿ ਹਿਊਸਟਨ ਵਿੱਚ ਲੋਕਾਂ ਦਾ ਵਿਦਰੋਹ ਭੜਕ ਪਿਆ ਅਤੇ ਦੇਖਦੇ-ਦੇਖਦੇ ਲਗਭਗ ਪੂਰੇ ਅਮਰੀਕਾ ਵਿੱਚ ਫੈਲ ਗਿਆ ਹੈ। ਸਥਿਤੀ ਇਹ ਹੈ ਕਿ ਅਮਰੀਕਾ ਦੇ 70 ਤੋਂ ਵਧੇਰੇ ਸ਼ਹਿਰਾਂ ਵਿੱਚ ਕਰਫਿਊ ਲੱਗਿਆ ਹੋਇਆ ਹੈ। ਪਰ ਨਿਊਯਾਰਕ ਸਮੇਤ ਅਨੇਕਾਂ ਸ਼ਹਿਰਾਂ ਵਿੱਚ ਲੋਕ ਕਰਫਿਊ ਦੀ ਪਰਵਾਹ ਕੀਤੇ ਬਿਨਾਂ ਹਜ਼ਾਰਾਂ ਦੀ ਗਿਣਤੀ ਵਿੱਚ ਸੜਕਾਂ 'ਤੇ ਨਿਕਲ ਕੇ ਮੁਜ਼ਾਹਰੇ ਕਰ ਰਹੇ ਹਨ। ਟਰੰਪ ਦੇ ਬਿਆਨ ਬਲਦੀ 'ਤੇ ਹੋਰ ਤੇਲ ਪਾ ਰਹੇ ਹਨ। ਉਸਦੇ ਗੋਲੀ ਨਾਲ ਜੁਆਬ ਦੇਣ ਵਾਲੇ ਬਿਆਨ ਨੂੰ ਟਵਿੱਟਰ ਨੇ ਬਲੌਕ ਕਰ ਦਿੱਤਾ। ਅਮਰੀਕੀ ਰਾਸ਼ਟਰਪਤੀ ਵਾਸਤੇ ਇਹ ਬਹੁਤ ਵੱਡੀ ਗੱਲ ਸੀ। ਪਰ ਇਸਤੋਂ ਸਹੀ ਸੰਦੇਸ਼ ਲੈਣ ਦੀ ਬਜਾਇ ਉਹ ਅਮਰੀਕਾ ਵਿੱਚ ਟਵਿੱਟਰ 'ਤੇ ਪਾਬੰਦੀ ਲਾਉਣ ਅਤੇ ਫੌਜ ਬੁਲਾਉਣ ਦੀਆਂ ਧਮਕੀਆਂ ਦੇਣ ਲੱਗਾ। ਇਸਨੇ ਲੋਕ-ਰੋਹ ਨੂੰ ਹੋਰ ਚੁਆਤੀ ਲਾਈ। ਸਥਿਤੀ ਇੱਥੋਂ ਤੱਕ ਬਣੀ ਕਿ ਟਰੰਪ ਨੂੰ ਆਪਣੇ ਪਰਿਵਾਰ ਸਮੇਤ, ਵਾਈਟ ਹਾਊਸ 'ਚ ਬਣੇ ਭੋਰੇ 'ਚ ਜਾ ਕੇ ਰਹਿਣਾ ਪਿਆ। ਹਾਲਾਤ ਇਸ ਤਰ੍ਹਾਂ ਦੇ ਹਨ ਕਿ ਟਰੰਪ ਦੇ ਬਿਆਨ ਕਿ ਪੁਲੀਸ ਨੂੰ ਲੋਕਾਂ 'ਤੇ ਸਖਤੀ ਵਰਤਣੀ ਚਾਹੀਦੀ ਹੈ ਤੇ ਇੱਕ ਇੰਟਰਵਿਊ ਦੌਰਾਨ ਸਵਾਲ ਦਾ ਜਵਾਬ ਦਿੰਦਿਆਂ, ਹਿਊਸਟਨ ਦੇ ਪੁਲਸ ਮੁਖੀ, ਐਕਵਾਡੋ ਨੇ ਕਿਹਾ ਕਿ ਟਰੰਪ ਜੇਕਰ ਕੋਈ ਚੱਜ ਦੀ ਸਲਾਹ ਨਹੀਂ ਦੇ ਸਕਦਾ ਤਾਂ ਉਸਨੂੰ ਆਪਣਾ ਮੂੰਹ ਬੰਦ ਰੱਖਣਾ ਚਾਹੀਦਾ ਹੈ।

ਹਿਊਸਟਨ ਵਿੱਚ ਇਹ ਮਾਮਲਾ ਉਦੋਂ ਭੜਕਿਆ ਜਦੋਂ

---

➢➢➢➢ ਸਵਾਲ ਇਹ ਹੈ ਕਿ ਇਹ ਤਾਂ ਲੰਬੇ ਸਮੇਂ ਦੇ ਕਾਰਜ ਹਨ, ਹੁਣ ਕੀ ਕੀਤਾ ਜਾਵੇ। ਅੱਸੀ ਪ੍ਰਤੀਸ਼ਤ ਗਰੀਬ ਅਤੇ ਛੋਟੀ ਕਿਸਾਨੀ ਹੈ। ਦਰਮਿਆਨੀ ਕਿਸਾਨੀ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਨੱਬੇ ਪ੍ਰਤੀਸ਼ਤ ਦੇ ਆਸ-ਪਾਸ ਹੈ। ਇਹ ਕਿਸਾਨੀ ਆਪ ਸੰਕਟ ਦਾ ਸ਼ਿਕਾਰ ਹੈ। ਕੇਂਦਰ ਸਰਕਾਰ ਵੱਲੋਂ ਜਾਰੀ ਆਰਡੀਨੈਂਸਾਂ ਨੇ ਇਸ ਕਿਸਾਨੀ ਨੂੰ ਤਬਾਹ ਕਰਕੇ ਖੇਤੀ 'ਚੋਂ ਬਾਹਰ ਕਰਨ ਦਾ ਸਮਾਨ ਤਿਆਰ ਕਰ ਲਿਆ ਹੈ। ਕੇਂਦਰੀ ਮੰਤਰੀ, ਗਡਕਰੀ ਦੇ ਬਿਆਨ ਨੇ ਸਰਕਾਰ ਦੇ ਮਨਸ਼ੇ ਸਾਫ਼ ਕਰ ਦਿੱਤੇ ਹਨ। ਇਸ ਕਿਸਾਨੀ ਕੋਲ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ। ਇਸ ਕਰਕੇ ਇਹੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਸੀ ਸਹਿਮਤੀ ਨਾਲ ਕੋਈ ਸਰਵ ਪ੍ਰਵਾਨਿਤ ਰੇਟ ਤੈਅ ਹੋ ਜਾਏ। ਜੇਕਰ ਇਹ ਸੰਭਵ ਨਹੀਂ ਹੁੰਦਾ ਤਾਂ ਕਮਿਊਨਿਸਟਾਂ ਨੂੰ ਮਜ਼ਦੂਰਾਂ ਦੇ ਪੱਖ 'ਚ ਖੜਨਾ ਚਾਹੀਦਾ ਹੈ। ਮਜ਼ਦੂਰਾਂ ਨਾਲ ਖੜਦਿਆਂ ਕਮਿਊਨਿਸਟਾਂ ਨੂੰ ਮਜ਼ਦੂਰਾਂ ਨੂੰ ਇਸ ਗੱਲ ਲਈ ਰਾਜੀ ਕਰਨਾ ਚਾਹੀਦਾ ਹੈ ਕਿ ਲੈਂਡਲਾਰਡਾਂ ਅਤੇ ਧਨੀ ਕਿਸਾਨਾਂ ਕੋਲੋਂ ਵਧੇਰੇ ਰੇਟ ਦੀ ਮੰਗ ਕਰਨ ਅਤੇ ਛੋਟੇ ਕਿਸਾਨਾਂ ਤੋਂ ਘੱਟ ਰੇਟ ਦੀ। ਜੇਕਰ ਇਸ ਵਿੱਚ ਸਫ਼ਲਤਾ ਮਿਲ ਜਾਂਦੀ ਹੈ ਤਾਂ ਜਾਤ ਅਧਾਰਿਤ ਛੋਟੀ ਕਿਸਾਨੀ ਦਾ ਧਨਾਢਾਂ ਨਾਲ ਗਠਜੋੜ ਤੋੜਿਆ ਜਾ ਸਕਦਾ ਹੈ। ਇਸ ਨਾਲ ਮਜ਼ਦੂਰ-ਕਿਸਾਨ ਏਕਤਾ ਦੀ ਨੀਂਹ ਰੱਖੀ ਜਾ ਸਕਦੀ ਹੈ।

ਇਸਤੋਂ ਬਿਨਾਂ ਜਿਹੜੀਆਂ ਪੰਚਾਇਤਾਂ ਰੇਟ ਤੈਅ ਕਰਨ ਅਤੇ ਜੁਰਮਾਨੇ ਕਰਨ ਜਾਂ ਬਾਈਕਾਟ ਕਰਨ ਦੀਆਂ ਧਮਕੀਆਂ ਦੇ ਰਹੀਆਂ ਹਨ, ਉਹਨਾਂ ਵਿਰੁੱਧ ਕਾਰਵਾਈ ਲਈ ਸੰਘਰਸ਼ੀ ਦਬਾਅ ਬਣਾਉਣਾ ਚਾਹੀਦਾ ਹੈ ਅਤੇ ਕਾਨੂੰਨੀ ਚਾਰਾਜੋਈ ਕਰਨੀ ਚਾਹੀਦੀ ਹੈ। ਇਸ ਮਾਮਲੇ ਵਿੱਚ ਸਰਕਾਰ ਦੀ ਬੇਹਰਕਤੀ ਅਤੇ ਭਾਈ ਲਾਲੋਆਂ ਵਿਰੁੱਧ ਗੁਰਦੁਆਰਿਆਂ ਦੀ ਵਰਤੋਂ ਅਖੌਤੀ ਸਿੱਖ ਲੀਡਰਸ਼ਿਪ ਦੇ ਜਗੀਰੂ ਅਤੇ ਮਜ਼ਦੂਰ ਵਿਰੋਧੀ ਕਿਰਦਾਰ ਨੂੰ ਨੰਗਿਆਂ ਕਰਨਾ ਚਾਹੀਦਾ ਹੈ।

ਇੱਕ ਕਾਲੇ ਅਮਰੀਕੀ ਨੂੰ ਇੱਕ ਗੋਰੇ ਪੁਲੀਸ ਅਫਸਰ ਨੇ ਗੋਡਿਆਂ ਹੇਠ ਦੇ ਕੇ ਮਾਰ ਦਿੱਤਾ। ਉਸਦਾ ਨਾਮ ਜਾਰਜ ਫਲੌਇਡ ਸੀ। ਉਹ ਚਿਲਾਉਂਦਾ ਰਿਹਾ ਕਿ ਮੈਨੂੰ ਸਾਹ ਨਹੀਂ ਆ ਰਿਹਾ, ਕਿਰਪਾ ਕਰਕੇ ਮੈਨੂੰ ਛੱਡ ਦੇਹ। ਪਰ ਗੋਰੇ ਪੁਲੀਸ ਅਫਸਰ ਨੇ ਇੱਕ ਨਹੀਂ ਸੁਣੀ ਤੇ ਫਲੌਇਡ ਦਾ ਸਾਹ ਘੁੱਟਦਾ ਰਿਹਾ ਅਤੇ ਸਾਹ ਘੁੱਟਣ ਨਾਲ ਉਸਦੀ ਮੌਤ ਹੋ ਗਈ। ਇਸਦੇ ਵਿਰੋਧ ਵਿੱਚ ਸਿਰਫ ਕਾਲੇ ਅਮਰੀਕੀ ਹੀ ਨਹੀਂ ਹੋਰ ਘੱਟ ਗਿਣਤੀਆਂ ਅਤੇ ਗੋਰੇ ਵੀ ਸ਼ਾਮਿਲ ਹਨ। ਪੁਲੀਸ ਤਸ਼ੱਦਦ ਨਾਲ ਹੁਣ ਤੱਕ 8 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 4 ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਪਰ ਇਸ ਜਬਰ ਅਤੇ ਫੌਜ ਬੁਲਾਉਣ ਦੀਆਂ ਧਮਕੀਆਂ ਅਤੇ ਕਰਫਿਊ ਦੇ ਬਾਵਜੂਦ ਅੰਦੋਲਨ ਅੱਗੇ ਵਧਦਾ ਜਾ ਰਿਹਾ ਹੈ।

ਜਾਰਜ ਫਲੌਇਡ ਤਾਂ ਇੱਕ ਮਰਿਆ ਸੀ, ਪਰ ਇਸ ਅੰਦੋਲਨ ਦੌਰਾਨ ਪੁਲੀਸ ਜਬਰ ਨਾਲ ਅੱਠ ਮੌਤਾਂ ਹੋ ਚੁੱਕੀਆਂ ਹਨ। ਸਪੱਸ਼ਟ ਹੈ ਕਿ ਸਵਾਲ ਇੱਕ ਬੰਦੇ ਦੀ ਜਾਨ ਦਾ ਨਹੀਂ, ਅਸਲ ਵਿੱਚ ਇਹ ਅੰਦੋਲਨ ਅਮਰੀਕਾ ਦੇ ਸਿਆਸੀ-ਸਮਾਜਿਕ ਢਾਂਚੇ ਦੇ ਜੀਨ 'ਚ ਸਥਾਪਿਤ ਨਸਲਵਾਦ ਵਿਰੁੱਧ ਹੈ। ਇਹ ਨਸਲਵਾਦ ਸਿਰਫ ਕੁੱਝ ਵਿਅਕਤੀਆਂ ਜਾਂ ਧੁਰ ਸੱਜੇ ਦੀ ਫਾਸ਼ੀਵਾਦੀ ਜੱਥੇਬੰਦੀ ਤੱਕ ਸੀਮਿਤ ਨਹੀਂ, ਬਲਕਿ ਸਮੁੱਚੇ ਢਾਂਚੇ ਵਿੱਚ ਰਚਿਆ/ਵਸਿਆ ਹੈ। ਦਰਅਸਲ ਟਰੰਪ ਜਿਹੇ ਦਕਿਆਨੂਸੀ ਦਾ ਰਾਸ਼ਟਰਪਤੀ ਬਣਨਾ ਇਸ ਨਸਲਵਾਦੀ ਮਾਨਸਿਕਤਾ ਦਾ ਸਿੱਟਾ ਹੈ। ਗੈਰ ਗੋਰੇ ਲੋਕਾਂ 'ਚੋਂ ਡੋਨਾਲਡ ਟਰੰਪ ਨੂੰ ਬਹੁਤ ਘੱਟ ਵੋਟਾਂ ਮਿਲੀਆਂ ਸਨ। ਟਰੰਪ ਗੋਰਿਆਂ ਅਤੇ ਖਾਸ ਕਰਕੇ ਗੋਰੇ ਕਾਮਿਆਂ ਦੀਆਂ ਵੋਟਾਂ ਨਾਲ ਜਿੱਤਿਆ ਹੈ। ਜਾਰਜ ਫਲੌਇਡ ਦੀ ਮੌਤ ਅਤੇ ਉਸਤੋਂ ਬਾਅਦ ਘਟਨਾਕ੍ਰਮ ਨੇ ਸਾਬਿਤ ਕੀਤਾ ਹੈ ਕਿ ਅਮਰੀਕੀ ਸਟੇਟ ਅਤੇ ਖਾਸ ਤੌਰ 'ਤੇ ਇਸਦੇ ਮੁਖ ਟਰੰਪ ਦਾ ਵਤੀਰਾ ਨਸਲਵਾਦੀ ਹੈ। ਪਰ ਇਹ ਅੰਦੋਲਨ ਸਿਰਫ ਨਸਲਵਾਦ ਵਿਰੁੱਧ ਹੀ ਨਹੀਂ ਹੈ। ਵਿਸ਼ਵੀਕਰਨ, ਉਦਾਰੀਕਰਨ ਦੀਆਂ ਨੀਤੀਆਂ ਤੋਂ ਬਾਅਦ ਖਾਸ ਤੌਰ 'ਤੇ, ਅਮਰੀਕਾ ਵਿੱਚ ਗਰੀਬ ਅਤੇ ਅਮੀਰ ਵਿਚਕਾਰ ਪਾੜਾ ਵਧਿਆ ਹੈ। ਅਮਰੀਕਾ ਦੀ ਅੱਧਿਉਂ ਵੱਧ ਦੌਲਤ ਇੱਕ ਪ੍ਰਤੀਸ਼ਤ ਸੁਪਰ ਅਮੀਰਾਂ ਕੋਲ ਹੈ। ਨਾ ਕੇਵਲ ਕਿਰਤੀ ਲੋਕ ਹੋਰ ਗਰੀਬ ਹੋਏ ਹਨ ਬਲਕਿ ਇਸ ਮਹਾਂਸ਼ਕਤੀ ਅੰਦਰ ਬੇਘਰਿਆਂ ਅਤੇ ਮੰਗਤਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। 2008 ਵਿੱਚ ਅਮਰੀਕਾ ਵਿੱਚ ਆਏ ਸਬ-ਪਰਾਈਮ ਸੰਕਟ ਦੇ ਮੰਦਵਾੜੇ ਨੇ ਅਮਰੀਕੀ ਆਰਥਿਕਤਾ, ਖਾਸ ਕਰਕੇ ਬੈਂਕਿੰਗ ਸੈਕਟਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਸਦਾ ਜ਼ਿਆਦਾ ਬੋਝ ਅਮਰੀਕਾ ਦੇ ਕਿਰਤੀਆਂ ਅਤੇ ਨਿਮਨ ਮੱਧਵਰਗ 'ਤੇ ਪਿਆ। ਇਸ ਨਾਲ ਅਮਰੀਕਾ ਵਿੱਚ ਸਰਮਾਏ ਦੇ ਕੇਂਦਰੀਕਰਨ ਦਾ ਅਮਲ ਤੇਜ਼ ਹੋਇਆ। ਛੋਟੇ ਪੂੰਜੀਪਤੀ ਮੈਦਾਨੋ ਬਾਹਰ ਹੋ ਗਏ ਅਤੇ ਕੁੱਝ ਵੱਡਿਆਂ ਦਾ ਆਕਾਰ ਫੈਲ ਗਿਆ। ਇਸ ਅਮਲ ਦੇ ਨਾਲ ਲੋਕਾਂ ਦੇ ਮਨਾਂ ਵਿੱਚ ਗੁੱਸਾ ਭਰਿਆ ਜਾ ਰਿਹਾ ਸੀ ਜੋ ਹੁਣ ਇਸ ਘਟਨਾ ਨਾਲ ਫੁੱਟ ਪਿਆ ਹੈ। ਇਸਤੋਂ ਬਿਨਾਂ ਦੋਹਾਂ ਤੋਂ ਘੱਟ ਪਰ ਤੀਸਰਾ ਕਾਰਨ ਹੈ, ਕਰੋਨਾ ਮਹਾਂਮਾਰੀ ਅਤੇ ਇਸ ਪ੍ਰਤੀ ਟਰੰਪ ਪ੍ਰਸਾਸ਼ਨ ਦਾ ਰਵੱਈਆ। ਟਰੰਪ ਨੇ ਕਰੋਨਾ ਮਹਾਂਮਾਰੀ ਨੂੰ ਸਮਝਣ ਅਤੇ ਸੰਭਾਲਣ ਵਿੱਚ ਆਪਣੀ ਘੋਰ ਅਸਮਰੱਥਾ ਦਾ ਮੁਜਾਹਰਾ ਕੀਤਾ। ਫਰਵਰੀ ਤੱਕ ਟਰੰਪ ਕੋਵਿਡ-19 ਨਾਲ ਨਜਿੱਠਣ ਵਿੱਚ ਚੀਨ ਅਤੇ ਸੰਸਾਰ ਵਪਾਰ ਸੰਗਠਨ ਦੀਆਂ ਤਾਰੀਫਾਂ ਦੇ ਪੁਲ ਬੰਨਦਾ ਰਿਹਾ। ਫਰਵਰੀ ਵਿੱਚ ਹੀ ਟਰੰਪ ਨੇ ਬਿਆਨ ਦਿੱਤਾ ਕਿ ਕੋਵਿਡ-19 ਮਾਨਵ ਤੋਂ ਮਾਨਵ ਤੱਕ ਨਹੀਂ ਫੈਲਦਾ। ਇਸ ਲਈ ਮੋਦੀ ਵਾਂਗ ਹੀ ਟਰੰਪ ਨੇ ਵੀ ਮਾਰਚ ਤੱਕ ਕੌਮਾਂਤਰੀ ਉਡਾਣਾਂ ਨੂੰ ਖੁੱਲ ਦੇਈ ਰੱਖੀ। ਪਰ ਜਦੋਂ ਇਹ ਅਮਰੀਕਾ ਵਿੱਚ ਫੈਲ ਗਿਆ ਤਾਂ ਇਸਨੂੰ ਨਜਿੱਠਣ ਦੀ ਥਾਂ ਚੀਨ ਅਤੇ ਸੰਸਾਰ ਸਿਹਤ ਸੰਗਠਨ ਵਿਰੁੱਧ ਪ੍ਰਚਾਰ ਨੂੰ ਕਰੋਨਾ ਦਾ ਇਲਾਜ ਬਣਾ ਲਿਆ ਅਤੇ ਮੰਨ ਲਿਆ ਕਿ ਇਸ ਬੀਮਾਰੀ ਨਾਲ 2 ਤੋਂ 2.5 ਲੱਖ ਤੱਕ ਅਮਰੀਕੀ ਮਰਨਗੇ। ਟਰੰਪ ਦੇ ਇਸ ਗੈਰ-ਮਾਨਵੀ ਬਿਆਨ ਨੇ ਲੋਕਾਂ ਨੂੰ ਗੁੱਸਾ ਦੁਆਇਆ। ਟਰੰਪ ਨੇ ਚੀਨ ਦੇ ਤਜਰਬੇ ਤੋਂ ਸਿੱਖਣ ਤੋਂ ਇਨਕਾਰ ਕਰ ਦਿੱਤਾ। ਚੀਨ ਨੇ ਹੋਰ ਕਦਮਾਂ ਦੇ ਨਾਲ ਨਾਲ ਪਹਿਲਾ ਕਦਮ ਚੁੱਕਿਆ ਸੀ ਕਿ ਵੁਹਾਨ 'ਚ ਲੌਕਡਾਊਨ ਸਖਤੀ ਨਾਲ ਲਾਗੂ ਕੀਤਾ, ਪਰ ਟਰੰਪ ਨੇ ਲੌਕਡਾਊਨ ਲਾਉਣ ਤੋਂ ਇਨਕਾਰ ਕਰ ਦਿੱਤਾ। ਉਸਨੇ ਬਿਨਾਂ ਕਿਸੇ ਵਿਗਿਆਨਕ ਆਧਾਰ ਅਤੇ ਅਧਿਐਨ ਦੇ ਭਾਰਤ ਦੀ ਬਾਂਹ ਮਰੋੜ ਕੇ ਕੁਲੋਰੋਕੁਈਨ ਮੰਗਵਾਈ ਪਰ ਬਾਅਦ ਵਿੱਚ ਸਾਹਮਣੇ ਆਇਆ ਕਿ ਜਿਹਨਾਂ ਨੂੰ ਇਹ ਦਵਾਈ ਦਿੱਤੀ ਗਈ, ਉਹਨਾਂ ਵਿੱਚ ਮੌਤ ਦਰ ਬਾਕੀਆਂ ਦੇ ਮੁਕਾਬਲੇ ਵਧੇਰੇ ਸੀ। ਉਸਨੇ ਕੀਟਨਾਸ਼ਕ ਅਤੇ ਡਿਸਇਨਫੈਕਟੈਂਟ ਪੀਣ ਅਤੇ ਟੀਕੇ ਲਾਉਣ ਦੀ ਮੂਰਖਾਨਾ ਸਲਾਹ ਦੇ ਮਾਰੀ। ਇਸਤੋਂ ਵੀ ਟਰੰਪ ਪ੍ਰਸਾਸ਼ਨ ਵਿਰੁੱਧ ਗੁੱਸਾ ਸੀ, ਹੁਣ ਉਹ ਵੀ ਫੁੱਟ ਪਿਆ ਹੈ।

ਪਰ ਟਰੰਪ ਇਸਨੂੰ ਆਪਣੇ ਲਈ ਫਾਇਦੇਮੰਦ ਮੰਨਦਾ

ਹੈ। ਉਸਦਾ ਮੰਨਣਾ ਹੈ ਕਿ ਇਸ ਨਾਲ ਗੋਰਿਆਂ ਅਤੇ ਗੈਰ-ਗੋਰਿਆਂ ਵਿਚਕਾਰ ਧਰੁਵੀਕਰਨ ਹੋ ਜਾਵੇਗਾ, ਗੋਰਿਆਂ ਦੀਆਂ ਸਾਰੀਆਂ ਵੋਟਾਂ ਉਸਦੀ ਝੋਲੀ ਵਿੱਚ ਪੈ ਜਾਣਗੀਆਂ ਤੇ ਉਹ ਦੋਬਾਰਾ ਰਾਸ਼ਟਰਪਤੀ ਬਣ ਜਾਵੇਗਾ। ਉਸਦੀ ਉਹੀ ਨੀਤੀ ਹੈ ਜੋ ਸੰਘ ਅਤੇ ਮੋਦੀ ਦੀ ਭਾਰਤ ਵਿੱਚ ਹੈ।

ਇਹ ਅੰਦੋਲਨ ਨਾ ਤਾਂ ਨਿਰੋਲ ਆਪ-ਮੁਹਾਰਾ ਹੈ ਅਤੇ ਨਾ ਹੀ ਸਿਰਫ ਜੱਥੇਬੰਦ ਹੈ। ਜਿਹੜੇ ਵਿਰਲੇ ਟਾਵੇਂ ਲੁੱਟ ਦੇ ਦ੍ਰਿਸ਼ ਜੋ ਬਿਜਲਈ ਮੀਡੀਆ, ਖਾਸ ਤੌਰ 'ਤੇ ਭਾਰਤ ਦੇ ਬਿਜਲਈ ਮੀਡੀਆ ਵਿੱਚ ਦਿਖਾਏ ਜਾ ਰਹੇ ਹਨ, ਉਸ ਹਿੱਸੇ ਵਿਚਲੇ ਗਿਣੇ-ਚੁਣੇ ਅੰਸਰਾਂ ਦੇ ਹਨ ਜੋ ਆਪ-ਮੁਹਾਰੇ ਇਸ ਰੋਹ-ਫੁਟਾਰੇ ਵਿੱਚ ਸ਼ਾਮਿਲ ਹੋ ਗਏ। ਇਸਦਾ ਕੋਰ ਹਿੱਸਾ ਜੋ ਹਿੰਸਾ ਤੇ ਲੁੱਟਮਾਰ ਨਾ ਕਰਨ ਤੇ ਅੰਦੋਲਨ ਅੱਗੇ ਵਧਾਉਣ ਦੀਆਂ ਅਪੀਲਾਂ ਕਰ ਰਿਹਾ ਹੈ, ਉਹ ਇਸਦਾ ਜੱਥੇਬੰਦ ਹਿੱਸਾ ਹੈ। ਇਸਦੀ ਅਗਵਾਈ ਐਂਟੀਫਾ ਨਾਮ ਦੀ ਜੱਥੇਬੰਦੀ ਕਰ ਰਹੀ ਹੈ। ਇਸੇ ਬਾਰੇ ਟਰੰਪ ਨੇ ਕਿਹਾ ਕਿ ਉਹ ਐਂਟੀਫਾ ਨੂੰ ਦਹਿਸ਼ਤਗਰਦ ਜੱਥੇਬੰਦੀ ਵਜੋਂ ਸੂਚੀਦਰਜ ਕਰੇਗਾ ਅਤੇ ਇਸਤੇ ਪਾਬੰਦੀ ਲਗਾ ਦੇਵੇਗਾ। ਭਾਰਤ ਵਿੱਚ ਐਂਟੀਫਾ ਬਾਰੇ ਬਹੁਤ ਘੱਟ ਲੋਕ ਜਾਣਦੇ ਹੋਣਗੇ। ਕੀ ਹੈ ਇਹ ਐਂਟੀਫਾ ?

ਇਹ ਐਂਟੀਫਾ ਸਹੀ ਅਰਥਾਂ ਵਿੱਚ ਇੱਕ ਜੱਥੇਬੰਦੀ ਨਹੀਂ ਅਤੇ ਨਾ ਹੀ ਇਸਦਾ ਰਸਮੀ ਰੂਪ 'ਚ ਕੋਈ ਜੱਥੇਬੰਦਕ ਢਾਂਚਾ ਹੈ। ਇਹ ਕਈ ਭਾਂਤਾਂ ਦੀਆਂ ਸ਼ਕਤੀਆਂ ਅਤੇ ਲਹਿਰਾਂ ਦਾ ਇੱਕ ਢਿੱਲਾ-ਢਾਲਾ ਗਠਜੋੜ ਹੈ। ਇਹ ਸਿਰਫ ਅਮਰੀਕਾ ਵਿੱਚ ਹੀ ਨਹੀਂ ਬਲਕਿ ਯੂਰਪ ਦੇ ਲਗਭਗ ਸਾਰੇ ਦੇਸ਼ਾਂ ਵਿੱਚ ਸਰਗਰਮ ਹੈ। ਬਹੁਤੇ ਲੋਕ ਇਸਨੂੰ 1932 ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਵੱਲੋਂ ਭਾਂਤ-ਸੁਭਾਂਤੀਆਂ ਸ਼ਕਤੀਆਂ ਦੇ ਫਾਸ਼ੀਵਾਦ ਵਿਰੁੱਧ ਗਠਜੋੜ, ਜਿਸਦਾ ਨਾਮ ਫਾਸ਼ੀਵਾਦ ਵਿਰੁੱਧ ਐਕਸ਼ਨ (Anti Fascist Action) ਰੱਖਿਆ ਸੀ, ਨਾਲ ਜੋੜ ਕੇ ਦੇਖਦੇ ਹਨ। ਐਂਟੀ ਫਾਸਿਸਟ ਦਾ ਹੀ ਛੋਟਾ ਨਾਮ ਐਂਟੀਫਾ ਹੈ। ਇਸਦਾ ਜਨਮ ਪੱਛਮ ਵਿੱਚ ਸੱਜੇ ਪੱਖੀ ਫਾਸ਼ੀਵਾਦੀ ਤਾਕਤਾਂ ਦੇ ਉਭਾਰ ਨਾਲ ਜੁੜਿਆ ਹੋਇਆ ਹੈ। ਇਹ ਉਹ ਰੈਡੀਕਲ ਲੋਕ ਹਨ ਜੋ ਲਿਬਰਲ ਹਾਕਮ ਜਮਾਤ ਪਾਰਟੀਆਂ ਦੇ ਫਾਸ਼ੀਵਾਦ ਦੇ ਉਭਾਰ ਪ੍ਰਤੀ ਰਵੱਈਏ ਤੋਂ ਨਿਰਾਸ਼ ਅਤੇ ਦੁਖੀ ਹਨ। ਇਸ ਵਿੱਚ ਹੋਰਨਾਂ ਤੋਂ ਬਿਨਾਂ ਟੁੱਟੇ ਭੱਜੇ ਮਾਰਕਸਵਾਦੀ-ਲੈਨਿਨਵਾਦੀ, ਖਿੰਡੇ-ਪੁੰਡੇ ਟਰਾਟਸਕੀ ਭਗਤ ਅਤੇ ਅਰਾਜਕਤਾਵਾਦੀ ਵੀ ਸ਼ਾਮਿਲ ਹਨ। ਅਮਰੀਕਾ ਵਿੱਚ ਮੁੱਖ ਦੋ ਲਹਿਰਾਂ, ਵਾਲ ਸਟਰੀਟ ਘੇਰੋ (Occupy Wall Street) ਅਤੇ ਕਾਲਿਆਂ ਦੀਆਂ ਜਾਨਾਂ ਵੀ ਕੀਮਤੀ ਨੇ (Black Lives Matters) 'ਚੋਂ ਆਏ ਲੋਕ ਸ਼ਾਮਿਲ ਹਨ। ਹੋਰ ਵੀ ਕੁਝ ਸਥਾਨਕ ਅਤੇ ਛੋਟੀਆਂ ਲਹਿਰਾਂ ਦੇ ਕਾਰਕੁੰਨ ਵੀ ਸ਼ਾਮਿਲ ਹਨ। ਬਾਬ ਅਵੇਕੀਅਨ ਦੇ ਪੈਰੋਕਾਰ ਅਤੇ ਕੁਝ ਹੋਰ ਰੈਡੀਕਲ ਖੱਬੇ ਵੀ ਇਹਨਾਂ ਵਿੱਚ ਦਿਖਾਈ ਦਿੰਦੇ ਹਨ।

ਐਂਟੀਫਾ ਫਾਸ਼ੀਵਾਦ ਦਾ ਜ਼ੁਬਾਨੀ ਵਿਰੋਧ ਅਤੇ ਫਾਸ਼ੀਵਾਦ ਵਿਰੁੱਧ ਪ੍ਰਚਾਰ ਨੂੰ ਆਪਣੀ ਸੀਮਾ ਨਹੀਂ ਮੰਨਦੀ, ਇਹ ਫਾਸ਼ੀ ਗਿਰੋਹਾਂ ਨੂੰ ਸੜਕਾਂ 'ਤੇ ਸਿੱਧੇ ਟੱਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ। ਅਮਰੀਕਾ ਵਿੱਚ ਇਹ ਸੁਰਖੀਆਂ ਵਿੱਚ ਉਦੋਂ ਆਈ ਜਦੋਂ ਫਾਸ਼ੀ ਠੱਗਾਂ ਦੇ ਮੁਜ਼ਾਹਰੇ ਦੇ ਮੁਕਾਬਲੇ ਇਸਨੇ ਮੁਜ਼ਾਹਰਾ ਕੀਤਾ। ਦੋਵਾਂ ਧਿਰਾਂ ਵਿੱਚ ਟਕਰਾਅ ਹੋਇਆ ਅਤੇ ਜੰਮ ਕੇ ਲੜਾਈ ਹੋਈ। ਦੋਵਾਂ ਧਿਰਾਂ ਦੇ ਬੰਦੇ ਫੱਟੜ ਹੋਏ। ਇਹ ਲੋਕ ਸਮਝਦੇ ਹਨ ਕਿ ਵਾਲ ਸਟਰੀਟ ਘੇਰੋ ਅਤੇ ਕਾਲਿਆਂ ਦੀਆਂ ਜਾਨਾਂ ਦੀ ਵੀ ਕੀਮਤ ਹੈ, ਖਤਮ ਹੋ ਚੁੱਕੀਆਂ ਹਨ। ਪਰ ਇਸ ਟਕਰਾਅ ਨੇ ਇਹਨਾਂ ਨੂੰ ਨਵੇਂ ਰੂਪ ਵਿੱਚ, ਐਂਟੀਫਾ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ। ਟਰੰਪ ਦੀ ਜਿੱਤ 'ਤੇ ਰਾਸ਼ਟਰਪਤੀ ਬਣਨ 'ਤੇ ਨਸਲੀ ਫਾਸ਼ੀਵਾਦੀਆਂ ਦਾ ਉਤਸ਼ਾਹ ਵਧਿਆ ਅਤੇ ਉਨਾਂ ਨੇ ਉੱਗਰ ਰੂਪ ਵਿੱਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਉਸਦੇ ਮੁਕਾਬਲੇ ਲਈ ਐਂਟੀਫਾ ਉੱਤਰੀ ਅਤੇ ਪੂਰੇ ਅਮਰੀਕਾ ਵਿੱਚ ਚਰਚਾ ਦਾ ਵਿਸ਼ਾ ਬਣੀ। ਹੁਣ ਇਹ ਅਮਰੀਕਾ ਦੇ ਬਹੁਤੇ ਸੂਬਿਆਂ ਵਿੱਚ ਫੈਲ ਚੁੱਕੀ ਹੈ। ਡੋਨਾਲਡ ਟਰੰਪ ਇਸਨੂੰ ਖੱਬੇਪੱਖੀ ਅੱਤਵਾਦੀ ਜੱਥੇਬੰਦੀ ਕਹਿੰਦਾ ਹੈ। ਪਹਿਲੀ ਵਾਰ ਨਹੀਂ ਕਿ ਟਰੰਪ ਨੇ ਇਸਤੇ ਪਾਬੰਦੀ ਲਾਉਣ ਦੀ ਧਮਕੀ ਦਿੱਤੀ। ਉਹ ਪਹਿਲਾਂ ਵੀ ਕਈ ਵਾਰ ਅਜਿਹੀ ਬਿਆਨਬਾਜੀ ਕਰ ਚੁੱਕਿਆ ਹੈ। ਕੁੱਲ ਮਿਲਾ ਕੇ ਐਂਟੀਫਾ ਇੱਕ ਰੈਡੀਕਲ ਜੱਥੇਬੰਦੀ ਹੈ। ਇਸ ਵਿੱਚ ਸਾਰੇ ਖੱਬੇਪੱਖੀ ਹੀ ਹੋਣ, ਅਜਿਹਾ ਸ਼ਾਇਦ ਨਹੀਂ ਹੈ।

ਅਮਰੀਕਾ ਅੰਦਰਲੇ ਇਸ ਘਟਨਾਕ੍ਰਮ ਅਤੇ ਜਨ-ਉਭਾਰ ਦਾ ਮਹੱਤਵ ਕੇਵਲ ਅਮਰੀਕਾ ਤੱਕ ਹੀ ਸੀਮਤ ਨਹੀਂ ਬਲਕਿ ਸਾਰੇ ਪੱਛਮੀ ਸਾਮਰਾਜੀ ਮੁਲਕਾਂ ਲਈ ਹੈ। ਵਿਸ਼ਵੀਕਰਨ, ਉਦਾਰੀਕਰਨ ਤੋਂ ਬਾਅਦ, 21ਵੀਂ ਸਦੀ ਦੇ ਆਰੰਭ ਵਿੱਚ ਅਤੇ ਖਾਸ ਕਰਕੇ 2007-08 ਦੇ ਸੰਕਟ ਤੋਂ ਬਾਅਦ ਪੱਛਮੀ ਮੁਲਕਾਂ ਦੇ ਲੋਕ ਵੱਡੀ ਪੱਧਰ 'ਤੇ ਆਪਣੇ ਹਾਕਮਾਂ ਵਿਰੁੱਧ ਮੈਦਾਨ 'ਚ ਆਏ। ਵਾਲ ਸਟਰੀਟ ਘੇਰੋ ਅੰਦੋਲਨ ਨੇ ਮਹੀਨਾ ਭਰ ਸ਼ੇਅਰ ਬਾਜ਼ਾਰ ਵਾਲੀ ਸੜਕ ਨੂੰ ਠੱਪ ਕਰ ਦਿੱਤਾ। ਫਰਾਂਸ ਵਿੱਚ ਇੱਕ ਪਾਸੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਦਾ ਸਾਂਝਾ ਅੰਦੋਲਨ ਲੰਮਾ ਚਿਰ ਚੱਲਿਆ।

ਦੂਜੇ ਪਾਸੇ ਫਰਾਂਸ ਦੇ ਕਿਸਾਨਾਂ ਨੇ ਆਪਣੇ ਟਰੈਕਟਰਾਂ ਸਮੇਤ ਮੁਜ਼ਾਹਰੇ ਕਰਕੇ ਪੈਰਿਸ ਸਮੇਤ ਫਰਾਂਸ ਦੇ ਬਹੁਤੇ ਸ਼ਹਿਰਾਂ ਨੂੰ ਜਾਮ ਕਰਕੇ ਰੱਖ ਦਿੱਤਾ। ਬਰਤਾਨੀਆ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਜ਼ਬਰਦਸਤ ਮੁਜ਼ਾਹਰੇ ਕੀਤੇ। ਇਟਲੀ ਦੇ ਬੰਦਰਗਾਹ ਸ਼ਹਿਰ ਵਿੱਚ ਇੱਕ ਮੁਜ਼ਾਹਰਾਕਾਰੀ ਪੁਲੀਸ ਗੋਲੀ ਦਾ ਸ਼ਿਕਾਰ ਹੋਇਆ। ਸਭ ਤੋਂ ਵਧੇਰੇ ਅਸਰਦਾਰ ਅੰਦੋਲਨ ਯੂਨਾਨ ਅਤੇ ਸਪੇਨ ਵਿੱਚ ਹੋਇਆ। ਯੂਨਾਨ ਵਿੱਚ ਅੰਦੋਲਨ ਦੀ ਅਗਵਾਈ ਸੀਰਿਜ਼ਾ ਨਾਮ ਥੱਲੇ ਵੱਖ-ਵੱਖ ਤਾਕਤਾਂ ਦਾ ਗਠਜੋੜ ਕਰ ਰਿਹਾ ਸੀ ਅਤੇ ਸਪੇਨ ਵਿੱਚ ਅਜਿਹਾ ਪੈਡਾਸੌਸ ਨਾਮ ਦਾ ਸੰਗਠਨ ਕਰ ਰਿਹਾ ਸੀ। ਇਸ ਅੰਦੋਲਨ ਨੇ ਇਹਨਾਂ ਜੱਥੇਬੰਦੀਆਂ ਨੂੰ ਚੋਣ ਜਿੱਤਾਂ ਵੀ ਦਿਲਵਾਈਆਂ। ਯੂਨਾਨ ਵਿੱਚ ਤਾਂ ਸੀਰਿਜ਼ਾ ਦੀ ਸਰਕਾਰ ਵੀ ਬਣ ਗਈ ਅਤੇ ਸਪੇਨ ਵਿੱਚ ਕਈ ਸ਼ਹਿਰਾਂ ਵਿੱਚ ਪੈਡਾਸੌਸ ਜੇਤੂ ਰਹੀ। ਪਰ ਜਦੋਂ ਸਰਕਾਰ ਚਲਾਉਣ ਦੀ ਵਾਰੀ ਆਈ ਤਾਂ ਸੀਰਿਜ਼ਾ ਕੋਲ ਕੋਈ ਬਦਲਵਾਂ ਪ੍ਰੋਗਰਾਮ ਨਹੀਂ ਸੀ। ਕਿਉਂਕਿ ਇਸਤੋਂ ਅੱਗੇ ਵਧਣ ਲਈ ਸਮਾਜਵਾਦ ਹੀ ਇੱਕ ਰਸਤਾ ਹੈ। ਪਰ ਸੀਰਿਜ਼ਾ ਨਾ ਤਾਂ ਇਸ ਲਈ ਤਿਆਰ ਸੀ ਅਤੇ ਨਾ ਹੀ ਸਮਾਜਵਾਦ ਵੱਲ ਵਧਣ ਵਾਲਾ ਸੰਗਠਨ ਸੀ। ਇਸ ਕਰਕੇ ਸਰਕਾਰ ਬਣਾ ਕੇ ਉਹੀ ਨੀਤੀਆਂ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਵਿਰੁੱਧ ਲੜ ਕੇ ਸਰਕਾਰ ਬਣਾਈ ਸੀ। ਇਸ ਨਾਲ ਨਾ ਸਿਰਫ ਯੂਨਾਨੀ ਲੋਕਾਂ ਦਾ ਮੋਹ ਭੰਗ ਹੋਇਆ ਬਲਕਿ ਸਾਰੇ ਦੇਸ਼ਾਂ ਵਿੱਚ ਇਸਦਾ ਅਸਰ ਹੋਇਆ। ਲੋਕ ਹਾਕਮ ਜਮਾਤ ਪਾਰਟੀਆਂ ਅੰਦਰਲੇ ਹੀ ਕੁੱਝ ਖੱਬੀ ਲੱਫਾਜੀ ਕਰਨ ਵਾਲੇ ਸਿਆਸਤਦਾਨਾਂ ਵੱਲ ਦੇਖਣ ਲੱਗੇ। ਬਰਤਾਨੀਆ ਵਿੱਚ ਜੈਰਮੀ ਕੌਰਬਿਨ ਅਤੇ ਅਮਰੀਕਾ ਵਿੱਚ ਬਰਨੀ ਸੈਂਡਰਜ਼ ਅਜਿਹੇ ਲੱਫਾਜ਼ ਸਿਆਸਤਦਾਨਾਂ ਵਜੋਂ ਉੱਭਰੇ। ਪਰ ਛੇਤੀ ਹੀ ਲੋਕਾਂ ਦਾ ਇਨਾਂ ਤੋਂ ਵੀ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ। ਤਾਜ਼ਾ ਉਦਾਹਰਨ ਵਜੋਂ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੇਟਿਕ ਪਾਰਟੀ ਦੀਆਂ ਮੁਢਲੀਆਂ ਨਾਮਜਦਗੀਆਂ ਵਿੱਚ ਬਰਨੀ ਸੈਂਡਰਜ਼ ਦੇ ਬਿਡਨੇ ਦੇ ਹੱਕ ਵਿੱਚ ਬੈਠ ਜਾਣ ਨਾਲ ਇਹ ਸਪੱਸ਼ਟ ਹੋ ਗਿਆ ਕਿ ਇਹਨਾਂ ਲੱਫਾਜ ਸਿਆਸਤਦਾਨਾਂ ਦਾ ਮਕਸਦ ਕੋਈ ਨੀਤੀਆਂ ਦਾ ਬਦਲ ਪੇਸ਼ ਕਰਨਾ ਨਹੀਂ ਬਲਕਿ ਲੋਕਾਂ ਦੇ ਗੁੱਸੇ ਨੂੰ ਠੰਢਾ ਕਰਕੇ ਹਾਕਮ ਜਮਾਤਾਂ ਨਾਲ ਜੋੜੀ ਰੱਖਣਾ ਹੈ।

ਅਮਰੀਕਾ ਵਿੱਚ 'ਮੈਨੂੰ ਸਾਹ ਨਹੀਂ ਆ ਰਿਹਾ' ਨਾਮ ਦਾ ਅੰਦੋਲਨ ਪੱਛਮੀ ਸਾਮਰਾਜੀ ਮੁਲਕਾਂ ਵਿੱਚ ਸਿਆਸਤ ਦੇ ਇੱਕ ਵੱਖਰੇ ਦੌਰ ਦਾ ਜੈਕਾਰਾ ਹੈ। ਇੱਕ ਵਾਰੀ ਫਿਰ ਲੋਕ ਇਹਨਾਂ ਲੱਫਾਜ ਸਿਆਸਤਦਾਨਾਂ ਦੇ ਭਰਮਜਾਲ ਵਿੱਚੋਂ ਨਿਕਲ ਇੱਕ ਵਾਰੀ ਫਿਰ ਸੜਕਾਂ 'ਤੇ ਆ ਰਹੇ ਹਨ। ਫਰਾਂਸ ਵਿੱਚ ਇੱਕ ਲੰਮੀ ਤੇ ਲਮਕਵੀਂ ਹੜਤਾਲ ਹੋਈ। ਪੁਲੀਸ ਨਾਲ ਟਕਰਾਅ ਹੋਏ। ਉਸ ਨੇ ਵੀ ਪੂਰੇ ਸੰਸਾਰ ਦਾ ਧਿਆਨ ਖਿੱਚਿਆ ਸੀ। ਜਰਮਨੀ ਦੇ ਲੋਕ ਵੀ ਸੜਕਾਂ 'ਤੇ ਆ ਰਹੇ ਸਨ ਅਤੇ ਹੁਣ ਇਹੀ ਵਰਤਾਰਾ ਅਮਰੀਕਾ 'ਚ ਵਾਪਰ ਰਿਹਾ ਹੈ। ਇਹ ਵਰਤਾਰਾ ਸੁਆਗਤਯੋਗ ਹੈ। ਪਰ ਪੱਛਮੀ ਮੁਲਕਾਂ ਦੇ ਇਸ ਜਨਉਭਾਰ ਦਾ ਤਾਂ ਹੀ ਸਾਰਥਿਕ ਸਿੱਟਾ ਨਿਕਲ ਸਕਦਾ ਜੇ ਇਸ ਕੋਲ ਸਮਾਜਵਾਦ ਦੀ ਉਸਾਰੀ ਦਾ ਸਪੱਸ਼ਟ ਪ੍ਰੋਗਰਾਮ ਹੋਵੇ, ਨਹੀਂ ਤਾਂ ਇਸਦਾ ਹਸ਼ਰ ਵੀ ਸੀਰਿਜ਼ਾ ਨਾਲੋਂ ਬਹੁਤਾ ਵੱਖਰਾ ਸ਼ਾਇਦ ਨਾ ਹੋਵੇ। ਪਰ ਉਸ ਲਈ ਜਰੂਰੀ ਹੈ ਕਿ ਲਹਿਰ ਦੀ ਅਗਵਾਈ ਲਈ ਖਰੀ ਇਨਕਲਾਬੀ ਕਮਿਊਨਿਸਟ ਲੀਡਰਸ਼ਿਪ ਉਭਰ ਕੇ ਸਾਹਮਣੇ ਆਵੇ। ਪਰ ਇਸਦੀ ਆਸ ਕਾਫੀ ਧੁੰਦਲੀ ਹੈ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਸਾਦਿਕ (ਫਰੀਦਕੋਟ) ਬਲਾਕ ਕਮੇਟੀ ਦੀ ਚੋਣ

ਕਿਰਤੀ ਕਿਸਾਨ ਯੂਨੀਅਨ ਨੇ ਸਾਦਿਕ ਇਲਾਕੇ 'ਚ ਜਥੇਬੰਦੀ ਨੂੰ ਮਜ਼ਬੂਤ ਕਰਦਿਆਂ ਤੇ ਸਾਰੇ ਇਲਾਕੇ 'ਚ ਜਥੇਬੰਦੀ ਦੇ ਵਿਸਥਾਰ ਲਈ ਇਲਾਕੇ 'ਚ ਬਣੀਆਂ ਇਕਾਈਆਂ ਦੀ ਮੀਟਿੰਗ ਕਰਕੇ ਸਾਦਿਕ ਬਲਾਕ ਕਮੇਟੀ ਦੀ ਚੋਣ ਕੀਤੀ। ਜਿਸ ਵਿੱਚ ਗੁਰਜੋਤ ਸਿੰਘ ਡੋਡ ਬਲਾਕ ਪ੍ਰਧਾਨ, ਜਸਕਰਨ ਸੰਗਰਾਹੂਰ ਮੀਤ ਪ੍ਰਧਾਨ, ਭੁਪਿੰਦਰ ਸਿੰਘ ਕਿੰਗਰਾ ਪ੍ਰੈਸ ਸਕੱਤਰ, ਜਗੀਰ ਸਿੰਘ ਗੁਰਦਾਸਪੁਰੀਆ ਸਕੱਤਰ, ਗੁਰਮੀਤ ਸੰਗਰਾਹੂਰ ਖਜ਼ਾਨਚੀ, ਕੇਵਲ ਸਿੰਘ ਤੇ ਬਲਵਿੰਦਰ ਸਿੰਘ ਕਮੇਟੀ ਮੈਂਬਰ ਚੁਣੇ ਗਏ।

ਚੋਣ ਮੌਕੇ ਸੂਬਾ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਜ਼ਿਲ੍ਹਾ ਪ੍ਰਧਾਨ ਸਰਬਜੀਤ ਅਜਿੱਤਗਿਲ, ਜ਼ਿਲ੍ਹਾ ਸਕੱਤਰ ਸਰਦੂਲ ਸਿੰਘ ਕਾਸਿਮ ਭੱਟੀ, ਇਕਬਾਲ ਬਿਸ਼ਨੰਦੀ ਤੇ ਸ਼ਿੰਦਰ ਸਿੰਘ ਹਰੀ ਨੌਂ ਹਾਜ਼ਿਰ ਸਨ। ਇਸ ਮੌਕੇ ਚੁਣੇ ਸਾਰੇ ਆਗੂਆਂ ਨੇ ਕਿਸਾਨ ਲਹਿਰ ਉਸਾਰਨ ਲਈ ਵਧ-ਚੜ ਕੇ ਯੋਗਦਾਨ ਪਾਉਣ ਦਾ ਵਿਸ਼ਵਾਸ਼ ਦਿਵਾਇਆ।

# ਟਰੰਪ, ਸੰਸਾਰ ਸਿਹਤ ਸੰਗਠਨ ਅਤੇ ਸਾਮਰਾਜੀ ਖਹਿ ਦੀ ਸਿਆਸਤ

ਨੋਵਲ ਕਰੋਨਾ ਵਾਇਰਸ ਮਹਾਂਮਾਰੀ ਦਰਮਿਆਨ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਸੰਸਾਰ ਸਿਹਤ ਸੰਗਠਨ (WHO) 'ਤੇ ਡਾਹਢਾ ਔਖਾ ਹੋਇਆ ਪਿਆ। ਉਸਦੀ ਔਖ ਖੁਲ ਕੇ ਉਦੋਂ ਸਾਹਮਣੇ ਆਈ ਜਦੋਂ ਉਸਨੇ 14 ਅਪ੍ਰੈਲ ਨੂੰ ਕਰੋਨਾ ਮਹਾਂਮਾਰੀ ਦੌਰਾਨ ਸੰਗਠਨ ਉੱਤੇ ਢਿੱਲੀ ਕਾਰਗੁਜਾਰੀ ਦਿਖਾਉਣ ਅਤੇ ਚੀਨ ਦੇ ਦਬਾਉ ਹੇਠ ਕੰਮ ਕਰਨ ਦੇ ਦੋਸ਼ ਮੜ੍ਹਦਿਆਂ ਇੱਕ ਬਿਆਨ ਜਾਰੀ ਕੀਤਾ। ਇਸ ਬਿਆਨ ਵਿੱਚ ਕਰੋਨਾ ਵਾਇਰਸ ਦੇ ਪੈਦਾ ਹੋਣ ਸਬੰਧੀ ਚੱਲ ਰਹੀ ਇੱਕ ਅਮਰੀਕਨ ਜਾਂਚ ਦਾ ਹਵਾਲਾ ਦਿੰਦਿਆਂ ਸੰਗਠਨ ਨੂੰ ਅਮਰੀਕਨ ਫੰਡਿੰਗ ਉੱਤੇ 60 ਤੋਂ 90 ਦਿਨਾਂ ਲਈ ਰੋਕ ਲਾ ਦਿੱਤੀ। ਉਸ ਮਗਰੋਂ ਟਰੰਪ ਲਗਾਤਾਰ ਸੰਗਠਨ ਨੂੰ ਨਿਸ਼ਾਨਾ ਬਣਾ ਕੇ ਬਿਆਨ ਜਾਰੀ ਕਰ ਰਿਹਾ ਹੈ। 18 ਮਈ ਨੂੰ ਉਸਨੇ ਸੰਗਠਨ ਨੂੰ ਅਮਰੀਕਾ ਦੀ ਫੰਡਿੰਗ ਸਥਾਈ ਤੌਰ 'ਤੇ ਬੰਦ ਕਰਨ ਦੀ ਧਮਕੀ ਦਿੱਤੀ। 29 ਮਈ ਨੂੰ ਉਸਨੇ ਫੰਡਿੰਗ ਬੰਦ ਕਰਨ ਦੀ ਯੋਜਨਾ ਦਾ ਖੁਲਾਸਾ ਕਰਨ ਦਾ ਬਿਆਨ ਦਾਗ਼ ਦਿੱਤਾ। ਹਾਲਾਂਕਿ ਦਿਲਚਸਪ ਗੱਲ ਤਾਂ ਇਹ ਹੈ ਕਿ ਸੰਸਾਰ ਸਿਹਤ ਸੰਗਠਨ ਨੂੰ ਮੁਲਾਂਕਣ ਹਿੱਸੇਦਾਰੀ (Assessed Contributions) ਤਹਿਤ ਆਪਣੇ ਹਿੱਸੇ ਦੀ 2020 ਦੀ ਅੱਧੀ ਰਕਮ ਉਹ 31 ਮਾਰਚ 2020 ਨੂੰ ਹੀ ਦੇ ਚੁੱਕਿਆ ਹੈ। ਹਿੰਦੀ 'ਚ ਇੱਕ ਅਖਾਣ ਮਸ਼ਹੂਰ ਹੈ ਕਿ 'ਜੋ ਗਰਜਤੇ ਹੈਂ ਵੋਹ ਬਰਸਤੇ ਨਹੀਂ' ਟਰੰਪ ਦਾ ਹਾਲ ਵੀ ਕੁਝ ਇਹੋ ਜਿਹਾ ਹੀ ਹੈ। ਉਹ ਸਵੇਰ ਵੇਲੇ ਕਿਸੇ ਨੂੰ ਧਮਕਾਊ ਬਿਆਨ ਦੇ ਕੇ ਆਥਣ ਨੂੰ ਉਸਦੇ ਐਨ ਉਲਟ ਸਮਝੌਤਾ ਕਰ ਲੈਣ ਵਾਲੇ ਵਿਅਕਤੀ ਵਜੋਂ ਮਸ਼ਹੂਰ ਹੈ। ਪਰ ਫਿਰ ਵੀ ਡੋਨਾਲਡ ਟਰੰਪ ਅਮਰੀਕਨ ਸਾਮਰਾਜੀ ਹਕੂਮਤ ਦਾ ਰਾਸ਼ਟਰਪਤੀ ਹੈ, ਉਸਦੀ ਸੰਸਾਰ ਸਿਹਤ ਸੰਗਠਨ ਵਿਰੁੱਧ ਕੀਤੀ ਜਾ ਰਹੀ ਬਿਆਨਬਾਜੀ ਦਾ ਕੋਈ ਕਾਰਨ ਤਾਂ ਜਰੂਰ ਹੈ। ਹੱਥਲੀ ਲਿਖਤ ਵਿੱਚ ਅਸੀਂ ਇਸ ਉੱਤੇ ਵਿਚਾਰ ਕਰਾਂਗੇ। ਪਰ ਉਸਤੋਂ ਪਹਿਲਾਂ ਸੰਸਾਰ ਸਿਹਤ ਸੰਗਠਨ ਬਾਰੇ, ਉਸਦੀ ਫੰਡਿੰਗ ਬਾਰੇ ਇੱਕ ਉਡਣੀ ਝਾਤ ਮਾਰਨਾ ਜਰੂਰੀ ਹੈ।

ਸੰਸਾਰ ਸਿਹਤ ਸੰਗਠਨ, ਯੂ.ਐਨ. ਦੀ ਇੱਕ ਵਿਸ਼ੇਸ਼ ਏਜੰਸੀ ਹੈ ਜੋ 7 ਅਪ੍ਰੈਲ 1948 ਨੂੰ ਹੋਂਦ ਵਿੱਚ ਆਈ ਸੀ। ਅੱਜ ਇਸਦੇ 194 ਮੈਂਬਰ ਦੇਸ਼ ਹਨ। ਇਸਦੇ ਸਭ ਤੋਂ ਉੱਚਤਮ ਫੈਸਲਾਕੁੰਨ ਅਦਾਰੇ ਸੰਸਾਰ ਸਿਹਤ ਅਸੈਂਬਲੀ 'ਚ ਇਨ੍ਹਾਂ ਮੈਂਬਰ ਦੇਸ਼ਾਂ ਤੋਂ ਇਲਾਵਾ ਕਈ ਦੇਸ਼ ਅਤੇ ਸੰਸਥਾਵਾਂ ਦਰਸ਼ਕ ਵਜੋਂ ਆਪਣੇ ਪ੍ਰਤੀਨਿਧ ਭੇਜ ਕੇ ਹਿੱਸਾ ਲੈਂਦੇ ਹਨ। ਇਸ ਸੰਸਥਾ ਦਾ ਉਦੇਸ਼ ਸੰਸਾਰ 'ਚ ਮਨੁੱਖੀ ਸਿਹਤ ਸੰਭਾਲ ਲਈ ਅੰਤਰਰਾਸ਼ਟਰੀ ਮਿਆਰ ਨਿਰਧਾਰਤ ਕਰਨੇ, ਸਿਹਤ ਅਤੇ ਬਿਮਾਰੀਆਂ ਸਬੰਧੀ ਡਾਟਾ ਇਕੱਤਰ ਕਰਨਾ, ਜਨਤਕ ਸਿਹਤ ਨੂੰ ਦਰਪੇਸ਼ ਖਤਰਿਆਂ ਦਾ ਨਿਰੀਖਣ ਕਰਕੇ ਦਿਸ਼ਾ ਨਿਰਦੇਸ਼ ਦੇਣਾ, ਸਿਹਤ ਐਮਰਜੈਂਸੀ ਵੇਲੇ ਸੰਸਾਰਕ ਸਹਿਯੋਗ ਕਰਵਾਉਣਾ ਅਤੇ ਗਰੀਬ ਤੇ ਪਛੜੇ ਦੇਸ਼ਾਂ ਨੂੰ ਤਕਨੀਕੀ ਸਹਾਇਤਾ ਮੁਹੱਈਆ ਕਰਵਾਉਣਾ ਆਦਿ ਹਨ। ਇਸ ਸੰਸਥਾ ਦਾ ਮੌਜੂਦਾ ਬਜਟ 4.2 ਅਰਬ ਡਾਲਰ ਸਾਲਾਨਾ ਹੈ ਅਤੇ ਸਿਹਤ ਐਮਰਜੈਂਸੀ ਦੀਆਂ ਹਾਲਤਾਂ ਵਿੱਚ ਇਹ ਬਜਟ ਵਧ ਕੇ ਲਗਭਗ 5 ਅਰਬ ਡਾਲਰ ਦਾ ਹੋ ਜਾਂਦਾ ਹੈ। ਹਾਲਾਂਕਿ ਬਜਟ ਦੀ ਇਸ ਰਕਮ ਦਾ ਪ੍ਰਬੰਧ ਕਰਨ ਲਈ ਸੰਗਠਨ ਦੇ ਵਿਧਾਨ ਵਿੱਚ ਮੁਲਾਂਕਣ ਹਿੱਸੇਦਾਰੀ ਅਤੇ ਵਲੰਟੀਅਰ ਫੰਡਿੰਗ ਦੀ ਵਿਵਸਥਾ ਕੀਤੀ ਗਈ ਹੈ ਜਿਸ ਤਹਿਤ ਮੈਂਬਰ ਦੇਸ਼ ਆਪਣੀ ਆਰਥਿਕ ਹੈਸੀਅਤ ਮੁਤਾਬਿਕ ਸੰਗਠਨ ਨੂੰ ਫੰਡਿੰਗ ਕਰਕੇ ਬਜਟ ਦਾ ਪ੍ਰਬੰਧ ਕਰਦੇ ਹਨ। ਪਰ ਹਕੀਕਤ ਵਿੱਚ ਸੰਸਾਰ ਸਿਹਤ ਸੰਗਠਨ ਆਪਣੇ ਬਜਟ ਲਈ ਸਾਮਰਾਜੀ ਅਤੇ ਵਿਕਸਤ ਦੇਸ਼ਾਂ, ਕਾਰਪੋਰੇਟ ਸੈਕਟਰ ਖਾਸ ਕਰਕੇ ਦਵਾਈ ਸਨਅਤ ਦੀ ਫੰਡਿੰਗ 'ਤੇ ਬਹੁਤਾ ਨਿਰਭਰ ਹੈ। 2019 ਦੇ ਅੰਕੜਿਆਂ ਮੁਤਾਬਿਕ ਇਕੱਲਾ ਅਮਰੀਕਾ ਇਸ ਸੰਗਠਨ ਨੂੰ ਸਭ ਤੋਂ ਵੱਧ 15.9% ਫੰਡ ਕਰਦਾ ਹੈ। ਇਸਤੋਂ ਇਲਾਵਾ ਅਮਰੀਕਾ ਦੇ ਮਸ਼ਹੂਰ ਸਰਮਾਏਦਾਰ ਬਿਲ ਗੇਟਸ ਦੀ ਐਨ.ਜੀ.ਓ. ਬਿਲ ਗੇਟਸ ਫਾਊਂਡੇਸ਼ਨ 9.4% ਫੰਡਿੰਗ ਕਰਦੀ ਹੈ। ਯੂ.ਕੇ. 7.7%, ਜਰਮਨੀ 5.2%, ਜਾਪਾਨ 3.8% ਹਿੱਸਾ ਪਾਉਂਦੇ ਹਨ। ਦਵਾਈ ਸਨਅਤ ਦਾ ਗਠਜੋੜ 'ਗੈਵੀ' (GAVI Alliance) 6.6%, ਵਿਸ਼ਵ ਬੈਂਕ 2.4%, ਯੂਰਪੀਅਨ ਕਮਿਸ਼ਨ 2.3% ਅਤੇ ਬਾਕੀ ਹੋਰ ਮੈਂਬਰ ਦੇਸ਼ 40.7% ਫੰਡਿੰਗ ਕਰਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਚੀਨ, ਫਰਾਂਸ ਅਤੇ ਰੂਸ ਵਰਗੇ ਸਾਮਰਾਜੀ ਦੇਸ਼ ਅਤੇ ਕਨੇਡਾ, ਆਸਟਰੇਲੀਆ ਵਰਗੇ ਵਿਕਸਤ ਦੇਸ਼ ਸ਼ਾਮਲ ਹਨ।

ਡੋਨਾਲਡ ਟਰੰਪ ਦੀ ਸੰਸਾਰ ਸਿਹਤ ਸੰਗਠਨ ਵਿਰੁੱਧ ਮੌਜੂਦਾ ਬਿਆਨਬਾਜੀ ਪਿੱਛੇ ਸਭ ਤੋਂ ਮਹੱਤਵਪੂਰਨ ਅਤੇ ਬੁਨਿਆਦੀ ਕਾਰਨ ਤਾਂ ਸੰਸਾਰ ਆਰਥਿਕਤਾ ਦਾ ਗਹਿਰਾਉਂਦਾ ਸੰਕਟ ਅਤੇ ਸਾਮਰਾਜੀ ਦੇਸ਼ਾਂ ਵਿਚਕਾਰ ਤਿੱਖੀ ਹੋ ਰਹੀ ਅੰਦਰੂਨੀ ਖਹਿ-ਭੇੜ ਹੈ। ਸੰਸਾਰ ਆਰਥਿਕਤਾ ਜੋ

2008 ਵਿੱਚ ਆਏ ਆਰਥਿਕ ਮੰਦਵਾੜੇ ਤੋਂ ਹਾਲੇ ਤੱਕ ਪੂਰੀ ਤਰ੍ਹਾਂ ਉੱਭਰ ਨਹੀਂ ਸਕੀ ਸੀ, ਨੂੰ ਕਰੋਨਾ ਸੰਕਟ ਨੇ ਹੋਰ ਰਸਾਤਲ ਵੱਲ ਧੱਕ ਦਿੱਤਾ ਹੈ। ਦੂਸਰੇ ਪਾਸੇ 2007 ਮਗਰੋਂ ਸੰਸਾਰ ਸ਼ਕਤੀ ਤਵਾਜਨ ਇੱਕ ਧਰੁਵੀ ਦੀ ਥਾਂ ਬਹੁ-ਧਰੁਵੀ ਹੋ ਗਿਆ ਹੈ। ਇਨ੍ਹਾਂ ਦੇ ਸਿੱਟੇ ਵਜੋਂ ਇੱਕ-ਧਰੁਵੀ ਸੰਸਾਰ ਵੇਲੇ ਦੀਆਂ ਵਿਸ਼ਵੀਕਰਨ ਦੀਆਂ ਆਰਥਿਕ ਨੀਤੀਆਂ ਨੂੰ ਬਰੇਕਾਂ ਲੱਗ ਗਈਆਂ। ਕਿਸੇ ਸਮੇਂ ਸੰਸਾਰ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਬਣਾ ਕੇ ਵਿਸ਼ਵੀਕਰਨ ਦੀਆਂ ਨੀਤੀਆਂ ਦਾ ਸਭ ਤੋਂ ਵੱਡਾ ਝੰਡਾ-ਬਰਦਾਰ ਅਮਰੀਕਨ ਸਾਮਰਾਜ ਖੁਦ ਆਪ ਹੀ ਇਨ੍ਹਾਂ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਬਚਾਉਵਾਦੀ (Protectionist) ਨੀਤੀਆਂ ਵਜੋਂ 'ਅਮਰੀਕਨ-ਫਸਟ' ਦਾ ਨਾਅਰਾ ਲੈ ਆਇਆ। ਇਸ ਨੀਤੀ ਨੇ ਅਮਰੀਕਾ-ਚੀਨ ਵਪਾਰਕ ਜੰਗ ਦਾ ਮੁੱਢ ਬੰਨਿਆ। ਕਿਉਂਕਿ ਨਵੀਂ ਸਾਮਰਾਜੀ ਸ਼ਕਤੀ ਚੀਨ ਵੱਲੋਂ ਅਮਰੀਕਾ ਨੂੰ ਆਰਥਿਕਤਾ ਤੇ ਤਕਨੀਕ ਦੇ ਖੇਤਰ 'ਚ ਚੁਣੌਤੀ ਦਿੱਤੀ ਜਾ ਰਹੀ ਹੈ। ਨਤੀਜੇ ਵਜੋਂ ਟਰੰਪ ਨੇ ਚੀਨ ਦੀਆਂ ਵਸਤੂਆਂ ਦੇ ਅਮਰੀਕਨ ਮੰਡੀ 'ਚ ਦਾਖਲੇ 'ਤੇ ਟੈਕਸ/ਡਿਊਟੀਆਂ ਮੜ੍ਹ ਕੇ ਅਤੇ 5-ਜੀ ਨੈੱਟਵਰਕ ਵਾਲੀ ਚੀਨੀ ਕੰਪਨੀ ਹੁਆਈ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ। ਉਧਰ ਰੂਸ ਵੱਲੋਂ ਮੱਧ-ਪੂਰਬ 'ਚ ਅਮਰੀਕਾ ਦੀ ਫੌਜੀ ਚੌਧਰ ਨੂੰ ਚੁਣੌਤੀ ਦੇਣ ਕਾਰਨ ਅਮਰੀਕੀ ਚੌਧਰ ਦਾ ਪ੍ਰਭਾਵ ਪੇਤਲਾ ਪੈ ਰਿਹਾ ਹੈ। ਇਸ ਖਹਿ ਅਤੇ ਵਪਾਰਕ-ਜੰਗ ਨੇ ਸੰਸਾਰ ਆਰਥਿਕਤਾ ਦੇ ਨਾਲ-ਨਾਲ ਦੂਜੀਆਂ ਸਾਮਰਾਜੀ ਤਾਕਤਾਂ ਨੂੰ ਵੀ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਅਮਰੀਕਾ ਤੇ ਚੀਨ ਨਾਲ ਸਮਝੌਤਾ ਕਰਨ ਲਈ ਦਬਾਉ ਬਣਾਉਣਾ ਸ਼ੁਰੂ ਕੀਤਾ। ਸਿੱਟੇ ਵਜੋਂ ਦੋਵਾਂ ਮੁਲਕਾਂ ਵਿਚਕਾਰ ਵਪਾਰਕ ਸਮਝੌਤਾ ਹੋ ਗਿਆ। ਇਸ ਸਮਝੌਤੇ ਤਹਿਤ ਅਮਰੀਕਾ ਚੀਨ ਦੀਆਂ ਵਸਤਾਂ ਦੇ ਅਮਰੀਕਨ ਮੰਡੀ 'ਚ ਦਾਖਲੇ 'ਤੇ ਟੈਕਸ/ਡਿਊਟੀਆਂ ਨਰਮ ਕਰਨ ਅਤੇ ਬਦਲੇ ਵਿੱਚ ਚੀਨ ਅਮਰੀਕਾ ਤੋਂ 200 ਅਰਬ ਡਾਲਰ ਦੀਆਂ ਵਸਤਾਂ ਖਰੀਦਣ ਲਈ ਸਹਿਮਤ ਹੋਏ। ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਟਰੰਪ ਲਈ ਇਹ ਇੱਕ ਰਾਹਤ ਸੀ ਭਾਵੇਂ ਸਾਮਰਾਜਵਾਦ ਦੇ ਦੌਰ 'ਚ ਅਜਿਹੇ ਸਮਝੌਤੇ ਇੱਕ ਅਸਥਾਈ ਸਮਝੌਤੇ ਹੀ ਹੁੰਦੇ ਹਨ। ਇਸ ਸਮਝੌਤੇ ਦੀ ਇੱਕ ਮੱਦ ਵਿੱਚ ਕਿਸੇ ਕੁਦਰਤੀ ਆਫਤ ਦੇ ਆਉਣ 'ਤੇ ਚੀਨ 200 ਅਰਬ ਡਾਲਰ ਦੀਆਂ ਵਸਤਾਂ ਖਰੀਦਣ ਦੀ ਮੱਦ ਨੂੰ ਮੁੜ-ਪ੍ਰਭਾਸ਼ਿਤ ਕਰ ਸਕਦਾ ਸੀ ਭਾਵ ਵਸਤਾਂ ਖਰੀਦਣ ਲਈ ਸਮਾਂ ਅਤੇ 200 ਅਰਬ ਡਾਲਰ ਦੀ ਕੀਮਤ ਮੁੜ ਤੈਅ ਕਰਨ ਲਈ ਦੁਬਾਰਾ ਗੱਲਬਾਤ ਕਰ ਸਕਦਾ ਸੀ। ਕਰੋਨਾ ਵਾਇਰਸ ਮਹਾਂਮਾਰੀ ਦੇ ਉੱਭਰਣ ਕਾਰਨ ਟਰੰਪ ਪ੍ਰਸਾਸ਼ਨ ਨੂੰ ਡਰ ਸਤਾ ਰਿਹਾ ਕਿ ਚੀਨ ਇਸ ਮੱਦ ਦੀ ਵਰਤੋਂ ਕਰਕੇ ਵਪਾਰਕ-ਸਮਝੌਤੇ ਉੱਪਰ ਗੱਲਬਾਤ ਦੁਬਾਰਾ ਛੇੜ ਸਕਦਾ ਹੈ ਜਿਸ ਕਰਕੇ ਉਹ ਚੀਨ 'ਤੇ ਦਬਾਅ ਬਣਾਉਣ ਲਈ ਵੁਹਾਨ ਲੈਬ 'ਚੋਂ ਵਾਇਰਸ ਲੀਕ ਹੋਣ ਦੀ ਕਹਾਣੀ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਨ ਲੱਗਾ ਹੋਇਆ। ਇਸ ਸਬੰਧੀ ਪੁਖਤਾ ਸਬੂਤ ਹੋਣ ਦੇ ਇੱਕ ਪਾਸੇ ਦਾਅਵੇ ਠੋਕ ਰਿਹਾ ਦੂਜੇ ਪਾਸੇ ਜਾਂਚ ਕਰਨ ਦਾ ਪਾਖੰਡ ਕਰ ਰਿਹਾ। ਕਰੋਨਾ ਕਾਰਨ ਅਮਰੀਕਨ ਆਰਥਿਕਤਾ ਨੂੰ ਹੋਏ ਨੁਕਸਾਨ 'ਚ ਚੀਨ ਨੂੰ 200 ਅਰਬ ਡਾਲਰ ਦੇ ਮੁੱਲ ਦੀ ਵਸਤਾਂ ਦੀ ਵਿਕਰੀ ਅਮਰੀਕਨ ਆਰਥਿਕਤਾ ਲਈ ਇੱਕ ਸੁਖਾਵੀਂ ਰਾਹਤ ਹੋਵੇਗੀ। ਪ੍ਰੰਤੂ ਟਰੰਪ ਵੱਲੋਂ ਕੀਤੀ ਜਾ ਰਹੀ 'ਇਲਜ਼ਾਮਬਾਜੀ' ਨੂੰ ਸੰਸਾਰ ਸਿਹਤ ਸੰਗਠਨ ਦੇ ਵਿਗਿਆਨੀ ਸਮਰਥਨ ਨਹੀਂ ਦੇ ਰਹੇ ਸਿੱਟੇ ਵਜੋਂ ਟਰੰਪ ਸੰਗਠਨ 'ਤੇ ਔਖਾ ਅਤੇ ਦਬਾਉ ਬਣਾ ਕੇ ਸਮਰਥਨ ਹਾਸਲ ਕਰਨ ਲਈ ਸੰਗਠਨ ਵਿਰੁੱਧ ਧਮਕਾਊ ਬਿਆਨਬਾਜ਼ੀ ਕਰ ਰਿਹਾ ਹੈ।

ਇਸ ਬਿਆਨਬਾਜ਼ੀ ਦਾ ਦੂਸਰਾ ਕਾਰਨ ਕਰੋਨਾ ਮਹਾਂਮਾਰੀ ਨੂੰ ਸਹੀ ਤਰੀਕੇ ਨਾਲ ਨਜਿੱਠਣ ਵਿੱਚ ਟਰੰਪ ਸਰਕਾਰ ਦੀ ਅਸਫ਼ਲਤਾ ਕਾਰਨ ਹੋ ਰਹੀ ਆਲੋਚਨਾ ਨੂੰ ਭਟਕਾ ਕੇ ਗੁੰਮਰਾਹ ਕਰਨਾ ਅਤੇ ਆਪਣੀ ਅਸਫ਼ਲਤਾ 'ਤੇ ਪਰਦਾਪੋਸ਼ੀ ਕਰਨਾ ਹੈ। ਇਸ ਲਈ ਟਰੰਪ ਚੀਨ ਨੂੰ 'ਬਲੀ ਦਾ ਬੱਕਰਾ' ਬਣਾ ਕੇ ਪੇਸ਼ ਕਰ ਰਿਹਾ ਹੈ। ਮੌਜੂਦਾ ਸਾਲ ਨਵੰਬਰ ਮਹੀਨੇ 'ਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਕਰੋਨਾ ਮਹਾਂਮਾਰੀ ਦੌਰਾਨ ਟਰੰਪ ਵੱਲੋਂ ਝੁੱਡੂਪੁਣੇ ਦੇ ਰਿਕਾਰਡ ਸਥਾਪਤ ਕਰਨ ਕਾਰਨ ਨਾ ਸਿਰਫ ਉਸਦੀ ਜੱਗ-ਹਸਾਈ ਹੋਈ ਬਲਕਿ ਇੱਕ ਲੱਖ ਤੋਂ ਉੱਪਰ ਅਮਰੀਕਨ ਕਰੋਨਾ ਕਾਰਨ ਆਪਣੀ ਜਾਨ ਗੁਆ ਬੈਠੇ ਹਨ। ਇਹ ਸਭ ਟਰੰਪ ਦੀਆਂ ਨੀਤੀਆਂ ਦਾ ਸਿੱਟਾ ਹੈ। ਉਸ ਦੀ ਅਸਫ਼ਲਤਾ ਤੇ ਅਲੋਚਨਾ ਉਸਦੀ ਚੋਣ-ਸੰਭਾਵਨਾ 'ਤੇ ਉਲਟ-ਪ੍ਰਭਾਵ ਪਾ ਸਕਦੀ ਹੈ। ਸਿੱਟੇ ਵਜੋਂ ਉਹ ਚੀਨ ਪ੍ਰਤੀ ਅਖੌਤੀ ਕਹਾਣੀਆਂ ਘੜ੍ਹ ਕੇ ਫੈਲਾ ਰਿਹਾ। ਪਰ ਸੰਸਾਰ ਸਿਹਤ ਸੰਗਠਨ ਦੇ ਵਿਗਿਆਨੀ ਉਸ ਲਈ ਗਲ਼ੇ ਦੀ ਹੱਡੀ ਬਣ ਗਏ ਹਨ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਉਹ ਸੰਗਠਨ ਦੇ ਫੰਡ ਜਾਮ ਕਰਨ ਅਤੇ ਚੀਨ ਦੇ ਦਬਾਉ ਹੇਠ ਕੰਮ ਕਰਨ ਦੀ ਇਲਜਾਮਤਰਾਸ਼ੀ ਕਰ ਰਿਹਾ।

ਤੀਸਰਾ, ਵਿਸ਼ਵੀਕਰਨ ਦੇ ਦੌਰ 'ਚ ਸਾਮਰਾਜੀ ਹਕੂਮਤਾਂ ਨੇ ਸਰਕਾਰਾਂ ਦੇ ਬੇਲੋੜੇ ਖਰਚੇ ਘਟਾਉਣ ਦੇ ਨਾਂ ਹੇਠ

ਸਮਾਜਿਕ ਸੁਰੱਖਿਆ ਸਮੇਤ ਸਿਹਤ ਤੇ ਸਿੱਖਿਆ ਦੇ ਬਜਟਾਂ 'ਚ ਕਟੌਤੀ ਕਰਨ ਦਾ ਨਵਾਂ ਮੰਤਰ ਇੱਕ ਫਾਰਮੂਲੇ ਵਜੋਂ ਅਪਣਾਇਆ ਤੇ ਲਾਗੂ ਕੀਤਾ। ਸਿੱਟੇ ਵਜੋਂ ਸਿਹਤ ਤੇ ਸਿੱਖਿਆ ਬਜਟਾਂ 'ਚ ਕਟੌਤੀ ਦੇ ਨਾਲ-ਨਾਲ ਸਰਫਾ ਨੀਤੀਆਂ (Austerity) ਦੇ ਰੂਪ 'ਚ ਲੋਕਾਂ ਤੋਂ ਸਹੂਲਤਾਂ ਤੇ ਸਬਸਿਡੀਆਂ ਖੋਹੀਆਂ ਗਈਆਂ। ਅਮਰੀਕਾ ਵਿੱਚ ਵੀ ਟਰੰਪ ਅਤੇ ਉਸਤੋਂ ਪਹਿਲਾਂ ਉਬਾਮਾ ਤੇ ਹੋਰ ਹਾਕਮ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਦੇ ਰਹੇ।

ਸਿੱਟੇ ਵਜੋਂ ਜਨਤਕ ਖੇਤਰ ਦੀਆਂ ਸਿਹਤ ਸੇਵਾਵਾਂ ਦਾ ਲਗਾਤਾਰ ਨਿੱਜੀਕਰਨ ਕੀਤਾ ਗਿਆ। ਹੁਣ ਕਰੋਨਾ ਵਰਗੀ ਮਹਾਂਮਾਰੀ ਦੇ ਫੈਲਣ ਮੌਕੇ ਜਰਜ਼ਰੇ ਹੋਏ ਸਿਹਤ ਪ੍ਰਬੰਧ ਚਰਮਰਾ ਕੇ ਢਹਿ-ਢੇਰੀ ਹੋ ਗਏ। ਯੂਰਪ ਤੇ ਅਮਰੀਕਾ 'ਚ ਲਾਸ਼ਾਂ ਦੇ ਲੱਗੇ ਢੇਰਾਂ ਲਈ ਸਿਹਤ ਸੇਵਾਵਾਂ ਦੇ ਬਜਟਾਂ 'ਚ ਕਟੌਤੀ ਸਮੇਤ ਨਿੱਜੀਕਰਨ ਦੀਆਂ ਨੀਤੀਆਂ ਵੀ ਜ਼ਿੰਮੇਵਾਰ ਹਨ। ਇਸੇ ਲਈ ਟਰੰਪ ਸਿਹਤ ਸੇਵਾਵਾਂ ਦੇ ਮਾੜੇ ਹਾਲ ਦੀ ਜ਼ਿੰਮੇਵਾਰੀ ਕਦੇ ਤਾਂ ਓਬਾਮਾ ਸਰਕਾਰ ਦੇ ਮੱਥੇ ਮੜ੍ਹਦਾ ਅਤੇ ਕਦੇ ਇਸ ਸਬੰਧੀ ਸੰਸਾਰ ਸਿਹਤ ਸੰਗਠਨ ਦੀ ਢਿੱਲੀ ਕਾਰਗੁਜਾਰੀ ਨੂੰ ਮੁੱਦਾ ਬਣਾ ਕੇ ਆਪਣੇ ਆਪ ਨੂੰ ਬਚਾਉਣ ਦੇ ਓਹੜ-ਪੋਹੜ ਕਰਦਾ।

ਚੌਥਾ, ਮੁਨਾਫੇ ਦੀ ਅੰਨ੍ਹੀ ਹਵਸ ਵਿੱਚ ਇੱਕ ਪਾਸੇ ਤਾਂ ਸਾਮਰਾਜ ਨੇ ਕੁਦਰਤ ਅਤੇ ਵਾਤਾਵਰਣ ਨਾਲ ਗੁਨਾਹਾਂ ਭਰੀ ਛੇੜਛਾੜ ਕੀਤੀ ਜਦੋਂਕਿ ਦੂਜੇ ਪਾਸੇ ਲੋਕ ਲਹਿਰ ਨੇ ਇਸ ਪ੍ਰਤੀ ਜ਼ਿੰਮੇਵਾਰੀ ਆਇਦ ਕਰਨ ਲਈ ਜਦੋਂ ਵੀ ਦਬਾਓ ਬਣਾਇਆ ਤਾਂ ਸਾਮਰਾਜੀ ਤਾਕਤਾਂ ਖਾਸ ਕਰਕੇ ਅਮਰੀਕਾ ਆਨੇ-ਬਹਾਨੇ ਆਪਣੀ ਅੰਤਰਰਾਸ਼ਟਰੀ ਜ਼ਿੰਮੇਵਾਰੀ ਤੋਂ ਕਿਨਾਰਾ ਕਰਨ ਵਰਗਾ ਮਨੁੱਖਤਾ ਵਿਰੋਧੀ ਗੁਨਾਹ ਕਰਦਾ ਰਿਹਾ। ਪ੍ਰਦੂਸ਼ਣ ਦੇ ਸਵਾਲ 'ਤੇ ਪੈਰਿਸ ਐਲਾਨਨਾਮੇ ਤੋਂ ਅਮਰੀਕਾ ਦਾ ਪਿੱਛੇ ਹਟਣਾ ਇਸ ਦੀ ਇੱਕ ਉੱਭਰਵੀਂ ਉਦਾਹਰਨ ਹੈ।

ਅਮਰੀਕਾ ਸੰਸਾਰ ਸਿਹਤ ਸੰਗਠਨ ਵਰਗੀਆਂ ਸੰਸਥਾਵਾਂ ਨੂੰ ਕੀਤੀ ਜਾ ਰਹੀ ਫੰਡਿੰਗ ਵਿੱਚੋਂ ਵੀ ਹੱਥ ਘੁੱਟਣ ਦੀ ਨੀਤੀ 'ਤੇ ਚੱਲ ਰਿਹਾ। ਸਰਫਾ ਨੀਤੀਆਂ ਦੀ ਲਗਾਤਾਰਤਾ ਵਿੱਚ ਓਬਾਮਾ ਅਤੇ ਟਰੰਪ ਇਸ ਫੰਡਿੰਗ ਨੂੰ ਘਟਾਉਂਦੇ ਆ ਰਹੇ ਸਨ। ਕਰੋਨਾ ਸੰਕਟ ਜੇਕਰ ਨਾ ਵੀ ਆਉਂਦਾ ਤਾਂ ਵੀ ਟਰੰਪ ਨੇ ਸੰਸਾਰ ਸਿਹਤ ਸੰਗਠਨ ਨੂੰ ਕੀਤੀ ਜਾ ਰਹੀ ਫੰਡਿੰਗ ਵਿੱਚ 300 ਮਿਲੀਅਨ ਡਾਲਰ ਦੀ ਕਟੌਤੀ ਕਰਨੀ ਸੀ। ਜਿਸਦੀ ਅਲੋਚਨਾ ਹੋਣ ਦੀਆਂ ਸੰਭਾਵਨਾਵਾਂ ਸਨ। ਹੁਣ ਕਰੋਨਾ ਦੀ ਆੜ ਹੇਠ ਸੰਸਾਰ ਸਿਹਤ ਸੰਗਠਨ 'ਤੇ ਢਿੱਲੀ ਕਾਰਗੁਜ਼ਾਰੀ ਦਿਖਾਉਣ ਦੀ ਇਲਜ਼ਾਮਬਾਜੀ ਫੰਡਿੰਗ 'ਚ ਕਟੌਤੀ ਦੇ ਕਦਮ ਨੂੰ ਜਾਇਜ਼ ਬਣਾਉਣ ਲਈ ਵੀ ਕੀਤੀ ਜਾ ਰਹੀ ਹੈ। ਆਪਣੇ ਕਦਮ ਨੂੰ ਹੋਰ ਜਚਾਉਣ ਖਾਤਰ ਟਰੰਪ ਨੇ ਮੁਲਾਂਕਣ ਹਿੱਸੇਦਾਰੀ ਦੇ ਹਵਾਲੇ ਦਾ ਤਰਕ ਦਿੰਦਿਆਂ 16 ਮਈ ਨੂੰ ਐਲਾਨ ਕੀਤਾ ਕਿ ਉਹ ਚੀਨ ਵੱਲੋਂ ਦਿੱਤੇ ਜਾ ਰਹੇ ਮੁਲਾਂਕਣ ਹਿੱਸੇਦਾਰੀ ਦੇ ਬਰਾਬਰ ਫੰਡਿੰਗ ਜਾਰੀ ਰੱਖੇਗਾ। ਜਿਸਦਾ ਸਪੱਸ਼ਟ ਮਤਲਬ ਅਮਰੀਕਨ ਫੰਡਿੰਗ 'ਚ ਭਾਰੀ ਕਟੌਤੀ ਹੈ।

ਇੱਕ-ਧਰੁਵੀ ਸੰਸਾਰ ਦੇ ਦੌਰ 'ਚ ਜਾਰਜ ਬੁਸ਼ ਨੇ ਇਰਾਕ 'ਤੇ ਮਾਰੂ-ਰਸਾਇਣਕ ਹਥਿਆਰ ਹੋਣ ਦਾ ਝੂਠਾ ਇਲਜਾਮ ਲਗਾ ਕੇ ਲੇਲੇ ਤੇ ਬਘਿਆੜ ਦੀ ਕਹਾਣੀ ਨੂੰ ਸੱਚ ਕਰ ਦਿਖਾਇਆ ਸੀ। ਪਰ ਟਰੰਪ ਦੇ ਦੌਰ ਦਾ ਸੰਸਾਰ ਇੱਕ ਧਰੁਵੀ ਨਹੀਂ, ਬਹੁ-ਧਰੁਵੀ ਹੈ ਅਤੇ ਅਜੋਕਾ ਚੀਨ, ਇਰਾਕ ਵਰਗਾ ਕਮਜ਼ੋਰ ਦੇਸ਼ ਨਹੀਂ ਬਲਕਿ ਉੱਭਰਵੀਂ ਸਾਮਰਾਜੀ ਸ਼ਕਤੀ ਹੈ। ਬੇਸ਼ੱਕ ਟਰੰਪ ਨੇ ਆਪਣੇ ਸਿਆਸੀ ਹਿੱਤਾਂ ਅਤੇ ਅਮਰੀਕਨ ਸਾਮਰਾਜ ਦੇ ਆਰਥਿਕ ਹਿੱਤਾਂ ਖਾਤਰ ਜੋ ਮਰਜੀ ਬਕੜਵਾਹ ਕੀਤੀ ਹੋਵੇ। ਪ੍ਰੰਤੂ ਕਰੋਨਾ ਮਹਾਂਮਾਰੀ ਦੌਰਾਨ ਸੰਸਾਰ ਸਿਹਤ ਸੰਗਠਨ ਦੀ ਕਾਰਗੁਜ਼ਾਰੀ ਦੇ 'ਢਿੱਲੇਪਣ' ਦੇ ਦੋਸ਼ ਪ੍ਰਤੀ ਬਹੁਤੇ ਵਿਗਿਆਨੀ ਸਹਿਮਤ ਨਹੀਂ। ਉਹ ਟਰੰਪ ਦੀ 'ਚੀਨੀ ਵਾਇਰਸ' ਜਾਂ 'ਵੁਹਾਨ-ਲੈਬ' ਦੀ ਥਿਊਰੀ ਨੂੰ ਵੀ ਹੁੰਗਾਰਾ ਨਹੀਂ ਭਰ ਰਹੇ।

ਚੀਨੀ ਹਾਕਮਾਂ ਨੇ ਟਰੰਪ ਦੇ ਦਾਅਵੇ ਨੂੰ ਬਿਲਕੁਲ ਬੇਬੁਨਿਆਦ ਦੱਸਿਆ ਹੈ। ਇਸਦਾ ਮਤਲਬ ਇਹ ਨਹੀਂ ਕਿ ਉਹ ਕੋਈ ਦੁੱਧ ਧੋਤੇ ਹਨ। ਉਹ ਵੀ ਸਾਮਰਾਜੀ ਹਾਕਮ ਹਨ। ਉਨ੍ਹਾਂ ਦੇ ਆਪਣੇ ਆਰਥਿਕ ਤੇ ਸਿਆਸੀ ਹਿੱਤ ਹਨ। ਟਰੰਪ ਵੱਲੋਂ ਕੀਤੀ ਜਾ ਰਹੀ ਇਸ ਧਮਕਾਊ ਬਿਆਨਬਾਜੀ ਦਾ ਯੂ.ਐਨ. ਦੇ ਸਕੱਤਰ ਜਨਰਲ ਐਨਤੋਨੀਓ ਗੁਤਰੇਜ਼, ਜਰਮਨੀ ਦੇ ਵਿਦੇਸ਼ ਮੰਤਰੀ ਹੇਈਕੋ ਮਾਸ ਅਤੇ ਅਫਰੀਕਨ ਯੂਨੀਅਨ ਦੇ ਚੇਅਰਮੈਨ ਮੋਉਸਾ ਫਾਕੀ ਮਹਾਮਤ ਅਤੇ ਕਨੇਡਾ ਦੇ ਪ੍ਰਧਾਨ-ਮੰਤਰੀ ਜਸਟਿਨ ਟਰੂਡੋ ਨੇ ਸਖਤ ਨੋਟਿਸ ਲੈਂਦਿਆਂ ਆਲੋਚਨਾ ਕੀਤੀ ਹੈ। ਇਸਦੇ ਬਾਵਜੂਦ ਟਰੰਪ ਦੀ ਧਮਕਾਊ ਬਿਆਨਬਾਜੀ ਰੁਕਣ ਦਾ ਨਾਂ ਨਹੀਂ ਲੈ ਰਹੀ।

ਕਰੋਨਾ ਮਹਾਂਮਾਰੀ ਦੇ ਸੰਕਟ ਨੇ ਇੱਕ ਵਾਰ ਫਿਰ ਦੁਨੀਆਂ ਨੂੰ ਦਿੱਖਾ ਦਿੱਤਾ ਹੈ ਕਿ ਸਾਮਰਾਜੀ ਵਿਵਸਥਾ ਨੂੰ ਮੁਨਾਫੇ ਤੋਂ ਬਿਨਾਂ ਕੁਝ ਪਿਆਰਾ ਨਹੀਂ। ਇਹ ਵਿਵਸਥਾ ਸਿਰੇ ਦੀ ਮਨੁੱਖਤਾ ਵਿਰੋਧੀ, ਕੁਦਰਤ ਅਤੇ ਵਾਤਾਵਰਣ ਵਿਰੋਧੀ ਵਿਵਸਥਾ ਹੈ। ਇਸਨੂੰ ਢਹਿ-ਢੇਰੀ ਕੀਤੇ ਬਿਨਾਂ ਮਨੁੱਖਤਾ ਨੂੰ ਰਾਹਤ ਨਹੀਂ ਮਿਲ ਸਕਦੀ।

# ਕਰੋਨਾ ਸਰਮਾਏਦਾਰੀ ਦੀ ਅਫਵਾਹ ਜਾਂ ਬਿਮਾਰੀ ?

ਕਰੋਨਾ ਨਾਲ ਦੁਨੀਆਂ ਭਰ 'ਚ ਮਰੀਜ਼ ਵੱਧ ਰਹੇ ਨੇ ਮੌਤਾਂ ਵੀ ਹੋ ਰਹੀਆਂ ਨੇ ਪਰ ਮੌਤਾਂ ਤੋਂ ਵਧੇਰੇ ਦਹਿਸ਼ਤ ਹੈ। ਭਾਰਤ 'ਚ ਲੌਕਡਾਊਨ ਤੋਂ ਛੋਟ ਮਿਲ ਰਹੀ ਹੈ ਪਰ ਲੌਕਡਾਊਨ ਤੋਂ ਖਹਿੜਾ ਨਹੀਂ ਛੁੱਟ ਰਿਹਾ। ਕਰੋਨਾ ਬਾਰੇ ਚਰਚਾ ਹੋਰ ਕਿਸੇ ਵੀ ਮਸਲੇ ਤੋਂ ਵੱਧ ਹੈ। ਕਰੋਨਾ ਬਾਰੇ ਚਰਚਾ 'ਚ ਦੋ ਤਰਾਂ ਦੇ ਵਿਚਾਰ ਨੇ, ਇੱਕ ਵਿਚਾਰ ਕਰੋਨਾ ਜਿਸ ਨੂੰ ਹੋ ਗਿਆ ਉਸੇ ਨੇ ਸ਼ਾਇਦ ਮਰ ਜਾਣਾ ਹੈ। ਕਿਤੇ ਅਖਬਾਰ ਨਾਲ, ਸਬਜ਼ੀ ਖਰੀਦਣ ਨਾਲ ਕਿਸੇ ਚੀਜ ਨੂੰ ਹੱਥ ਲਾਉਣ ਨਾਲ ਹੀ ਨਾ ਹੋ ਜਾਵੇ, ਘਰਾਂ 'ਚ ਤੜ ਕੇ ਰਹਿਣਾ ਹੀ ਠੀਕ ਹੈ। ਦੂਜਾ ਵਿਚਾਰ ਕਿ ਇਹ ਬਿਮਾਰੀ ਮਾਮੂਲੀ ਜ਼ੁਕਾਮ ਹੈ। ਇਹ ਦਵਾਈ ਕੰਪਨੀਆਂ ਤੇ ਸਰਮਾਏਦਾਰ ਮੁਲਕਾਂ ਦੀ ਛੁਰਲੀ ਹੈ ਦਵਾਈਆਂ ਵੇਚਣ ਲਈ।

ਇਹ ਦੋਨਾਂ ਪੁਜੀਸ਼ਨਾਂ ਦੀ ਚੀਰਫਾੜ ਜ਼ਰੂਰੀ ਹੈ। ਪਹਿਲੀ ਸਥਿਤੀ ਹਾਕਮਾਂ ਦੁਆਰਾ ਖੜੀ ਕੀਤੀ ਹੈ। ਉਨ੍ਹਾਂ ਨੇ ਲੋਕਾਂ ਨੂੰ ਕੁੱਟ ਕੇ ਅੰਦਰ ਵਾੜਿਆ ਅਤੇ ਲੋਕਾਂ 'ਤੇ ਪਰਚੇ ਦਰਜ ਕੀਤੇ, ਨਾ ਕਿ ਲੋਕਾਂ ਨੂੰ ਬਿਮਾਰੀ ਬਾਰੇ ਵਿਗਿਆਨਕ ਤਰੀਕੇ ਨਾਲ ਸਮਝਾਇਆ।

ਬਿਮਾਰੀ ਕਿਸ ਨੂੰ ਨੁਕਸਾਨ ਪਹੁੰਚਾਉਂਦੀ ਹੈ, ਇਸ ਬਾਰੇ ਪਹਿਲਾਂ ਸਮਝਿਆ ਗਿਆ ਇਹ ਬਿਮਾਰੀ ਸਿਰਫ ਬਜ਼ੁਰਗਾਂ ਨੂੰ ਮਾਰਦੀ ਹੈ। ਦੁਨੀਆਂ ਦੇ ਕਈ ਮੁਲਕਾਂ 'ਚ ਇਸ ਤਰਾਂ ਵਾਪਰਿਆ ਤੇ ਵਾਪਿਰ ਵੀ ਰਿਹਾ, ਖਾਸ ਕਰ ਜਿਹਨਾਂ ਮੁਲਕਾਂ ਦੀ ਔਸਤਨ ਉਮਰ 80 ਸਾਲ ਤੋਂ ਉੱਪਰ ਜਾਂ ਕਰੀਬ ਹੈ ਤੇ ਜਿਹਨਾਂ ਨੇ ਸਹੀ ਮੌਕੇ ਇਸਦੀ ਰੋਕਥਾਮ 'ਤੇ ਧਿਆਨ ਨਹੀਂ ਦਿੱਤਾ। ਪਰ ਭਾਰਤੀ ਜੋ ਦੁਨੀਆਂ ਦੀ ਔਸਤਨ ਉਮਰ 73 ਸਾਲ ਤੋਂ ਵੀ ਕਰੀਬ 5 ਸਾਲ ਘੱਟ ਭੋਗਦੇ ਹਨ। ਜਿਸ ਤੋਂ ਸਿਹਤ ਸਹੂਲਤਾਂ ਤੇ ਆਮ ਸਿਹਤ ਦੀ ਹਾਲਤ ਦਾ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕੀ ਭਾਰਤ 'ਚ ਇਹ ਬਿਮਾਰੀ ਸਿਰਫ ਬਜ਼ੁਰਗਾਂ ਨੂੰ ਹੀ ਨੁਕਸਾਨ ਪਹੁੰਚਾਉਂਦੀ ਹੈ ? ਮਈ ਮਹੀਨੇ ਦੀ ਸਥਿਤੀ ਦੱਸਦੀ ਹੈ ਕਿ ਕੁੱਲ ਮੌਤਾਂ 'ਚੋਂ 15 ਸਾਲ ਤੋਂ ਘੱਟ ਉਮਰ ਵਾਲਿਆਂ 'ਚ ਮੌਤ ਦਰ 0.5 ਫੀਸਦੀ ਹੈ। 15 ਤੋਂ 30 ਸਾਲ ਉਮਰ ਗਰੁੱਪ 'ਚ ਮੌਤ ਦਰ 2.5 ਫੀਸਦੀ ਹੈ। 30 ਤੋਂ 45 ਸਾਲ ਵਿਚਕਾਰ 11.4 ਫੀਸਦੀ ਹੈ। 45 ਤੋਂ 60 ਉਮਰ ਵਿਚਕਾਰ 35.1 ਫੀਸਦੀ ਤੇ 60 ਸਾਲ ਤੋਂ ਉੱਪਰ ਵਾਲਿਆਂ 'ਚ 50.5 ਫੀਸਦੀ ਹੈ। ਭਾਰਤ ਬੱਚਿਆਂ ਤੇ 45 ਸਾਲ ਤੱਕ ਦੀ ਉਮਰ ਤੱਕ ਦੀਆਂ ਮੌਤਾਂ ਦੇ ਮਾਮਲੇ ਚੀਨ ਤੇ ਅਮਰੀਕਾ ਨਾਲੋਂ ਕਿਤੇ ਜ਼ਿਆਦਾ ਹਨ।

ਨਿਊਯਾਰਕ ਸ਼ਹਿਰ ਦੇ ਵਿਸ਼ਲੇਸ਼ਣ ਮੁਤਾਬਿਕ ਮਈ ਮਹੀਨੇ ਦੇ ਅੰਕੜਿਆਂ ਮੁਤਾਬਿਕ 17 ਸਾਲ ਤੱਕ ਨੌਜਵਾਨਾਂ 'ਚ ਮੌਤ ਦਰ 0.06 ਫੀਸਦੀ ਹੈ। ਜੋ ਭਾਰਤ ਦੀ 3 ਫੀਸਦੀ ਤੋਂ ਕਿਤੇ ਘੱਟ ਹੈ। ਜੇਕਰ 49 ਸਾਲ ਉਮਰ ਦੀ ਗੱਲ ਕਰੀਏ ਤਾਂ ਚੀਨ 'ਚ ਇਹ 6.3 ਫੀਸਦੀ ਹੈ ਜਦਕਿ ਭਾਰਤ 14.4 ਨਾਲ ਦੁੱਗਣੇ ਤੋਂ ਵੀ ਜ਼ਿਆਦਾ ਹੈ।

ਇਸ ਤੋਂ ਇਲਾਵਾ ਭਾਰਤ ਦੇ ਕਈ ਸ਼ਹਿਰ ਕਰੋਨਾ ਦੇ ਕੇਂਦਰ ਬਣ ਚੁੱਕੇ ਹਨ। ਬੰਬਈ 'ਚ ਲੋਕਾਂ ਨੂੰ ਡਾਕਟਰ ਤੇ ਹਸਪਤਾਲਾਂ 'ਚ ਆਈ.ਸੀ.ਯੂ. ਬੈੱਡ ਨਹੀਂ ਮਿਲ ਰਹੇ ਹਨ। ਮੁੰਬਈ ਮੈਡੀਕਲ ਰੈਜੀਡੈਂਸ ਡਾਕਟਰ ਐਸੋਸੀਏਸ਼ਨ ਦੇ ਦੀਪਕ ਮੁੰਡੇ ਨੇ ਕਿਹਾ ਕਿ ਮੈਨੂੰ ਇਹੋ ਜਿਹੇ ਨੇਤਾਵਾਂ 'ਤੇ ਤਰਸ ਆਉਂਦਾ ਹੈ ਜੋ ਨਾ ਜਾਗਰੂਕ ਹਨ, ਨਾ ਮਹਾਂਮਾਰੀ ਕਾਰਨ ਪੈਦਾ ਹੋਈ ਗੰਭੀਰ ਸਥਿਤੀ ਨੂੰ ਸਮਝਦੇ ਹਨ। ਮੈਂ ਪੱਤਰਕਾਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹਨਾਂ ਨੇਤਾਵਾਂ ਤੇ ਧਿਆਨ ਦੇਣ ਦੀ ਥਾਂ ਯੁੱਧਭੂਮੀ ਤੋਂ ਰਿਪੋਰਟ ਕਰੋ। ਹਾਲਤ ਇਹ ਬਣ ਰਹੀ ਹੈ ਕਿ ਬਹੁਤ ਜ਼ਿਆਦਾ ਮਰੀਜ਼ ਹੋ ਰਹੇ ਨੇ, ਕਿਤੇ ਇਹ ਨਾ ਫੈਸਲਾ ਕਰਨਾ ਪੈ ਜਾਵੇ ਕਿ ਕਿਸਨੂੰ ਬਚਾਈਏ ? ਬੱਚਿਆਂ ਨੂੰ, ਬਜ਼ੁਰਗਾਂ ਨੂੰ ਜਾਂ ਨੌਜਵਾਨਾਂ ਨੂੰ ? ਬੰਬਈ ਨੇ ਹੁਣ ਕੇਰਲਾ ਤੋਂ ਡਾਕਟਰ ਮੰਗੇ ਹਨ। ਇਹ ਦੇਸ਼ ਦੀ ਸਭ ਤੋਂ ਅਮੀਰ ਜਗ੍ਹਾ ਹੈ, ਜਿਸਨੂੰ ਦੇਸ਼ ਦੀ ਆਰਥਿਕ ਰਾਜਧਾਨੀ ਵੀ ਕਹਿੰਦੇ ਹਨ, ਦੀ ਸਥਿਤੀ ਹੈ। ਡਾਕਟਰਾਂ ਨੂੰ ਆਰਾਮ ਕਰਨ ਦਾ ਵੀ ਸਮਾਂ ਨਹੀ ਹੈ।

ਵਿਕਾਸ ਮਾਡਲ ਗੁਜਰਾਤ ਦਾ ਅਹਿਮਦਾਬਾਦ ਵੀ ਕਰੋਨਾ ਦੀ ਰਾਜਧਾਨੀ ਬਣਿਆ ਹੋਇਆ ਹੈ। ਵੱਡੀ ਗਿਣਤੀ 'ਚ ਮੌਤਾਂ ਹੋ ਚੁੱਕੀਆਂ ਹਨ। ਗੁਜਰਾਤ ਹਾਈਕੋਰਟ ਨੇ ਸਿਵਿਲ ਹਸਪਤਾਲ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਹਸਪਤਾਲ ਕਿਸੇ ਕਿਲੇ ਦੇ ਬਦਨਾਮ ਤਹਿਖਾਨੇ ਵਰਗਾ ਹੈ। ਸਭ ਤੋਂ ਵੱਧ ਮੌਤਾਂ ਵੀ ਸਿਵਿਲ ਹਸਪਤਾਲ 'ਚ ਹੋਈਆਂ ਹਨ। ਸਰਕਾਰ ਨੇ ਬੇਸ਼ਰਮੀ ਦਾ ਪ੍ਰਗਟਾਵਾ ਵੀ ਸ਼ਰੇਆਮ ਕੀਤਾ ਹੈ। ਹਾਈਕੋਰਟ 'ਚ ਐਡਵੋਕੇਟ ਜਨਰਲ ਕਮਲ ਤ੍ਰਿਵੇਦੀ ਨੇ ਕਿਹਾ ਕੇ 70 ਫੀਸਦੀ ਲੋਕ ਪਾਜੇਟਿਵ ਨਿਕਲਣਗੇ, ਜੇਕਰ ਸਾਰਿਆਂ ਦੇ ਟੈਸਟ ਕਰ ਲਏ ਤਾਂ ਵੱਧ ਟੈਸਟ ਕਰਨ ਨਾਲ ਲੋਕਾਂ 'ਚ ਭੈਅ ਵਧ ਸਕਦਾ ਹੈ। ਇਸ ਕਰਕੇ ਅਸੀਂ ਟੈਸਟ ਘੱਟ ਕਰ ਰਹੇ ਹਾਂ। ਇਹ 'ਵਿਕਾਸ ਮਾਡਲ' ਦੀ ਸਰਕਾਰ ਦਾ ਪੱਖ ਹੈ। ਕਈਆਂ ਦੀ ਮੌਤ ਹੋ ਚੁੱਕੀ ਹੁੰਦੀ ਹੈ ਤੇ ਟੈਸਟ ਰਿਪੋਰਟ ਬਾਅਦ 'ਚ ਆਉਂਦੀ ਹੈ।

ਦੇਸ਼ ਦੀ ਰਾਜਧਾਨੀ ਦਿੱਲੀ ਦੀ ਵੀ ਹਾਲਤ ਮੰਦੀ ਹੁੰਦੀ ਜਾ ਰਹੀ ਹੈ। ਲੋਕ ਮਾਨਿਯਾ ਤਿਲਕ ਹਸਪਤਾਲ 'ਚ ਮੁਰਦਾਘਰ 'ਚ 80 ਲਾਸ਼ਾਂ ਰੱਖੀਆਂ ਜਾ ਸਕਦੀਆਂ ਹਨ, ਪਰ ਉੱਥੇ 120 ਲਾਸ਼ਾਂ ਹੋਣ ਕਰਕੇ 40 ਲਾਸ਼ਾਂ ਢੇਰ ਕੀਤੀਆਂ ਹੋਈਆਂ ਸਨ। ਇਹ ਮਈ ਦੇ ਆਖਰੀ ਹਫਤੇ ਦੇ ਇੱਕ ਦਿਨ ਦੀ ਸਥਿਤੀ ਹੈ। ਉੱਥੇ ਵੀ ਮਰੀਜਾਂ ਨੂੰ ਡਾਕਟਰ ਅਤੇ ਬੈਡ ਨਹੀਂ ਮਿਲ ਰਹੇ। ਦਿੱਲੀ ਸਰਕਾਰ ਵੱਲੋਂ ਜਾਰੀ ਐਪ ਵੀ ਝੂਠਾ ਸਾਬਿਤ ਹੋ ਰਿਹਾ ਹੈ। ਐਪ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਬੈਡ ਖਾਲੀ ਨੇ ਜਦਕਿ ਮਰੀਜ਼ਾਂ ਨੂੰ ਬੈਡ ਮਿਲ ਨਹੀਂ ਰਹੇ। ਇਹ ਦਿੱਲੀ ਦੇ ਗ੍ਰੇਟਰ ਕੈਲਾਸ਼ ਇਲਾਕੇ ਦਾ ਹਾਲ ਹੈ ਜਿਸਨੂੰ ਅਮੀਰ ਇਲਾਕਾ ਮੰਨਿਆ ਜਾਂਦਾ ਹੈ। ਜਿਸ ਤੋਂ ਬਾਕੀ ਦਿੱਲੀ ਤੇ ਦੇਸ਼ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਸਰਕਾਰੀ ਹਸਪਤਾਲਾਂ 'ਚ ਜਗਾ ਨਾ ਮਿਲਣ ਤੇ ਲੋਕ ਜਦੋਂ ਪ੍ਰਾਈਵੇਟ ਹਸਪਤਾਲਾਂ ਦਾ ਮੂੰਹ ਕਰਦੇ ਨੇ ਤਾਂ ਪ੍ਰਾਈਵੇਟ ਹਸਪਤਾਲ ਮਰੀਜ਼ ਨੂੰ ਦਾਖਿਲ ਕਰਨ ਤੋਂ ਪਹਿਲਾਂ 5 ਲੱਖ ਰੁਪਏ ਜਮ੍ਹਾ ਕਰਵਾਉਣ ਲਈ ਕਹਿ ਰਹੇ ਹਨ। ਏਮਜ ਦੇਸ਼ ਦਾ ਸਭ ਤੋਂ ਵੱਡਾ ਹਸਪਤਾਲ ਖੁਦ ਕਰੋਨਾ ਦਾ ਹੌਟ ਸਪੌਟ ਬਣਿਆ ਹੋਇਆ ਹੈ। 500 ਦੇ ਕਰੀਬ ਡਾਕਟਰਾਂ ਸਮੇਤ ਸਿਹਤ ਕਰਮਚਾਰੀ ਕਰੋਨਾ ਦੇ ਸ਼ਿਕਾਰ ਹੋ ਚੁੱਕੇ ਹਨ। ਹੈਦਰਾਬਾਦ 'ਚ 32 ਡਾਕਟਰ ਕਰੋਨਾ ਪੀੜਤ ਹੋ ਚੁੱਕੇ ਹਨ। ਇਹ ਮੌਜੂਦਾ ਸਥਿਤੀ ਦੀ ਝਲਕ ਹੈ। ਜੇਕਰ ਕੇਂਦਰ ਸਰਕਾਰ ਦੇ ਅਨੁਮਾਨ ਨੂੰ ਦੇਖਿਆ ਜਾਵੇ ਤਾਂ ਮਈ ਦੇ ਅਖੀਰ ਤੱਕ ਕਰੋਨਾ ਦਾ ਡਬਲਿੰਗ ਟਾਇਮ 14.63 ਦਿਨ ਸੀ। 15 ਜੂਨ ਤੱਕ ਲਗਭਗ 395727 ਕੇਸ ਹੋ ਸਕਦੇ ਨੇ ਤੇ ਹਰ ਰੋਜ਼ 22460 ਕੇਸ ਆਉਣ ਦੀ ਸੰਭਾਵਨਾ ਹੈ ਅਤੇ ਡਬਲਿੰਗ ਟਾਈਮ 12 ਦਿਨ। 30 ਜੂਨ ਤੱਕ ਕੁਲ ਕੇਸ 1122839 ਹੋ ਸਕਦੇ ਹਨ ਤੇ ਹਰ ਰੋਜ 75475 ਕੇਸ ਆ ਸਕਦੇ ਹਨ। ਇਸੇ ਅਨੁਮਾਨ ਮੁਤਾਬਿਕ 31 ਜੁਲਾਈ ਤੱਕ ਕੁੱਲ ਕੇਸ 9590715 ਤੇ ਰੋਜ਼ਾਨਾ ਕੇਸ 650869 ਆ ਸਕਦੇ ਹਨ, ਕੁੱਲ ਗਿਣਤੀ ਢਾਈ ਕਰੋੜ ਟੱਪ ਸਕਦੀ ਹੈ। ਇਹ ਕਰੋਨਾ ਦਾ ਦ੍ਰਿਸ਼ ਹੈ।

ਹੁਣ ਅਗਲੀ ਗੱਲ ਕਿ ਕਰੋਨਾ ਸਾਜਿਸ਼ ਕਿੰਨੀ ਤੇ ਸੱਚਾਈ ਕਿੰਨੀ ਹੈ। ਕੁਦਰਤ, ਜ਼ਿੰਦਗੀ, ਸਿਆਸਤ ਸਮੇਤ ਹਰ ਖੇਤਰ ਵਿਰੋਧਤਾਈਆਂ ਨਾਲ ਭਰਿਆ ਪਿਆ ਹੈ। ਪੂਰਾ ਗਲੋਬ ਕਿਸੇ ਅਫਵਾਹ ਨੂੰ ਫੈਲਾਉਣ ਲਈ ਇੱਕਮੱਤ ਹੋ ਜਾਵੇ, ਇਹ ਗੱਲ ਨਾ ਸੰਭਵ ਤੇ ਨਾ ਹੀ ਵਿਗਿਆਨਕ ਹੈ। ਸਾਮਰਾਜੀ ਮੁਲਕਾਂ ਚੀਨ ਤੇ ਅਮਰੀਕਾ ਦੀ ਖਹਿ ਕਰੋਨਾ ਤੋਂ ਪਹਿਲਾਂ ਹੀ ਵਪਾਰਕ ਯੁੱਧ ਦਾ ਰੂਪ ਲੈ ਚੁੱਕੀ ਸੀ। ਇਹ ਕਹਿਣਾ ਕਿ ਸਰਮਾਏਦਾਰ ਮੁਲਕਾਂ ਨੇ ਕਰੋਨਾ ਦੀ ਅਫਵਾਹ ਫੈਲਾਈ ਦਵਾਈਆਂ ਵੇਚਣ ਲਈ ਜੋ ਅਜੇ ਬਣੀ ਹੀ ਨਹੀਂ। ਇਹ ਵਿਚਾਰ ਮਹਿਜ ਛੁਰਲੀ ਲਗਦਾ ਹੈ। ਜੇਕਰ ਕਰੋਨਾ ਮਾਮੂਲੀ ਜੁਕਾਮ ਹੈ ਤਾਂ ਨਾਲ ਚੀਨ ਅਮਰੀਕਾ ਨੇ ਇਸ ਨੂੰ ਗਲਤ ਪੇਸ਼ ਕਰਕੇ ਹਾਸਿਲ ਕੀ ਕੀਤਾ? ਜਦੋਂ ਕਿ ਸਾਮਰਾਜੀ ਮੁਨਾਫੇ ਲਈ ਕਿਸੇ ਵੀ ਹੱਦ ਤੱਕ ਜਾਂਦੇ ਹਨ। ਮਹਾਨ ਲੈਨਿਨ ਅਨੁਸਾਰ, "ਦੁਨੀਆਂ ਦੀ ਵੰਡ ਹੋ ਚੁੱਕੀ ਹੈ ਅਤੇ ਮੁੜ ਵੰਡ ਲਈ ਸਾਮਰਾਜੀ ਤਾਕਤਾਂ ਵਿਚਕਾਰ ਸੰਘਰਸ਼ ਹੈ। ਇਹ ਸੰਘਰਸ਼ ਹੀ ਯੁੱਧਾਂ ਦਾ ਕਾਰਨ ਬਣਦਾ ਹੈ।" ਇਸ ਪੱਧਰ ਦੀਆਂ ਵਿਰੋਧਤਾਈਆਂ ਵਾਲੇ ਸਾਮਰਾਜੀ ਮਾਮੂਲੀ ਜੁਕਾਮ ਨੂੰ ਵਧਾ ਚੜਾ ਕੇ ਪੇਸ਼ ਕਰਨ ਲਈ ਇੱਕਮੱਤ ਹੋ ਗਏ। ਇਹ ਵਿਚਾਰ ਵੀ ਮਾਮੂਲੀ ਜੁਕਾਮ ਵਰਗਾ ਹੀ ਮਾਮੂਲੀ ਹੈ। ਜੋ ਕਹਿੰਦੇ ਸੀ ਕਰੋਨਾ ਸਧਾਰਨ ਫਲੂ ਹੈ। 30 ਤੋਂ 50 ਹਜ਼ਾਰ ਲੋਕਾਂ ਮਰਨਾ ਹੀ ਹੈ। ਇਹ ਹਰ ਸਾਲ ਮਰਦੇ ਨੇ ਪਰ ਅਜੇ ਸਿਰਫ 6 ਮਹੀਨੇ ਹੋਏ ਨੇ ਕਿ ਅਮਰੀਕਾ 'ਚ ਲੱਖ ਤੋਂ ਉਪਰ ਵਿਅਕਤੀ ਮਰ ਚੁੱਕੇ ਹਨ। ਪੂਰੇ ਸਾਲ 'ਚ ਕਿੰਨੇ ਹੁੰਦੇ ਇਹ ਦੇਖਣਾ ਹੋਵੇਗਾ? ਉਹ ਇਹ ਵੀ ਦੇਖਣ ਕਿ ਉਹਨਾਂ ਦਾ ਦਾਅਵਾ ਕਿੰਨਾ ਜ਼ਿਆਦਾ ਗ਼ਲਤ ਸਾਬਿਤ ਹੁੰਦਾ ਹੈ। ਹੁਣ ਉਹ ਕਹਿ ਰਹੇ ਹਨ ਕਿ ਮੌਤਾਂ ਦੇ ਗਲਤ ਅੰਕੜੇ ਪੇਸ਼ ਕੀਤੇ ਜਾ ਰਹੇ ਹਨ। ਜਿਹਨਾਂ ਦੇ ਮੌਜੂਦਾ ਅੰਕੜਿਆਂ ਨੂੰ ਗਲਤ ਕਹਿ ਰਹੇ ਹਨ ਪਹਿਲਾਂ ਦੇ 30 ਤੋਂ 50 ਹਜ਼ਾਰ ਮੌਤਾਂ ਦੇ ਅੰਕੜੇ ਵੀ ਉਹਨਾਂ ਦਿੱਤੇ ਸਨ, ਨਾ ਕਿ ਇਹ ਉਦੋਂ ਅਮਰੀਕਾ 'ਚ ਲਾਸ਼ਾਂ ਗਿਣ ਕੇ ਆਏ ਸਨ। ਦੂਸਰਾ ਉਹ ਕਹਿ ਰਹੇ ਹਨ ਕਿ ਕਿਸੇ ਹੋਰ ਬਿਮਾਰੀ ਨਾਲ ਮਰਨ ਵਾਲਿਆਂ ਨੂੰ ਕਰੋਨਾ ਦੇ ਖਾਤੇ 'ਚ ਪਾਇਆ ਜਾ ਰਿਹਾ ਹੈ। ਇਸ ਤਰਾਂ ਕਰਨ ਨਾਲ ਹਾਸਿਲ ਕੀ ਹੋਵੇਗਾ, ਇਹ ਸਾਬਿਤ ਨਹੀਂ ਕਰ ਸਕੇ। ਫਿਰ ਵੀ ਮਿਸਾਲ ਦੇ ਤੌਰ 'ਤੇ ਜੇਕਰ ਕੋਈ ਦਮੇ ਦਾ ਮਰੀਜ਼ ਹੈ, 10 ਸਾਲਾਂ ਤੋਂ ਤਾਂ ਨਹੀਂ ਮਰਿਆ ਪਰ ਕਰੋਨਾ ਹੋਣ ਤੇ ਉਸਦੀ ਮੌਤ ਹੋ ਜਾਵੇ ਉਸਨੂੰ ਕਿਸ ਖਾਤੇ ਪਾਇਆ ਜਾਵੇ?

ਜੇਕਰ ਇਹ ਮੰਨ ਲਿਆ ਜਾਵੇ ਕਿ ਇਹ ਸਰਮਾਏਦਾਰੀ ਦੀ ਸਾਜਿਸ਼ ਸੀ, ਫਿਰ ਸਵਾਲ ਪੈਦਾ ਹੁੰਦਾ ਹੈ ਕਿ ਉਹਨਾਂ ਇਸ ਵਿੱਚੋਂ ਖੱਟਿਆ ਕੀ? ਚੀਨ ਦੀ ਆਰਥਿਕਤਾ ਬੁਰੀ ਤਰ੍ਹਾਂ ਨੁਕਸਾਨੀ ਗਈ। ਅਮਰੀਕਾ 'ਚ ਕਾਲ਼ੇ ਵਿਅਕਤੀ ਦੇ ਹੋਏ ਕਤਲ 'ਚੋਂ ਖੜੇ ਹੋਏ ਅੰਦੋਲਨ ਦੇ ਕਾਰਨਾਂ ਪਿਛੇ ਕਾਲ਼ੇ ਲੋਕਾਂ ਨਾਲ ਹੁੰਦੇ ਧੱਕੇ ਸਮੇਤ ਆਰਥਿਕ ਮੰਦੀ ਤੇ ਕਰੋਨਾ ਨਾਲ ਨਜਿੱਠਣ ਦੀ ਅਮਰੀਕਾ ਸਰਕਾਰ ਦੀ ਨਲਾਇਕੀ ਮੁੱਖ ਕਾਰਨ ਵਜੋਂ ਗਿਣੀ ਜਾ ਰਹੀ ਹੈ। ਜੋ ਸੱਜਣ ਫਾਰਮਾ ਕੰਪਨੀਆਂ ਦੇ ਮੁਨਾਫੇ ਨਾਲ ਜੋੜ ਕੇ ਵੇਖਦੇ ਹਨ। ਉਹਨਾਂ

ਨੂੰ ਸ਼ਾਇਦ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਜੋ ਤੇਲ ਸਾਮਰਾਜੀਆਂ 'ਚ ਖਹਿ ਤੇ ਯੁੱਧ ਦਾ ਕਾਰਨ ਬਣਦਾ ਰਿਹਾ। ਉਹ ਕੌਡੀਆਂ ਦੇ ਭਾਅ ਵਿਕ ਰਿਹਾ। ਕਰੋਨਾ ਕਰਕੇ ਭੁੱਖਮਰੀ ਤੇ ਬੇਰੁਜ਼ਗਾਰੀ ਭਾਰਤ ਸਮੇਤ ਦੁਨੀਆਂ 'ਚ ਸਭ ਰਿਕਾਰਡ ਤੋੜ ਰਹੀ ਹੈ। ਦੁਨੀਆਂ 'ਚ ਬੇਚੈਨੀ ਕਰਕੇ ਲੋਕਾਂ ਦੀਆਂ ਲਹਿਰਾਂ ਦੀਆਂ ਸੰਭਾਵਨਾਵਾਂ ਵਧੀਆਂ ਹਨ। ਲੌਕਡਾਊਨ ਤੇ ਕਰੋਨਾ ਕਾਲ ਜਿਵੇਂ-ਜਿਵੇਂ ਬੀਤੇਗਾ ਉਵੇਂ-ਉਵੇਂ ਇਹ ਸੰਭਾਵਨਾਵਾਂ ਅਸਲੀਅਤ 'ਚ ਬਦਲਣਗੀਆਂ ਤੇ ਹਾਕਮਾਂ ਲਈ ਚੁਣੌਤੀਆਂ ਕਿਤੇ ਵਧੇਰੇ ਹੋਣ ਵਾਲੀਆਂ ਹਨ।

ਨੌਮ ਚੌਮਸਕੀ ਹੋਰਾਂ ਇੱਕ ਇੰਟਰਵਿਊ 'ਚ ਕਿਹਾ ਕਿ ਇਸ ਮਹਾਂਮਾਰੀ ਤੋਂ ਅਮਰੀਕਾ ਬਚ ਸਕਦਾ ਸੀ ਅਤੇ ਇਸ ਬਾਰੇ ਢੁੱਕਵੀਂ ਜਾਣਕਾਰੀ ਵੀ ਸੀ ਪਰ ਇਸਨੂੰ ਹਲਕੇ 'ਚ ਲਿਆ ਗਿਆ। ਉਹਨਾਂ ਮੁਤਾਬਿਕ ਵਿਗਿਆਨੀ ਪਹਿਲਾਂ ਤੋਂ ਹੀ ਇਸ ਤਰਾਂ ਦੇ ਵਾਇਰਸ ਬਾਰੇ ਕਹਿ ਰਹੇ ਸਨ ਪਰ ਸਰਕਾਰਾਂ ਤੇ ਫਾਰਮਾ ਕੰਪਨੀਆਂ ਦੀ ਖੋਜ 'ਚ ਕੋਈ ਰੁਚੀ ਨਹੀਂ ਸੀ। ਸਰਕਾਰਾਂ ਸਿਰਫ ਉਦੋਂ ਦਖਲਅੰਦਾਜੀ ਕਰਦੀਆਂ ਹਨ, ਜਦੋਂ ਕੰਪਨੀਆਂ ਸੰਕਟ 'ਚ ਹੋਣ ਤੇ ਉਹਨਾਂ ਨੂੰ ਸੰਕਟ 'ਚੋਂ ਕੱਢਣਾ ਹੋਵੇ। ਕਰੋਨਾ ਤੋਂ ਬਾਅਦ ਇੱਕ ਹੋਰ ਭਿਆਨਕ ਮਹਾਂਮਾਰੀ ਦਾ ਮਾਨਵਤਾ ਨੂੰ ਸਾਹਮਣਾ ਕਰਨਾ ਪੈਣਾ। ਵਿਗਿਆਨ ਇਸ ਬਾਰੇ ਵੀ ਸੁਚੇਤ ਕਰ ਰਿਹਾ ਪਰ ਕੋਈ ਵਿਗਿਆਨ ਦੀ ਨਹੀਂ ਸੁਣ ਰਿਹਾ। ਇਹ ਮਹਾਂਮਾਰੀ ਗਲੋਬਲ ਵਾਰਮਿੰਗ ਹੈ।

ਕਰੋਨਾ ਹੈ ਈ ਨਹੀਂ, ਵਰਗੀਆਂ ਗੈਰ ਵਿਗਿਆਨਕ ਗੱਲਾਂ ਕਰਨ ਦੀ ਬਜਾਇ ਸਰਮਾਏਦਾਰੀ ਦੇ ਸਿਹਤ ਪ੍ਰਬੰਧ ਨੂੰ ਬੇਪਰਦ ਕਰਨ ਦੀ ਜ਼ਰੂਰਤ ਹੈ ਤੇ ਮੋਦੀ ਵੱਲੋਂ ਲੌਕਡਾਊਨ ਦੇ ਨਾਮ ਥੱਲੇ ਲੋਕਾਂ ਦੇ ਇਲਾਜ ਦੀ ਬਜਾਇ ਆਪਣਾ ਫਾਸ਼ੀਵਾਦੀ ਅਜੰਡਾ ਲਾਗੂ ਕਰਦਿਆਂ ਵਿਰੋਧੀ ਆਵਾਜ਼ਾਂ ਤੇ ਬੁੱਧੀਜੀਵੀਆਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਕਾਰਪੋਰੇਟ ਨੂੰ ਖੁਸ਼ ਕਰਨ ਲਈ ਘੋਰ ਕਿਸਾਨ ਮਜ਼ਦੂਰ ਵਿਰੋਧੀ ਫੈਸਲੇ ਕੀਤੇ ਜਾ ਰਹੇ ਹਨ। ਕਰੋਨਾ ਕਰਕੇ 40 ਕਰੋੜ ਜਨਤਾ ਦਾ ਗਰੀਬਾਂ ਦੀ ਗਿਣਤੀ 'ਚ ਜੁੜ ਜਾਣ ਨਾਲ ਗਰੀਬੀ 'ਚ ਹੋਰ ਇਜ਼ਾਫਾ ਹੋ ਜਾਣਾ ਹੈ। ਲੋਕਾਂ 'ਚ ਬੇਚੈਨੀ ਵਧ ਰਹੀ ਹੈ। ਲੋਕਾਂ ਨੂੰ ਲਾਕਡਾਊਨ ਤੋੜਨ ਲਈ ਤਿਆਰ ਕਰਦਿਆਂ ਉਹਨਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੇ ਜੱਦੋਜਹਿਦ ਕਰਦਿਆਂ ਬੁਨਿਆਦੀ ਤਬਦੀਲੀ ਦੀ ਲੜਾਈ ਤੇਜ਼ ਕਰੀਏ।

## ਪੀ.ਐਸ.ਯੂ ਵਲੋਂ ਸੂਬੇ ਭਰ 'ਚ ਡਿਪਟੀ ਕਮਿਸ਼ਨਰਾਂ ਨੂੰ ਸੌਂਪੇ ਮੰਗ ਪੱਤਰ

ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਸੂਬਾਈ ਸੱਦੇ ਤਹਿਤ ਪੰਜਾਬ ਭਰ 'ਚ ਲਾਕਡਾਊਨ ਦੌਰਾਨ ਵਿਦਿਆਰਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਡਿਪਟੀ ਕਮਿਸ਼ਨਰਾਂ ਰਾਹੀਂ ਸਰਕਾਰ ਨੂੰ 11 ਜ਼ਿਲ੍ਹਿਆਂ 'ਚ ਮੰਗ ਪੱਤਰ ਸੌਂਪੇ ਗਏ।

ਯੂਨੀਅਨ ਨੇ ਮੰਗ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਦੇ ਬਿਨਾਂ ਕਲਾਸਾਂ ਲਗਾਇਆਂ ਪੇਪਰ ਲੈਣ ਦੇ ਫੈਸਲੇ ਨੂੰ ਵਾਪਸ ਲਿਆ ਜਾਵੇ ਅਤੇ ਘੱਟੋ-ਘੱਟ ਇਕ ਮਹੀਨਾ ਕਲਾਸਾਂ ਲੱਗਣੀਆਂ ਯਕੀਨੀ ਬਣਾਈਆਂ ਜਾਣ, ਪੇਪਰਾਂ ਤੋਂ ਪਹਿਲਾਂ ਸਿਲੇਬਸ ਦਾ ਹਿੱਸਾ ਘੱਟ ਕੀਤਾ ਜਾਵੇ ਅਤੇ ਛਪਾਈ ਅਧੀਨ ਕਿਤਾਬਾਂ ਦਾ ਕੰਮ ਮੁਕੰਮਲ ਕੀਤਾ ਜਾਵੇ।

ਆਗੂਆਂ ਕਿਹਾ ਕਿ ਜਦੋਂ ਲਾਕਡਾਊਨ ਕਾਰਨ ਲੋਕੀਂ ਕੰਮਾਂਕਾਰਾਂ ਤੋਂ ਵਿਹਲੇ ਹੋ ਚੁੱਕੇ ਹਨ। ਲੋਕਾਂ ਸਾਹਮਣੇ ਰੋਜ਼ੀ ਰੋਟੀ ਦਾ ਵੱਡਾ ਸਵਾਲ ਖੜਾ ਹੈ ਉਥੇ ਪ੍ਰਾਈਵੇਟ ਵਿਦਿਅਕ ਅਦਾਰੇ ਵਿਦਿਆਰਥੀਆਂ ਤੋਂ ਲਗਾਤਾਰ ਫੀਸਾਂ ਮੰਗ ਰਹੇ ਹਨ। ਕਈ ਵਿਦਿਅਕ ਅਦਾਰੇ ਤਾਂ ਪਹਿਲਾਂ ਹੀ ਵਿਦਿਆਰਥੀਆਂ ਤੋਂ ਫੀਸਾਂ ਭਰਵਾ ਚੁੱਕੇ ਹਨ। ਹੁਣ ਕਦੇ ਟਿਊਸ਼ਨ ਫੀਸ ਦੇ ਨਾਮ, ਕਦੇ ਆਨਲਾਈਨ ਪੜ੍ਹਾਈ ਦੇ ਨਾਮ 'ਤੇ ਵਿਦਿਆਰਥੀਆਂ ਦੀ ਆਰਥਿਕ ਲੁੱਟ ਕਰ ਰਹੇ ਹਨ ਜਦਕਿ ਜਿਆਦਾਤਰ ਪ੍ਰੈਕਟੀਕਲ ਲੈਬ 'ਚ ਹੀ ਹੋਣੇ ਹੁੰਦੇ ਹਨ।

ਆਗੂਆਂ ਮੰਗ ਕੀਤੀ ਕਿ ਜੋ ਸਿਖਿਆ ਮਹਿਕਮੇ ਵਲੋਂ ਲਿਆ ਫੈਸਲਾ ਕਿ ਈਟੀਟੀ ਸਿਖਿਆਰਥੀ ਪਹਿਲਾਂ ਪੰਜ-ਪੰਜ ਵਿਦਿਆਰਥੀ ਦਾਖਲ ਕਰਵਾਉਣ ਤਾਂ ਅਸੈੱਸਮੈਂਟ ਦੇ ਨੰਬਰ ਲੱਗਣੇ ਹਨ ਨੂੰ ਵਾਪਸ ਲਿਆ ਜਾਵੇ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 8 ਜੂਨ ਤੱਕ ਫੀਸਾਂ ਭਰਨ ਦੇ ਫੈਸਲੇ ਨੂੰ ਵਾਪਸ ਲਿਆ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਵਿਦਿਆਰਥੀ ਨੁਮਾਇੰਦਿਆਂ ਨੂੰ ਜਰੂਰ ਭਰੋਸੇ ਵਿਚ ਲੈ ਲਿਆ ਜਾਵੇ ਅਤੇ ਦੇਸ਼ ਭਰ 'ਚ ਗ੍ਰਿਫਤਾਰ ਕੀਤੇ ਬੁੱਧੀਜੀਵੀ, ਪੱਤਰਕਾਰ, ਵਿਦਿਆਰਥੀ ਆਗੂ ਰਿਹਾ ਕੀਤੇ ਜਾਣ ਅਤੇ ਉਨ੍ਹਾਂ 'ਤੇ ਦਰਜ ਝੂਠੇ ਪਰਚੇ ਰੱਦ ਕੀਤੇ ਜਾਣ।

ਇਸ ਮੌਕੇ ਜੱਥੇਬੰਦੀ ਦੀ ਸੂਬਾਈ ਲੀਡਰਸ਼ਿਪ ਅਤੇ ਜ਼ਿਲ੍ਹਿਆਂ ਦੀ ਲੀਡਰਸ਼ਿਪ ਹਾਜ਼ਿਰ ਸੀ।

# ਝੋਨਾ ਅਤੇ ਮਜ਼ਦੂਰਾਂ ਦੀ ਦਿਹਾੜੀ ਦਾ ਸਵਾਲ

ਪਿਛਲੇ ਇੱਕ ਮਹੀਨੇ ਤੋਂ ਪਿੰਡਾਂ ਵਿੱਚ ਮਤੇ ਪੈ ਰਹੇ ਹਨ ਕਿ ਪਿੰਡ ਵਿੱਚ ਦਿਹਾੜੀ ਦਾ ਰੇਟ ਤੈਅ ਕਰ ਦਿੱਤਾ ਹੈ। ਝੋਨੇ ਦੀ ਲਵਾਈ ਦਾ ਵੀ ਰੇਟ ਫਿਕਸ ਹੋ ਗਿਆ ਹੈ। ਕੋਈ ਵੀ ਬਾਹਰ ਜਾ ਕੇ ਝੋਨਾ ਨਹੀਂ ਲਾ ਸਕਦਾ। ਜੇਕਰ ਕੋਈ ਕਿਸਾਨੀ ਵਿੱਚੋਂ ਇਹ ਤੈਅ ਹੋਏ ਰੇਟਾਂ ਤੋਂ ਵੱਧ ਦੇਵੇਗਾ ਤਾਂ ਉਸਨੂੰ ਵੀ ਜੁਰਮਾਨਾ ਕੀਤਾ ਜਾਵੇਗਾ। ਜੇਕਰ ਕੋਈ ਦਲਿਤ ਦਿਹਾੜੀਦਾਰ ਇਸਦੀ ਉਲੰਘਣਾ ਕਰੇਗਾ ਤਾਂ ਉਸਦਾ ਬਾਈਕਾਟ ਕੀਤਾ ਜਾਵੇਗਾ। ਇਹ ਤੁਗਲਕੀ ਫੁਰਮਾਨ ਪਿੰਡਾਂ ਦੀ ਜੱਟ ਕਿਸਾਨੀ ਇਕੱਠੇ ਹੋ ਕੇ ਕਰ ਰਹੀ ਹੈ। ਕਈ ਜਗ੍ਹਾ ਇਸ ਵਿੱਚ ਸਰਪੰਚ ਸਮੇਤ ਪੰਚਾਇਤ ਮੈਂਬਰ ਸ਼ਾਮਿਲ ਹੁੰਦੇ ਹਨ। ਉਹ ਦਸਤਖਤ ਵੀ ਕਰਦੇ ਹਨ ਤੇ ਮੋਹਰ ਵੀ ਲਾਉਂਦੇ ਹਨ। ਐਹੋ ਜਿਹੇ ਵੀ ਪਿੰਡ ਹਨ ਜਿੱਥੇ ਮਤਾ ਹੀ ਪੰਚਾਇਤ ਦੁਆਰਾ ਪਾਇਆ ਜਾ ਰਿਹਾ ਹੈ। ਇਕੱਠ ਕਰਨ ਲਈ ਇਹ ਸਾਂਝੀ ਜਗ੍ਹਾ ਗੁਰਦੁਆਰਾ ਸਾਹਿਬ ਨੂੰ ਚੁਣਦੇ ਹਨ। ਉਥੋਂ ਦਲਿਤ/ਦਿਹਾੜੀਦਾਰ ਵਿਰੋਧੀ ਅਨਾਉਂਸਮੈਂਟ ਹੁੰਦੀ ਹੈ। ਕਈ ਪਿੰਡਾਂ ਵਿੱਚ ਇਸ ਸਬੰਧੀ ਅਰਦਾਸ ਵੀ ਕੀਤੀ ਗਈ ਹੈ। ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਇਸਤੇ ਚੁੱਪ ਹਨ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਾਹਿਬ ਨੇ ਅੱਖਾਂ ਬੰਦ ਕਰ ਲਈਆਂ ਹਨ। ਕਈਆਂ ਨੂੰ ਲਗਦਾ ਹੈ ਕਿ ਝੋਨੇ ਦੀ ਲਵਾਈ ਦਾ ਰੇਟ ਵਧਣ ਨਾਲ ਨਹੁੰ-ਮਾਸ ਦਾ ਰਿਸ਼ਤਾ ਟੁੱਟ ਜਾਵੇਗਾ। ਝੋਨੇ ਦੀ ਲਵਾਈ ਕੀ ਹੋਵੇ, ਇਸਤੇ ਵੀ ਵਿਚਾਰ ਵੱਖੋ-ਵੱਖਰੇ ਹਨ ? ਕੀ ਕਿਸਾਨੀ ਦਲਿਤ ਵਿਰੋਧੀ ਹੈ ? ਸਵਾਲ ਜਾਤ ਦਾ ਵੱਡਾ ਜਾਂ ਦਿਹਾੜੀ ਦਾ ਵੱਡਾ ? ਇਹ ਸਮੱਸਿਆ ਪਹਿਲਾਂ ਦੀ ਹੈ ਜਾਂ ਫਿਰ ਕਰੋਨਾ ਕਰਕੇ ਆਈ ਹੈ ? ਇਹ ਬਹੁਤ ਸਾਰੇ ਮਾਮਲੇ ਵਿਚਾਰਨਯੋਗ ਹਨ।

ਸਰਕਾਰ ਨੇ ਕਰੋਨਾ ਦੀ ਬਿਮਾਰੀ ਫੈਲਣ ਤੇ ਬਿਨਾਂ ਸੋਚੇ ਸਮਝੇ ਲਾਕਡਾਊਨ ਕਰ ਦਿੱਤਾ। ਸਭ ਕੁੱਝ ਬੰਦ ਕਰ ਦਿੱਤਾ। ਪੂਰੇ ਭਾਰਤ ਵਿੱਚ ਕਰਫਿਊ ਦਾ ਐਲਾਨ ਹੋ ਗਿਆ। ਸਰਕਾਰ ਦੇ ਸਭ ਦਾਅਵੇ ਥੋਥੇ ਨਿਕਲੇ। ਫੈਕਟਰੀਆਂ ਬੰਦ ਹੋ ਗਈਆਂ। ਭੁੱਖੇ ਮਜ਼ਦੂਰ ਪੁਲੀਸ ਰੋਕਾਂ ਦੇ ਬਾਵਜੂਦ ਆਪਣੇ-ਆਪਣੇ ਸੂਬਿਆਂ ਨੂੰ ਚੱਲ ਪਏ। ਨੰਗੇ ਪੈਰੀਂ, ਭੁੱਖਣ ਭਾਣੇ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਉਹ ਆਪਣੇ ਘਰੀਂ ਪਹੁੰਚੇ। ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਪੰਜਾਬ ਵਿੱਚ ਘਟ ਗਈ ਤੇ ਨਵਿਆਂ ਦੇ ਆਉਣ ਦੀ ਵੀ ਸੰਭਾਵਨਾ ਘੱਟ ਹੋ ਗਈ। ਝੋਨੇ ਦੀ ਲਵਾਈ ਤੋਂ ਪਹਿਲਾਂ ਕਣਕ ਦੇ ਸੀਜਨ ਵਿੱਚ ਲੱਗ ਰਿਹਾ ਸੀ ਕਿ ਇਹ ਸਮੱਸਿਆ ਆਵੇਗੀ ਪ੍ਰੰਤੂ ਉਸ ਸਮੇਂ ਸਾਰੇ ਕੰਮ ਰੁਕੇ ਹੋਣ ਕਰਕੇ ਸਾਰੇ ਕਿੱਤਿਆਂ ਦੇ ਮਜ਼ਦੂਰਾਂ ਪਿੰਡਾਂ ਵਿੱਚ ਵਿਹਲੇ ਬੈਠੇ ਸਨ, ਉਹਨਾਂ ਨੇ ਵੀ ਖੇਤੀ ਨਾਲ ਜੁੜੇ ਕੰਮ ਸ਼ੁਰੂ ਕਰ ਦਿੱਤੇ ਤੇ ਲੇਬਰ ਪੂਰੀ ਹੋ ਗਈ। ਦਿਹਾੜੀ ਬਹੁਤੀ ਨਾ ਵਧੀ। ਹੁਣ ਤਾਲਾਬੰਦੀ ਲਗਭਗ ਖੁੱਲ ਗਈ ਹੈ ਪ੍ਰੰਤੂ ਟਰੇਨਾਂ ਤੇ ਬੱਸਾਂ ਪੂਰੀ ਤਰ੍ਹਾਂ ਨਹੀਂ ਚੱਲੀਆਂ। ਹੋਰ ਕਿੱਤਿਆਂ ਦੇ ਮਜ਼ਦੂਰ ਆਪਣੇ ਕੰਮਾਂ ’ਤੇ ਚਲੇ ਗਏ। ਆਵਾਜਾਈ ਨਾ ਚੱਲਣ ਕਰਕੇ ਅਤੇ ਪਹਿਲਾਂ ਵਾਪਰੇ ਘਟਨਾਕ੍ਰਮ ਕਰਕੇ ਪ੍ਰਵਾਸੀ ਮਜ਼ਦੂਰ ਵਾਪਿਸ ਨਹੀਂ ਆ ਰਹੇ। ਇਸ ਕਰਕੇ ਲੇਬਰ ਦੀ ਕਮੀ ਵਧ ਗਈ। ਜਿਸ ਕਾਰਨ ਸਮੱਸਿਆ ਵਧ ਗਈ। ਪ੍ਰਵਾਸੀ ਲੇਬਰ ਘੱਟ ਵਿਕਸਤ ਥਾਂ ਤੋਂ ਆਉਂਦੀ ਹੈ। ਉਹ ਘੱਟ ਰੇਟ ’ਤੇ ਵੀ ਕੰਮ ਕਰਦੀ ਹੈ। ਪ੍ਰਵਾਸੀ ਲੇਬਰ ਖੇਤ ਦਾ ਖੇਤਰਫਲ ਵੀ ਨਹੀਂ ਮਿਣਦੀ। ਉਹਨਾਂ ਨੂੰ ਆਮ ਤੌਰ ’ਤੇ ਕਿਸਾਨੀ ਖੇਤ ਦਾ ਖੇਤਰਫਲ ਘੱਟ ਹੀ ਦੱਸਦੀ ਹੈ ਪ੍ਰੰਤੂ ਪਿੰਡ ਵਿੱਚ ਰਹਿਣ ਵਾਲੇ ਦਲਿਤ/ਦਿਹਾੜੀਦਾਰ ਨੂੰ ਪਤਾ ਹੁੰਦਾ ਹੈ ਕਿ ਕਿਸ ਕਿਸਾਨ ਕੋਲ ਕਿੰਨੀ ਜ਼ਮੀਨ ਹੈ। ਪੇਂਡੂ ਮਜ਼ਦੂਰਾਂ/ਦਲਿਤਾਂ ਕੋਲ ਖੇਤੀ ’ਚ ਮਸ਼ੀਨਰੀ ਆਉਣ ਕਰਕੇ ਕੰਮ ਘਟ ਗਿਆ। ਪਹਿਲਾਂ ਉਹ ਹਾੜੀ ਦੀ ਵਾਢੀ ਵੇਲੇ ਲਗਭਗ ਸਾਲ ਦੀ ਕਣਕ ਬਣਾ ਲੈਂਦੇ ਸੀ ਪ੍ਰੰਤੂ ਉਥੇ ਵੀ ਹੁਣ ਕੰਬਾਇਨ ਨੇ ਥਾਂ ਮੱਲ ਲਈ। ਹੁਣ ਦਲਿਤ/ਮਜ਼ਦੂਰ ਪ੍ਰਵਾਸੀਆਂ ਦੀ ਥਾਂ ਮੰਡੀ ਵਿੱਚ ਸੀਜਨਲ ਕੰਮ ਕਰਦੇ ਹਨ ਤੇ ਇਧਰ ਝੋਨਾ ਲਾਉਣ ਲੱਗ ਪਏ। ਸ਼ਹਿਰਾਂ ਵਿੱਚ ਕੰਮ ਕਰਨ ਲਈ ਵੀ ਇਹ ਹੱਥ ਪੱਲਾ ਮਾਰਦੇ ਹਨ ਪ੍ਰੰਤੂ ਸਨਅਤ ਬਹੁਤੀ ਵਿਕਸਤ ਨਾ ਹੋਣ ਕਰਕੇ ਇਹਨਾਂ ਨੂੰ ਪੂਰਾ ਕੰਮ ਨਹੀਂ ਮਿਲਦਾ।

ਇਸ ਸਮੱਸਿਆ ਦਾ ਕਾਰਨ ਕੇਵਲ ਕਰੋਨਾ ਨਹੀਂ ਸਗੋਂ ਇਸਨੇ ਸਮੱਸਿਆ ਵਧਾ ਦਿੱਤੀ ਹੈ। ਇਸ ਸਮੱਸਿਆ ਦਾ ਅਧਾਰ ਪੈਦਾਵਾਰੀ ਸਾਧਨਾਂ ਦੀ ਬਰਾਬਰ ਵੰਡ ਨਾ ਹੋਣਾ ਅਤੇ ਜਾਤੀ ਦਰਜਾਬੰਦੀ ਹੈ। ਇਹ ਸਮਾਜ ਵਿੱਚ ਪਹਿਲਾਂ ਵੀ ਮੌਜੂਦ ਸੀ ਤੇ ਹੁਣ ਵੀ ਮੌਜੂਦ ਹੈ। ਪੇਂਡੂ ਦਲਿਤ ਜ਼ਮੀਨ ਤੋਂ ਵਿਹੂਣੇ ਹਨ ਤੇ ਜੱਟ ਕਿਸਾਨੀ ਕੋਲ ਜ਼ਮੀਨ ਦੀ ਮਾਲਕੀ ਹੈ। ਵੱਖੋ-ਵੱਖਰੀਆਂ ਮਾਲਕੀ ਪਰਤਾਂ ਦੇ ਬਾਵਜੂਦ ਪੇਂਡੂ ਆਰਥਿਕਤਾ ਤੇ ਪੇਂਡੂ ਸੱਤਾ ’ਤੇ ਮੋਟੇ ਰੂਪ ’ਚ ਲੈਂਡਲਾਰਡ ਤੇ ਧਨਾਢ ਜੱਟ ਕਿਸਾਨੀ ਦਾ ਕਬਜਾ ਹੈ। ਉਹਨਾਂ ਦੇ ਉਲਟ ਹੋਇਆ ਕੋਈ ਸਮੂਹਿਕ ਫੈਸਲਾ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਇਸਤੋਂ ਇਲਾਵਾ ਪੇਂਡੂ ਸਮਾਜ ਜਾਤੀ ਤੌਰ ’ਤੇ ਵੰਡਿਆ ਹੋਇਆ ਹੈ। ਪੰਜਾਬ ਵਿੱਚ ਸਿੱਖ ਲਹਿਰ ਦੇ ਪ੍ਰਭਾਵ

ਕਰਕੇ ਅਤੇ ਥੋੜੇ ਪੂੰਜੀਵਾਦੀ ਢੰਗ ਤਰੀਕੇ ਵਿਕਸਤ ਹੋਣ ਕਰਕੇ ਸੱਭਿਆਚਾਰ ’ਤੇ ਪ੍ਰਭਾਵ ਪਿਆ ਅਤੇ ਭਿੱਟ ਵਿੱਚ ਕਮੀ ਆਈ ਪ੍ਰੰਤੂ ਅਧਾਰ ਵਿੱਚ ਜਾਤ ਹੋਣ ਕਰਕੇ ਇਹ ਉਵੇਂ ਹੀ ਪਈ ਹੈ। ਇਸ ਉੱਪਰ ਇੱਕ ਪਰਦਾ ਜ਼ਰੂਰ ਪੈ ਗਿਆ। ਮੁੱਦਾ ਉਭਰਨ ਤੇ ਇਹ ਅਧਾਰ ਵਿੱਚ ਪਈ ਹੋਣ ਕਰਕੇ ਓਨਾ ਹੀ ਤਿੱਖਾ ਰੂਪ ਧਾਰਨ ਕਰ ਲੈਂਦੀ ਹੈ। ਇਹ ਮਸਲਾ ਦਿਹਾੜੀ ਦਾ ਵੀ ਹੈ ਅਤੇ ਦਿਹਾੜੀ ਦਲਿਤਾਂ ਵੱਲੋਂ ਕੀਤੀ ਜਾਂਦੀ ਹੈ, ਇਹ ਵੀ ਉਨਾ ਹੀ ਸੱਚ ਹੈ। ਰੇਟ ਦੇ ਮਸਲੇ ਨਾਲ ਬਾਈਕਾਟ ਦਾ ਸੁਨੇਹਾ ਇਸੇ ਅਵਸਥਾ ਨੂੰ ਬਿਆਨ ਕਰਦਾ ਹੈ।

ਪਿੰਡਾਂ ਵਿੱਚ ਜਿਹੜੇ ਝੋਨੇ ਦੀ ਲੁਆਈ ਤੇ ਦਿਹਾੜੀ ’ਤੇ ਫਤਵੇ ਜਾਰੀ ਹੋ ਰਹੇ ਹਨ, ਉਹਨਾਂ ਦੀ ਥਾਂ ਹੋਰ ਕਈ ਨਹੀਂ ਸਗੋਂ ਗੁਰਦੁਆਰਾ ਸਾਹਿਬ ਹੈ। ਉਥੋਂ ਹੀ ਬਾਈਕਾਟ ਦੀਆਂ ਅਨਾਊਂਸਮੈਂਟਾਂ ਹੋ ਰਹੀਆਂ ਹਨ ਪ੍ਰੰਤੂ ਨਾ ਤਾਂ ਸ਼੍ਰੋਮਣੀ ਕਮੇਟੀ ਤੇ ਨਾ ਹੀ ਅਕਾਲ ਤਖਤ ਦੇ ਜੱਥੇਦਾਰ ਨੇ ਇਸਦਾ ਕੋਈ ਨੋਟਿਸ ਲਿਆ। ਉਹਨਾਂ ਦੀ ਚੁੱਪੀ ਇਸ ਚੱਲ ਰਹੇ ਵਰਤਾਰੇ ਦੀ ਹਮਾਇਤ ਕਰਦੀ ਹੈ। ਸਿੱਖੀ ਅਸਲ ਵਿੱਚ ਆਪਣਾ ਤੱਤ ਗੁਆ ਚੁੱਕੀ ਹੈ। ਇਹ ਰੂਪ ਵਿੱਚ ਹੀ ਰਹਿ ਗਈ ਹੈ। ਇਸ ਵਾਰੀ ਤਾਂ ਕਰੋਨਾ ਮਹਾਂਮਾਰੀ ਦਰਮਿਆਨ ਲਾਏ ਲੰਗਰ ਦਾ ਮੁੱਲ ਵਸੂਲਣ ਦੀ ਕੋਸ਼ਿਸ਼ ਕੀਤੀ ਗਈ। ਪਿੰਡਾਂ ਵਿੱਚ ਜੱਟਾਂ ਵਿੱਚ ਆਮ ਚਰਚਾ ਸੀ ਕਿ ਅਸੀਂ ਲੰਗਰ ਦਿੱਤਾ ਤੇ ਇਹ ਹੁਣ ਝੋਨੇ ਦੀ ਲੁਆਈ ਦਾ ਰੇਟ ਵੱਧ ਮੰਗ ਰਹੇ ਹਨ। ਉਸ ਲੰਗਰ ਦਾ ਕੀ ਫਾਇਦਾ? ਜਿਹੜਾ ਅਨਾਊਂਸਮੈਂਟ ਕਰਕੇ ਦਸ ਨਹੁੰਆਂ ਦੀ ਕਿਰਤ ਕਰਕੇ ਖਾਣ ਵਾਲੇ ਦਿਹਾੜੀਦਾਰ ਦੀ ਰੋਟੀ ਗਿਣਦਾ ਹੋਵੇ ਤੇ ਉਹ ਸਿੱਖੀ ਦੇ ਤੱਤ ਦਾ ਘੋਰ ਵਿਰੋਧੀ ਹੈ। ਸਿੱਖੀ ਨੇ ਜਿੱਥੇ ਮੁਸਲਿਮ ਤੇ ਹਿੰਦੂ ਧਰਮ ਨਾਲ ਜੁੜੀਆਂ ਕੁਰੀਤੀਆਂ ਖਿਲਾਫ਼ ਆਵਾਜ਼ ਉਠਾਈ ਉਥੇ ਜਾਤੀ ਪ੍ਰਥਾ ਨੂੰ ਰੱਜ ਕੇ ਭੰਡਿਆ —

ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥ ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮ ਬਿੰਦੂ ਤੇ ਸਭ ਉਤਪਾਤਿ ਹੋਈ॥੨॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮਹਾਰਾ॥੩॥
ਪੰਚ ਤਤੁ ਮਿਲਿ ਦੇਹੀ ਕਾ ਅਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥੪॥

ਸਿੱਖ ਗੁਰੂਆਂ ਨੇ ਲੰਗਰ ਪ੍ਰਥਾ ਚਲਾਈ ਤੇ ਸਾਰਿਆਂ ਨੂੰ ਇੱਕੋ ਪੰਗਤ ਵਿੱਚ ਬਿਠਾਇਆ। ਚਾਹੇ ਉਹ ਰਾਜਾ ਸੀ ਤੇ ਚਾਹੇ ਰੰਕ। ਚਾਹੇ ਉਹ ਉੱਚ ਜਾਤੀ ਦਾ ਸੀ ਤੇ ਚਾਹੇ ਨੀਵੀਂ ਜਾਤੀ ਦਾ ਸੀ। ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ। ਰੰਘਰੇਟਿਆਂ ਨੂੰ ਰੰਘਰੇਟੇ ਗੁਰੂ ਕੇ ਬੇਟੇ ਕਿਹਾ। ਇਸ ਪਹਿਲਕਦਮੀ ਨਾਲ ਹੇਠਲੀ ਜਾਤ ਵਾਲੇ ਲੋਕ ਵੀ ਗੁਰੂਆਂ ਦੇ ਨੇੜੇ ਆਏ। ਪੰਜ ਪਿਆਰਿਆਂ ਵਿੱਚ ਵੀ ਇਹੀ ਸਨ। ਕੁਰਬਾਨੀਆਂ ਵੀ ਇਹਨਾਂ ਨੇ ਬਹੁਤ ਦਿੱਤੀਆਂ। ਕਿਹਾ ਜਾਂਦਾ ਕਿ ਜਦੋਂ ਬੰਦਾ ਸਿੰਘ ਬਹਾਦਰ ਨੇ ਜਗੀਰਦਾਰਾਂ ਖਿਲਾਫ਼ ਸੰਘਰਸ਼ ਲੜਿਆ ਤਾਂ ਬਿਨਾਂ ਜਾਤ-ਪਾਤ ਦੇਖੇ ਜ਼ਮੀਨੀ ਵੰਡ ਹੋਈ। ਬੰਦੇ ਦੇ ਸੰਘਰਸ਼ ਨੇ ਆਮ ਲੋਕਾਂ ਦੀ ਸਿੱਖੀ ਵਿੱਚ ਸ਼ਮੂਲੀਅਤ ਕਰਾਈ। ਲੋਕਾਂ ਦੀ ਹਮਾਇਤ ਸਦਕਾ ਹੀ ਉਹ ਜਗੀਰਦਾਰਾਂ ਨੂੰ ਹਰਾ ਸਕਿਆ ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਕਾਇਮ ਕਰਨ ਲਈ ਜਗੀਰਦਾਰਾਂ ਨੂੰ ਮੁੜ ਸੁਰਜੀਤ ਕੀਤਾ। ਹੁਣ ਸਿੱਖੀ ’ਤੇ ਉੱਚ ਜਾਤੀ ਪੇਂਡੂ ਧਨਾਢ ਚੌਧਰੀਆਂ ਦਾ ਕਬਜਾ ਹੈ। ਪਿੰਡਾਂ ਵਿੱਚ ਗੁਰਦੁਆਰਿਆਂ ’ਤੇ ਇਹੀ ਕਾਬਜ ਹਨ।

ਇਸ ਮੁੱਦੇ ’ਤੇ ਕੇਵਲ ਜੱਥੇਦਾਰਾਂ ਦੀ ਹੀ ਨਹੀਂ ਮੌਜੂਦਾ ਹਾਕਮਾਂ ਤੇ ਦੂਸਰੀਆਂ ਸਾਰੀਆਂ ਹੀ ਹਾਕਮ ਜਮਾਤ ਪਾਰਟੀਆਂ ਦੀ ਵੀ ਸਹਿਮਤੀ ਹੈ। ਕਿੰਨੇ ਹੀ ਮਤੇ ਪਏ ਹਨ, ਇਹਨਾਂ ਦੀਆਂ ਅਖ਼ਬਾਰਾਂ ਤੇ ਟੈਲੀਵਿਯਨਾਂ ਵਿੱਚ ਖ਼ਬਰਾਂ ਚੱਲ ਰਹੀਆਂ ਹਨ, ਸੋਸ਼ਲ ਮੀਡੀਏ ਤੇ ਵੀਡੀਓ ਵਾਇਰਲ ਹੋ ਰਹੀਆਂ ਹਨ ਪ੍ਰੰਤੂ ਕੋਈ ਕਾਰਵਾਈ ਨਹੀਂ ਹੋਈ। ਕਾਂਗਰਸ, ਅਕਾਲੀ ਅਤੇ ਆਪ; ਸਾਰੀਆਂ ਪਾਰਟੀਆਂ ਦੀ ਮੂਕ ਸਹਿਮਤੀ ਹੈ। ਖਨੌਰੀ ਖੁਰਦ ਵਿੱਚ ਲਿਖਤੀ ਮਤਾ ਪਾਇਆ ਗਿਆ। ਸਰਪੰਚ ਦੀ ਲੈਟਰਪੈਡ ਹੈ, ਉਸਤੇ ਸਰਪੰਚ ਸਮੇਤ ਬਹੁਤ ਸਾਰੇ ਮੌਜੂਦਾ ਮੈਂਬਰਾਂ ਦੇ ਦਸਤਖਤ ਹਨ। ਉਹਨਾਂ ਦੀ ਮੋਹਰ ਲੱਗੀ ਹੋਈ ਹੈ। ਸੰਗਰੂਰ ਜ਼ਿਲ੍ਹੇ ਦੇ ਡੀ.ਸੀ. ਦੇ ਪੁਲੀਸ ਦੇ ਡੀ.ਐਸ.ਪੀ., ਐਸ.ਪੀ. ਦੇ ਮਾਮਲਾ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਤੇ ਲਿਖਤੀ ਕਾਰਵਾਈ ਦੀ ਮੰਗ ਕੀਤੀ ਪ੍ਰੰਤੂ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਐਸ.ਸੀ. ਕਮਿਸ਼ਨ ਤੋਂ ਕਾਰਵਾਈ ਦੀ ਮੰਗ ਕੀਤੀ ਪ੍ਰੰਤੂ ਉਹ ਚਿੱਟਾ ਹਾਥੀ ਹੈ ਜਿਹੜਾ ਹਾਕਮਾਂ ਦੇ ਕਹੇ ’ਤੇ ਸਿਰ ਹਿਲਾਉਂਦਾ। ਪਿੰਡਾਂ ਵਿੱਚ ਪਾਏ ਗਏ ਮਤਿਆਂ ਵਿੱਚ ਸਾਫ਼ ਕਿਹਾ ਗਿਆ ਹੈ ਕਿ ਕੋਈ ਪਿੰਡ ਤੋਂ ਬਾਹਰ ਝੋਨਾ ਲਾਉਣ ਨਹੀਂ ਜਾਵੇਗਾ, ਇਸਦਾ ਮਤਲਬ ਉਹ ਮਜ਼ਦੂਰ ਬੰਧੂਆ ਹਨ। ਬੰਧੂਆ ਮਜ਼ਦੂਰਾਂ ਨੂੰ ਛੁਡਾਉਣ ਦੇ ਅਧਿਕਾਰ ਡੀ.ਸੀ. ਕੋਲ ਹਨ ਪਰੰਤੂ ਡੀ.ਸੀ ਵੀ ਚੁੱਪ ਹਨ ਕਿਉਂਕਿ ਅਫਸਰਸ਼ਾਹੀ ਵਿੱਚ ਬਹੁਤੇ ਵੱਡੀਆਂ ਜ਼ਮੀਨਾਂ ਵਾਲੇ ਉੱਚ ਜਾਤੀ ਵਿਅਕਤੀ ਹਨ। ਜੇਕਰ ਦਿਹਾੜੀ ਵਧਦੀ ਹੈ ਤਾਂ ਉਹਨਾਂ ਦਾ ਵੀ ਠੇਕਾ

ਘਟਦਾ ਹੈ ਤੇ ਪਿੰਡ ਸੱਤਾ ਦੇ ਮੁਢਲੇ ਕੇਂਦਰ ਹਨ। ਪਿੰਡਾਂ ਵਿੱਚ ਪੇਂਡੂ ਧਨਾਢ ਚੌਧਰੀ ਇਹਨਾਂ 'ਤੇ ਕਾਬਜ ਹਨ। ਜੇਕਰ ਕੋਈ ਦਲਿਤ ਸਰਪੰਚ ਆਦਿ ਬਣ ਵੀ ਜਾਂਦਾ ਹੈ ਤਾਂ ਉਹ ਇਹਨਾਂ ਦੀ ਹੀ ਕਠਪੁਤਲੀ ਹਨ। ਐਮ.ਐਲ.ਏ., ਐਮ.ਪੀ. ਸਾਰੇ ਹੀ ਉਹਨਾਂ ਤੋਂ ਵੋਟਾਂ ਮੰਗਣ ਆਉਂਦੇ ਹਨ। ਇਹਨਾਂ ਦੇ ਉਲਟ ਕੋਈ ਨਹੀਂ ਜਾ ਸਕਦਾ।

ਸ਼ੋਸ਼ਲ ਮੀਡੀਏ ਤੇ ਸੱਥਾਂ ਵਿੱਚ ਇਸ ਮਸਲੇ 'ਤੇ ਚਰਚਾ ਹੈ ਕਿ ਮਜ਼ਦੂਰੀ/ਰੇਟ ਕਿੰਨਾ ਹੋਣਾ ਚਾਹੀਦਾ ਹੈ। ਇਨਕਲਾਬੀ ਖੇਮੇ ਵਿੱਚ ਬੈਠੇ ਲੋਕ ਵੀ ਇਸਤੇ ਸਪੱਸ਼ਟ ਨਹੀਂ ਹਨ। ਪੰਜਾਬ ਸਰਕਾਰ ਦੇ ਸਤੰਬਰ 2019 ਦੇ ਗਜ਼ਟ ਮੁਤਾਬਿਕ ਦਿਹਾੜੀ ਗੈਰ-ਹੁਨਰਮੰਦ ਦੀ 338.05, ਅਰਧ-ਹੁਨਰਮੰਦ ਦੀ 368.05 ਅਤੇ ਹੁਨਰਮੰਦ ਦੀ 402 ਹੈ। ਨਰੇਗਾ ਰਾਹੀਂ ਕੇਂਦਰ ਸਰਕਾਰ 263 ਰੁਪਏ ਦਿੰਦੀ ਹੈ। ਝੋਨੇ ਦੀ ਲੁਆਈ ਦਾ ਰੇਟ ਜੇਕਰ ਘੱਟੋ-ਘੱਟ ਨਿਰਧਾਰਿਤ ਕਰਨਾ ਹੋਵੇ ਤਾਂ ਸਾਨੂੰ ਕਈ ਗੱਲਾਂ ਵਿਚਾਰਣੀਆਂ ਪੈਣਗੀਆਂ। ਇਹ ਕੰਮ ਆਮ ਕੰਮ ਨਹੀਂ, ਬਹੁਤ ਸਖਤ ਕੰਮ ਹੈ। ਇਸ ਵਿੱਚ ਮਜ਼ਦੂਰ 8 ਘੰਟੇ ਨਹੀਂ ਸਗੋਂ 16-17 ਘੰਟੇ ਕੰਮ ਕਰਦੇ ਹਨ। ਪਨੀਰੀ ਪੁੱਟਣ ਦਾ ਕੰਮ ਕਿਸੇ ਗਿਣਤੀ ਵਿੱਚ ਨਹੀਂ ਆਉਂਦਾ। ਬਿਮਾਰੀ-ਠਿਮਾਰੀ ਮਜ਼ਦੂਰ ਦੀ ਆਪਣੀ ਹੈ। ਇੱਥੇ ਕੋਈ ਈ.ਐਸ.ਆਈ. ਨਹੀਂ ਕੱਟਿਆ ਜਾਂਦਾ। ਕੰਮ ਦਰਮਿਆਨ ਕੋਈ ਘਟਨਾ ਵਾਪਰ ਜਾਵੇ ਤਾਂ ਉਹ ਮਜ਼ਦੂਰ ਦੀ ਜਿੰਮੇ ਪੈਂਦੀ ਹੈ ਜਦਕਿ ਸਰਕਾਰ ਦੁਆਰਾ ਵਰਕ ਪਲੇਸ ਸੇਫਟੀ ਐਕਟ ਬਣਾਇਆ ਹੋਇਆ ਹੈ। ਇੱਥੇ ਇਹਨਾਂ ਨੂੰ ਕੋਈ ਰੈਗੂਲਰ ਕੰਮ ਨਹੀਂ ਮਿਲਦਾ। ਕੱਦੂ ਤਿਆਰ ਨਹੀਂ ਤਾਂ ਵਿਹਲੇ ਬੈਠਦੇ ਹਨ। ਲਾਈਟ ਨਹੀਂ ਆਈ ਤਾਂ ਵਿਹਲੇ। ਪਨੀਰੀ ਪੁੱਟਣੀ ਦੂਰੋਂ ਨੇੜਿਉਂ ਤਾਂ ਉਹ ਸਮਾਂ ਮਜ਼ਦੂਰ ਦੇ ਪੱਲੇ ਪੈਂਦਾ। ਕਈ ਕਿਸਾਨ ਕੱਦੂ ਤੋਂ ਪਹਿਲਾਂ ਖਾਦ ਜਾਂ ਦਵਾਈ ਪਾ ਦਿੰਦੇ ਹਨ ਤਾਂ ਹੱਥਾਂ-ਪੈਰਾਂ 'ਤੇ ਕਰੱਹੀਆਂ ਪੈ ਜਾਂਦੀਆਂ ਹਨ। ਫਿਰ ਗਲਣਾ ਸ਼ੁਰੂ ਹੋ ਜਾਂਦੇ ਹਨ। ਪੰਜ ਬੰਦੇ ਪਨੀਰੀ ਪੁੱਟ ਕੇ ਇੱਕ ਕਿੱਲਾ ਲਾਉਂਦੇ ਹਨ। ਰੋਟੀ ਉਹਨਾਂ ਦੀ ਆਪਣੀ ਹੁੰਦੀ ਹੈ। ਜੇਕਰ ਘੱਟੋ-ਘੱਟ ਉਜਰਤ 338 ਨਾਲ ਵੀ ਜੋੜੀਏ ਤਾਂ ਡਬਲ ਸ਼ਿਫਟ 5 ਬੰਦਿਆਂ ਦੇ 3380 ਰੁਪਏ ਬਣੇ ਪ੍ਰੰਤੂ ਉਸਨੂੰ ਹੋਰ ਕੋਈ ਸਹੂਲਤ ਨਾ ਮਿਲਣ ਤੇ ਔਖੇ ਕੰਮ ਦੇ ਅਧਾਰ 'ਤੇ 4500 ਤੋਂ 5500 ਦਰਮਿਆਨ ਘੱਟੋ-ਘੱਟ ਉਜਰਤ ਬਣਦੀ ਹੈ। ਫਿਰ ਕੰਮ 'ਤੇ ਆਉਣਾ ਜਾ ਨਹੀਂ, ਤੁਸੀਂ ਉਸਤੇ ਕੋਈ ਬੰਦਿਸ਼ ਨਹੀਂ ਲਾ ਸਕਦੇ। ਜੇਕਰ ਉਹ ਘੱਟ 'ਤੇ ਨਹੀਂ ਕੰਮ ਕਰਨਾ ਚਾਹੁੰਦਾ ਤਾਂ ਉਸਦੀ ਮਰਜੀ ਹੈ। ਉਹ ਵੱਧ ਦਿਹਾੜੀ ਲਈ ਗੱਲ ਕਰ ਸਕਦਾ ਹੈ।

ਕੀ ਵੱਧ ਦਿਹਾੜੀ ਦਾ ਮਾਮਲਾ ਕਿਸਾਨ ਵਿਰੋਧੀ ਹੈ? ਪਹਿਲੀ ਝੱਟ ਕਿਸਾਨੀ ਦੇ ਪਿੜ ਵਿੱਚ ਖੜ ਕੇ ਇਹ ਕਿਸਾਨ ਵਿਰੋਧੀ ਲਗਦਾ ਹੈ ਪ੍ਰੰਤੂ ਇਸਨੂੰ ਸਮਝਣ ਤੇ ਸਥਿਤੀ ਚਿੱਟੇ ਦਿਨ ਵਾਂਗ ਸਾਫ਼ ਹੋ ਜਾਂਦੀ ਹੈ। ਸਾਰੀ ਕਿਸਾਨੀ ਨੂੰ ਇੱਕੋ ਐਨਕ ਨਾਲ ਦੇਖਣਾ ਕਿਸਾਨੀ ਦੀ ਹੇਠਲੀ ਪਰਤ ਨਾਲ ਧੋਖਾ ਹੈ। ਕਿਸਾਨੀ ਦੀਆਂ ਕਈ ਪਰਤਾਂ ਹਨ। ਬੇਜ਼ਮੀਨੇ ਤੇ ਛੋਟੇ ਕਿਸਾਨ, ਦਰਮਿਆਨੇ ਕਿਸਾਨ, ਧਨੀ ਕਿਸਾਨੀ ਅਤੇ ਜਗੀਰਦਾਰ/ਭੂਮੀਪਤੀ। ਇਸ ਰੌਲੇ ਵਿੱਚ ਛੋਟੇ ਕਿਸਾਨ ਨੂੰ ਕੋਈ ਬਹੁਤਾ ਨੁਕਸਾਨ ਨਹੀਂ ਹੈ। ਵੱਧ ਨੁਕਸਾਨ ਧਨੀ ਕਿਸਾਨੀ ਤੇ ਭੂਮੀਪਤੀ/ਜਗੀਰਦਾਰਾਂ ਨੂੰ ਹੈ। ਇਸ ਸਾਰੀ ਲੜਾਈ ਵਿੱਚ ਉਹ ਅੱਗੇ ਨਹੀਂ ਆਉਂਦੇ, ਉਹ ਬੜੇ ਹੀ ਸਾਊ, ਸੁੱਘੜ, ਸਿਆਣੇ ਤੇ ਭੱਦਰਪੁਰਸ਼ ਬਣੇ ਰਹਿੰਦੇ ਹਨ। ਉਹ ਆਪਣੇ ਮੂਹਰੇ ਘੱਟ ਜ਼ਮੀਨੇ ਨੂੰ ਲਾਉਂਦੇ ਹਨ। ਉਹ ਆਪਣੀ ਪਹਿਚਾਣ ਤੇ ਉੱਚ ਜਾਤੀ ਹੰਕਾਰ ਕਾਰਨ ਅੱਗੇ ਲੱਗਦੇ ਹਨ।

ਇੱਥੋਂ ਤੱਕ ਕਿ ਤਰਨਤਾਰਨ ਜ਼ਿਲ੍ਹੇ ਵਿੱਚ ਤਾਂ ਦਲਿਤ ਵਿਰੋਧੀ ਦਲਿਤ ਸਰਪੰਚ ਹੀ ਅਨਾਉਂਸਮੈਂਟ ਕਰ ਰਿਹਾ ਸੀ। ਅਸਲ ਵਿੱਚ ਪੰਚਾਇਤਾਂ ਵੀ ਉੱਚ ਜਾਤੀ ਪੇਂਡੂ ਧਨਾਢ ਚੌਧਰੀਆਂ ਦੀਆਂ ਰਖੈਲ ਹੀ ਹੁੰਦੀਆਂ ਹਨ। ਹਰੇ ਇਨਕਲਾਬ ਦੇ ਸਾਮਰਾਜੀ ਮਾਡਲ ਨਾਲ ਛੋਟੇ ਤੇ ਦਰਮਿਆਨੇ ਕਿਸਾਨ ਨੂੰ ਨੁਕਸਾਨ ਹੋਇਆ, ਉਹ ਖਾਤਮੇ ਦੇ ਕੰਢੇ ਪਹੁੰਚ ਗਿਆ ਪ੍ਰੰਤੂ ਧਨੀ ਕਿਸਾਨ ਤੇ ਜਗੀਰਦਾਰ/ਭੂਮੀਪਤੀ ਹੋਰ ਤਕੜੇ ਹੋ ਗਏ। ਛੋਟੀ ਤੇ ਦਰਮਿਆਨੀ ਕਿਸਾਨੀ ਦੇ ਖਰਚੇ ਵਧੇ ਤੇ ਆਮਦਨ ਘਟੀ ਹੈ। ਉਹ ਕਰਜ਼ਾ ਕੁੜਿੱਕੀ ਵਿੱਚ ਫਸ ਗਏ ਹਨ। ਉਸ ਸਿਰ ਕਰਜ਼ਾ ਪੇਂਡੂ ਧਨਾਢਾਂ ਤੇ ਸਰਕਾਰ ਦਾ ਹੈ। ਉਹ ਜਿਆਦਾ ਵੱਡਿਆਂ 'ਤੇ ਨਿਰਭਰ ਹਨ। ਉਹ ਜ਼ਮੀਨ ਦੀ ਥੁੜ ਮਾਰੇ ਹਨ। ਉਹਨਾਂ ਦੇ ਗੁੱਸੇ ਦਾ ਮੂੰਹ ਸਰਕਾਰ ਤੇ ਪੇਂਡੂ ਧਨਾਢ ਚੌਧਰੀਆਂ ਨਾਲੋਂ ਉਲਟੇ ਰੁਖ਼ ਵੱਲ ਨੂੰ ਮੋੜਿਆ ਜਾਂਦਾ ਹੈ। ਆਪਣੀ ਤੰਗੀ, ਪਹਿਚਾਣ ਤੇ ਉੱਚ ਜਾਤੀ ਕਾਰਨ ਉਹ ਪੂਰਾ ਤਾਣ ਲਾਉਂਦੇ ਹਨ।

ਇਸ ਸਾਰੀ ਸਥਿਤੀ ਦਾ ਵਿਰੋਧ ਕਰਨ ਵਾਲਿਆਂ ਦੀਆਂ ਪਹੁੰਚਾਂ ਵੀ ਵੱਖਰੀਆਂ-2 ਹਨ। ਇਕ ਪਹੁੰਚ ਜਾਤੀਵਾਦੀ ਹੈ। ਜਿਹੜੀ ਇਸਨੂੰ ਉੱਚ ਉਸਾਰ ਦੇ ਜੁਮਰੇ ਵਿੱਚ ਹੀ ਦੇਖਦੀ ਹੈ। ਉਹ ਪੈਦਾਵਾਰੀ ਸਾਧਨਾਂ ਦੀ ਕਾਣੀ ਵੰਡ ਨੂੰ ਪਿੱਛੇ ਕਰ ਦਿੰਦੀ ਹੈ। ਉਹ ਚੋਣਾਂ ਰਾਹੀਂ ਸੱਤਾ ਤਬਦੀਲੀ ਨੂੰ ਦੇਖਦੇ ਹਨ ਤੇ ਇਸਦੇ ਨਾਲ ਹੀ ਸਾਰਾ ਹੱਲ ਸੁਝਾਉਂਦੇ ਹਨ। ਉਹ ਜਾਤੀ ਪ੍ਰਬੰਧ ਨੂੰ ਖ਼ਤਮ ਕਰਨ ਦੀ ਗੱਲ ਨਹੀਂ ਕਰਦੇ ਸਗੋਂ ਇਸਨੂੰ ਗੂੜਾ ਕਰਕੇ ਆਪਣੀ ਵੋਟ ਪਰਚੀ ਪੱਕੀ ਕਰਦੇ

ਹਨ। ਉਹ ਮਨੂੰ ਦੀ ਵਰਣ-ਵਿਵਸਥਾ ਨੂੰ ਵੀ ਟੀਰੀ ਅੱਖ ਨਾਲ ਦੇਖਦੇ ਹਨ। ਜਦਕਿ ਮਨੂੰ ਦੀ ਜਾਤੀਵਾਦੀ ਪ੍ਰਬੰਧ ਵਿੱਚ ਹਰੇਕ ਆਪਣੇ ਤੋਂ ਨੀਵਿਆਂ ਨੂੰ ਦੇਖ ਕੇ ਖੁਸ਼ ਹੋ ਜਾਂਦਾ ਹੈ। ਉਹ ਸਾਰੀ ਕਿਸਾਨੀ ਨੂੰ ਜਾਤੀ ਨਜ਼ਰੀਏ ਤੋਂ ਦੇਖਦੇ ਹਨ। ਦੂਸਰੀ ਸਮਝ ਵਾਲੇ ਉਹ ਲੋਕ ਹਨ ਜਿਹੜੇ ਮਾਰਕਸਵਾਦੀ ਤਾਂ ਅਖਵਾਉਂਦੇ ਹਨ ਪ੍ਰੰਤੂ ਮਾਰਕਸੀ ਨਜ਼ਰੀਏ ਨੂੰ ਸਮਝਣ, ਆਪਣੇ ਦੇਸ਼ ਦੀਆਂ ਪ੍ਰਸਥਿਤੀਆਂ ਵਿੱਚ ਲਾਗੂ ਕਰਨ ਦੀ ਥਾਂ ਮਾਰਕਸਵਾਦ ਦੇ ਖੋਪੇ ਚਾੜ ਲੈਂਦੇ ਹਨ ਤੇ ਬੋਤਾ ਬਿਰਤੀ ਕਾਰਨ ਖੂਹ ਦੇ ਆਲੇ-ਦੁਆਲੇ ਹੀ ਚੱਕਰ ਲਾਉਂਦੇ ਹਨ ਤੇ ਜਾਂਦੇ ਕਿਤੇ ਵੀ ਨਹੀਂ। ਇਹ ਜਾਤ ਦਾ ਹੱਲ ਕੇਵਲ ਆਰਥਿਕ ਤਬਦੀਲੀ ਰਾਹੀਂ ਦੇਖਦੇ ਹਨ। ਉਹ ਜਾਤ ਨੂੰ ਅਧਾਰ ਵਿੱਚ ਮੰਨਦੇ ਹਨ। ਪਿੰਡ ਵਿੱਚ ਝੋਨੇ ਦੇ ਮਸਲੇ ’ਤੇ ਇੱਕ ਜਾਤੀ ਦਾ ਬਾਈਕਾਟ ਹੀ ਕਿਉਂ ਹੁੰਦਾ ਹੈ, ਉਹਨਾਂ ਕੋਲ ਕੋਈ ਜਵਾਬ ਨਹੀਂ। ਇੱਕੋ ਜਾਤੀ ਵਧੇਰੇ ਝੋਨਾ ਕਿਉਂ ਲਾਉਂਦੀ ਹੈ, ਉਹ ਚੁੱਪ ਹਨ। ਜਿਹਨਾਂ ਦਾ ਪਿੰਡ ਵਿੱਚੋਂ ਭਾਂਡਾ ਛੇਕਿਆ ਜਾਂਦਾ ਹੈ, ਖੇਤਾਂ ਵਿੱਚ ਵੱਟ ’ਤੇ ਚੜ੍ਹਨ ਤੋਂ ਰੋਕਿਆ ਜਾਂਦਾ ਹੈ, ਉਹ ਦਲਿਤ ਹੀ ਹਨ ਹੋਰ ਕੋਈ ਨਹੀਂ। ਉਹ ਇਸਨੂੰ ਸਿਰਫ ਦਿਹਾੜੀ ਦਾ ਸਵਾਲ ਸਮਝਦੇ ਹਨ। ਤੀਸਰੀ ਸਮਝ ਇਸਦੀ ਜੜ੍ਹ ਜ਼ਰੂਰ ਫੜਦੀ ਹੈ ਪਰ ਬਹੁਤੀ ਅਸਰਦਾਰ ਦਖਲਅੰਦਾਜੀ ਨਹੀਂ ਕਰ ਸਕੀ। ਉਨ੍ਹਾਂ ਦੀ ਸਮਝ ਅਨੁਸਾਰ ਜਾਤ ਅਧਾਰ ਤੇ ਉੱਚ ਉਸਾਰ ਦੋਹਾਂ ਵਿੱਚ ਮੌਜੂਦ ਹੈ। ਮੌਜੂਦਾ ਸਮੇਂ ਵਿੱਚ ਜੋ ਸਥਿਤੀ ਬਣੀ ਹੈ, ਇਹ ਗ਼ਲਤ ਹੈ। ਪਿੰਡ ਵਿੱਚ ਕਿਸੇ ਨੂੰ ਵੀ ਕੋਈ ਫੁਰਮਾਨ ਜਾਰੀ ਨਹੀਂ ਕਰਨਾ ਚਾਹੀਦਾ। ਇਹ ਮਸਲਾ ਸਹਿਮਤੀ ਨਾਲ ਨਜਿੱਠਣਾ ਚਾਹੀਦਾ ਹੈ। ਪਰ ਜੇਕਰ ਸਹਿਮਤੀ ਨਾ ਬਣੀ ਤਾਂ ਫਿਰ ?

ਅਸਲ ਵਿੱਚ ਪੇਂਡੂ ਖੇਤਰ ’ਚ ਅਰਧ-ਜਗੀਰੂ ਰਿਸ਼ਤਿਆਂ ਤੋਂ ਮੁਕਤੀ ਜ਼ਰੱਈ ਇਨਕਲਾਬ ਨਾਲ ਜੁੜੀ ਹੋਈ ਹੈ। ਜ਼ਰੱਈ ਇਨਕਲਾਬ ਦਾ ਮਤਲਬ ਕੇਵਲ ਜ਼ਮੀਨੀ ਸੰਘਰਸ਼ ਨਹੀਂ। ਇਸਦਾ ਮਤਲਬ ਜ਼ਮੀਨ, ਕਰਜ਼ਾ ਤੇ ਦਿਹਾੜੀ ਹੈ। ਦਿਹਾੜੀ ਵਿੱਚ ਇੱਕ ਸੀਰੀ ਆਉਂਦੇ ਹਨ, ਜਿਹੜੀ ਨਰੜੀ ਕਿਰਤ ਹੈ, ਜੋ ਬੰਧੂਆ ਮਜ਼ਦੂਰ ਹਨ। ਇਹਨਾਂ ਵਿੱਚ ਅੱਜ ਕੱਲ ਬਹੁਤੇ ਪ੍ਰਵਾਸੀ ਹਨ। ਜਦੋਂ ਪੰਜਾਬ ਵਿੱਚ ਲਾਕਡਾਊਨ ਸੀ ਤੇ ਬਹੁਤ ਸਾਰੀ ਪ੍ਰਵਾਸੀ ਲੇਬਰ ਆਪਣੇ ਘਰਾਂ ਨੂੰ ਵਾਪਿਸ ਜਾ ਰਹੀ ਸੀ ਤਾਂ ਇਹ ਲਾਕਡਾਊਨ ਵਿੱਚ ਵੀ ਆਜ਼ਾਦ ਨਹੀਂ ਹੋ ਸਕੇ। ਦੂਸਰਾ ਹਿੱਸਾ ਖੇਤਾਂ ਵਿੱਚ ਦਿਹਾੜੀ ਕਰਦਾ, ਉਸਨੂੰ ਟੁੱਟਵੀਂ ਦਿਹਾੜੀ ਮਿਲਦੀ ਹੈ। ਉਸਦਾ ਦਿਹਾੜੀ ਵਧਾਉਣ ਦੇ ਮੁੱਦੇ ’ਤੇ ਬਾਈਕਾਟ ਹੋ ਜਾਂਦਾ ਹੈ। ਹੁਣ ਹੋ ਰਿਹਾ ਬਾਈਕਾਟ ਕੋਈ ਅਲੋਕਾਰੀ ਘਟਨਾ ਨਹੀਂ, ਹਾਂ ਵਧਵੇਂ ਰੂਪ ਵਿੱਚ ਜ਼ਰੂਰ ਹੈ। ਜ਼ਮੀਨੀ ਵੰਡ ਤੇ ਕਰਜ਼ੇ ਦੇ ਮੁੱਦੇ ’ਤੇ ਪੇਂਡੂ ਮਜ਼ਦੂਰ, ਬੇਜ਼ਮੀਨੇ, ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਸੰਘਰਸ਼ ਸਾਂਝੇ ਹਨ। ਦਿਹਾੜੀ ਦੇ ਮੁੱਦੇ ’ਤੇ ਇਹਨਾਂ ਦਾ ਆਪਸੀ ਵਿਰੋਧ ਪੈਦਾ ਹੁੰਦਾ ਹੈ। ਉਪਰੋਕਤ ਸੰਘਰਸ਼ਾਂ ਲਈ ਇਸਤੇ ਆਪਸੀ ਸਹਿਮਤੀ ਨਾਲ ਰੇਟ ਤੈਅ ਕਰਨਾ ਚਾਹੀਦਾ ਹੈ। ਜੇਕਰ ਸਹਿਮਤੀ ਨਹੀਂ ਬਣਦੀ ਤਾਂ ਸਾਨੂੰ ਦਲਿਤਾਂ ਨਾਲ ਖੜਨਾ ਚਾਹੀਦਾ ਹੈ। ਸੰਘਰਸ਼ ਦਾ ਮੂੰਹ ਮਾੜਿਆਂ ਨਾਲੋਂ ਲੈਂਡਲਾਰਡ ਤੇ ਧਨੀ ਕਿਸਾਨੀ ਵੱਲ ਸੇਧਿਤ ਕਰਨਾ ਚਾਹੀਦਾ ਹੈ। ਦਾਅਪੇਚਕ ਤੌਰ ’ਤੇ ਛੋਟੀ ਕਿਸਾਨੀ ਪ੍ਰਤੀ ਨਰਮਗੋਸ਼ਾ ਰੱਖਣਾ ਚਾਹੀਦਾ ਹੈ। ਵੱਡਿਆਂ ਨੂੰ ਵੱਧ ਰੇਟ ’ਤੇ ਅਤੇ ਛੋਟਿਆਂ ਲਈ ਥੋੜਾ ਘਟਾ ਕੇ ਲੈਣਾ ਚਾਹੀਦਾ ਹੈ ਤਾਂ ਕਿ ਬਾਈਕਾਟ ਵੀ ਰੋਕਿਆ ਜਾਵੇ ਅਤੇ ਦਿਹਾੜੀ ਵਧਾਉਣ ਵਿੱਚ ਵੀ ਸਫ਼ਲਤਾ ਮਿਲੇ।

## ਸ਼ੋਕ ਸਮਾਚਾਰ

1. ਅੰਮ੍ਰਿਤਸਰ ਦੇ ਬਜੁਰਗ ਕਿਸਾਨ ਆਗੂ ਮਾਸਟਰ ਬਲਵਿੰਦਰ ਸਿੰਘ ਭਿੰਡੀਆਂ ਦੀ ਜੀਵਨ ਸਾਥਨ ਜਸਵਿੰਦਰ ਕੌਰ 31 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਭੋਗ ਤੇ ਅੰਤਿਮ ਅਰਦਾਸ ਸਮੇਂ ਉਨਾਂ ਵੱਲੋਂ ਅਦਾਰਾ ਇਨਕਲਾਬੀ ਸਾਡਾ ਰਾਹ ਨੂੰ 1000 ਰੁਪਏ ਸਹਾਇਤਾ ਭੇਜੀ ਗਈ। ਅਦਾਰਾ ਇਨਕਲਾਬੀ ਸਾਡਾ ਰਾਹ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੋਇਆ ਸਹਾਇਤਾ ਲਈ ਧੰਨਵਾਦੀ ਹੈ।

2. ਕਿਰਤੀ ਕਿਸਾਨ ਯੂਨੀਅਨ ਦੀ ਸਮਰਾਏ (ਜਲੰਧਰ) ਇਕਾਈ ਦੇ ਪ੍ਰਧਾਨ ਮੱਖਣ ਸਿੰਘ ਸਮਰਾ ਨੇ ਆਪਣੇ ਪਿਤਾ ਜੀ ਸ. ਭਗਤ ਸਿੰਘ ਦੀ ਯਾਦ ਵਿੱਚ 1000 ਰੁਪਏ ਪੇਪਰ ਲਈ ਸਹਾਇਤਾ ਕੀਤੀ। ਅਦਾਰਾ ਇਨ. ਸਾਡਾ ਰਾਹ ਪਰਿਵਾਰ ਨਾਲ ਹਮਦਰਦੀ ਦਾ ਇਜਹਾਰ ਕਰਦਾ ਹੈ ਤੇ ਸਹਾਇਤਾ ਲਈ ਧੰਨਵਾਦੀ ਹੈ।

## ਸਹਾਇਤਾ

1. ਸੋਨੂੰ, ਪ੍ਰਭਾ ਤੇ ਜੱਗਾ ਪੱਡਾ (ਆਸਟਰੇਲੀਆ) ਵੱਲੋਂ ਅਦਾਰਾ ਇਨਕਲਾਬੀ ਸਾਡਾ ਰਾਹ ਨੂੰ 10,000 ਰੁ. ਸਹਾਇਤਾ ਭੇਜੀ ਗਈ। ਅਦਾਰਾ ਇਨ. ਸਾਡਾ ਰਾਹ ਸਾਥੀਆਂ ਦਾ ਸਹਾਇਤਾ ਲਈ ਧੰਨਵਾਦੀ ਹੈ।

2. ਇਨਕਲਾਬੀ ਜਮਹੂਰੀ ਲਹਿਰ ਦੇ ਹਮਦਰਦ ਮਰਹੂਮ ਦੁਆਰਕਾ ਦਾਸ ਵਿਰਲੀ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ 2000 ਰੁ. ਸਹਾਇਤਾ ਭੇਜੀ ਗਈ। ਅਦਾਰਾ ਇਨ. ਸਾਡਾ ਰਾਹ ਸਹਾਇਤਾ ਲਈ ਧੰਨਵਾਦੀ ਹੈ।

# ਭਾਰਤ ਦੀ ਉੱਤਰੀ-ਪੂਰਬੀ ਸਰਹੱਦ 'ਤੇ ਤਣਾਅ — ਅਮਰੀਕੀ ਰਣਨੀਤੀ

ਅੱਜ ਜਦੋਂ ਲੋਕਾਂ ਦਾ ਸਾਰਾ ਧਿਆਨ ਕਰੋਨਾ ਵਾਇਰਸ ਦੀ ਬਿਮਾਰੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਨੇ ਮੱਲਿਆ ਹੋਇਆ ਸੀ ਤਾਂ ਭਾਰਤ ਦੀ ਉੱਤਰ-ਪੂਰਬੀ ਸੀਮਾ 'ਤੇ ਕੁਝ ਗੰਭੀਰ ਘਟਨਾਵਾਂ ਵਾਪਰ ਰਹੀਆਂ ਸਨ। 12 ਮਈ ਦੇ ਇਕਨੌਮਿਕ ਟਾਈਮਜ਼ 'ਚ ਰਿਪੋਰਟ ਛਪੀ ਕਿ ਭਾਰਤ-ਚੀਨ ਸਰਹੱਦ 'ਤੇ ਭਾਰਤੀ ਫੌਜ ਅਤੇ ਚੀਨ ਦੀ ਲਾਲ ਫੌਜ ਦੇ ਸਿਪਾਹੀਆਂ ਵਿਚਕਾਰ ਕੁਝ ਝੜਪਾਂ ਹੋਈਆਂ ਹਨ। ਪਰ ਭਾਰਤ ਸਰਕਾਰ ਨੇ ਅਧਿਕਾਰਤ ਰੂਪ ਵਿੱਚ ਇਸ ਬਾਰੇ ਕੁਝ ਨਹੀਂ ਬੋਲਿਆ। ਇਹਨਾਂ ਝੜਪਾਂ ਵਿੱਚ ਧੱਕਾਮੁੱਕੀ ਤੋਂ ਬਿਨਾਂ ਪੱਥਰਾਂ ਦੀ ਵੀ ਵਰਤੋਂ ਕੀਤੀ ਗਈ ਹੈ। ਜਿਸ ਵਿੱਚ ਦੋਵਾਂ ਪਾਸਿਆਂ ਦੇ ਜਵਾਨ ਜਖ਼ਮੀ ਹੋਏ ਹਨ। ਫਿਰ ਇਹ ਵੀ ਖ਼ਬਰ ਆਈ ਕਿ ਚੀਨੀ ਫੌਜ ਨੇ ਕੁਝ ਭਾਰਤੀ ਸੈਨਿਕਾਂ ਨੂੰ ਕੁਝ ਦੇਰ ਲਈ ਬੰਦੀ ਬਣਾ ਲਿਆ ਸੀ। ਬਾਅਦ ਵਿੱਚ ਸਥਾਨਕ ਪੱਧਰ 'ਤੇ ਫੌਜੀ ਅਧਿਕਾਰੀਆਂ ਵਿਚਕਾਰ ਹੋਈ ਮੀਟਿੰਗ ਤੋਂ ਬਾਅਦ ਇਹਨਾਂ ਫੌਜੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸਤੇ ਭਾਰਤੀ ਵਿਦੇਸ਼ ਵਿਭਾਗ ਨੇ ਪ੍ਰਤੀਕਰਮ ਦਿੱਤਾ ਕਿ ਇਹ ਰਿਪੋਰਟ ਪੂਰੀ ਤਰ੍ਹਾਂ ਸਹੀ (accurate) ਨਹੀਂ, ਜਿਸਦਾ ਅਰਥ ਹੈ ਕਿ ਗ਼ਲਤ ਵੀ ਨਹੀਂ ਹੈ। ਇਸ ਘਟਨਾ ਦੀ ਵੀਡੀਓ ਵੀ ਆ ਗਈ। ਬਿਨਾਂ ਕੋਈ ਵਿਸਥਾਰ ਦਿੱਤੇ ਚੀਨ ਅਤੇ ਭਾਰਤ, ਦੋਵਾਂ ਨੇ ਮੰਨ ਲਿਆ ਕਿ ਦੋਵਾਂ ਦੇਸ਼ਾਂ ਦੇ ਫੌਜੀਆਂ ਵਿਚਕਾਰ ਝੜਪਾਂ ਹੋਈਆਂ ਹਨ। ਅਸਲ ਵਿੱਚ 5-6 ਮਈ ਦੀ ਵਿਚਕਾਰਲੀ ਰਾਤ ਨੂੰ ਇਹ ਘਟਨਾ ਯਾਨਗੌਂਗ ਸੋ ਵਿੱਚ ਵਾਪਰੀ ਅਤੇ ਦੂਸਰੀ ਘਟਨਾ ਨਾਕੂ ਲਾ ਦਰ੍ਹੇ 'ਤੇ 9 ਮਈ ਨੂੰ ਵਾਪਰੀ ਸੀ। ਭਾਵੇਂ ਇਹ ਦੋਵੇਂ ਘਟਨਾਵਾਂ ਲੱਦਾਖ ਸੈਕਟਰ ਵਿੱਚ ਵਾਪਰੀਆਂ ਪਰ ਇੱਕ ਪਾਸੇ ਸਿੱਕਮ ਦੇ ਨਜ਼ਦੀਕ ਅਤੇ ਦੂਜੇ ਪਾਸੇ ਦੌਲਤਾਬੇਗ਼ ਓਲਡੀ ਵਾਲੀ ਸੜਕ ਦੇ ਪਾਸੇ ਵਾਪਰੀ। ਇਹ ਦੋਵੇਂ ਇੱਕ ਦੂਜੇ ਤੋਂ ਕਾਫੀ ਦੂਰ ਹਨ। ਇਸਦਾ ਅਰਥ ਹੈ ਕਿ ਇਹ ਝੜਪਾਂ ਸਥਾਨਕ ਪੱਧਰ 'ਤੇ ਆਪ-ਮੁਹਾਰੇ ਹੋਈਆਂ ਘਟਨਾਵਾਂ ਨਹੀਂ ਹਨ। ਇਹ ਝੜਪਾਂ ਕੰਟਰੋਲ ਰੇਖਾ ਵਾਲੇ, ਗਲਵਾਨ ਵਾਦੀ ਖੇਤਰ ਵਿੱਚ ਵਾਪਰੀਆਂ ਹਨ, ਜਿਸਤੇ ਦੋਵਾਂ ਧਿਰਾਂ ਦੇ ਵੱਖਰੇ-ਵੱਖਰੇ ਦਾਅਵੇ ਹਨ।

ਲੱਦਾਖ ਸੈਕਟਰ ਦੀ ਗਲਵਾਨ ਵਾਦੀ ਭਾਰਤ-ਚੀਨ ਝਗੜੇ ਦਾ ਮੂਲ ਹੈ। ਇਸ ਸੈਕਟਰ ਵਿੱਚ ਭਾਰਤ ਅਕਸਾਈ ਚਿੰਨ ਜੋ ਗਲਵਾਨ ਵਾਦੀ ਤੋਂ ਵੀ ਅੱਗੇ ਹੈ 'ਤੇ ਵੀ ਆਪਣਾ ਦਾਅਵਾ ਜਤਾਉਂਦਾ ਸੀ ਅਤੇ ਚੀਨ ਇਸਨੂੰ ਜ਼ਮੀਨੀ ਹਕੀਕਤਾਂ ਤੋਂ ਉਲਟਾ ਦਸਦਾ ਹੈ। ਇਹ ਖੇਤਰ ਚੀਨ ਦੇ ਤਿੱਬਤ ਨਾਲ ਲਗਦਾ ਹੈ। ਤਿੱਬਤ ਚੀਨ ਲਈ ਸੰਵੇਦਨਸ਼ੀਲ ਦੇਸ਼ ਹੈ। ਤਿੱਬਤ ਦੇ ਬੋਧੀਆਂ ਦੇ ਧਾਰਮਿਕ ਗੁਰੂ, ਦਲਾਈਲਾਮਾ ਨੇ ਭਾਰਤ ਵਿੱਚ ਸ਼ਰਨ ਲਈ ਹੈ ਤੇ ਤਿੱਬਤ ਵਿੱਚ ਦਲਾਈਲਾਮਾ ਦੇ ਪੈਰੋਕਾਰ ਚੀਨੀ ਸਰਕਾਰ ਦੇ ਵਿਰੋਧੀ ਹਨ। ਚੀਨੀ ਸਰਕਾਰ ਦਾ ਮੰਨਣਾ ਸੀ ਕਿ ਇਸ ਖੇਤਰ ਵਿੱਚ ਭਾਰਤ ਪੈਰ ਜਮਾ ਕੇ ਇਸ ਵਿਰੋਧ ਨੂੰ ਹਵਾ ਦੇ ਸਕਦਾ ਹੈ। ਇਸ ਕਰਕੇ ਚੀਨ ਇਸ ਖੇਤਰ ਵਿੱਚ ਪਿੱਛੇ ਹਟਣ ਲਈ ਤਿਆਰ ਨਹੀਂ ਸੀ। ਦੋਵਾਂ ਸਰਕਾਰਾਂ ਵਿਚਕਾਰ 1959-60 ਵਿੱਚ ਹੋਈਆਂ ਵਾਰਤਾਵਾਂ ਵਿੱਚ ਚੀਨ ਨੇ ਭਾਰਤ ਨੂੰ ਇਸ ਜ਼ਮੀਨ ਦੇ ਬਦਲੇ ਨੇਫਾ (ਨੌਰਥ ਈਸਟ ਫਰੰਟੀਅਰ ਏਰੀਆ) ਅੱਜਕੱਲ ਅਰੁਣਾਚਲ ਪ੍ਰਦੇਸ਼ ਵਿੱਚ ਇਸਦੇ ਬਦਲ ਵਿੱਚ ਜ਼ਮੀਨ ਦੇਣ ਦੀ ਵੀ ਪੇਸ਼ਕਸ਼ ਕੀਤੀ ਸੀ। ਪਰ ਅਮਰੀਕੀ ਸਾਮਰਾਜ ਦੇ ਢਹੇ ਚੜ੍ਹੀ ਨਹਿਰੂ ਸਰਕਾਰ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ।

1962 ਵਿੱਚ ਜਦੋਂ ਭਾਰਤ-ਚੀਨ ਵਿਚਕਾਰ ਸਰਹੱਦੀ ਮਾਮਲੇ ਵਿੱਚ ਤਣਾਅ ਵਧ ਰਿਹਾ ਸੀ ਤਾਂ ਜੁਲਾਈ 1962 ਵਿੱਚ ਭਾਰਤੀ ਫੌਜ ਦੇ ਹੈਡਕੁਆਟਰ ਵੱਲੋਂ ਉੱਤਰੀ ਕਮਾਂਡ ਨੂੰ ਆਰਡਰ ਮਿਲਿਆ ਕਿ ਉਹ ਗਲਵਾਨ ਵਾਦੀ ਵਿੱਚ ਇੱਕ ਅਗਾੜੀ ਚੌਕੀ ਸਥਾਪਿਤ ਕਰੇ। ਪੱਛਮੀ ਕਮਾਂਡ ਨੇ ਅਜਿਹੀ ਚੌਕੀ ਸਥਾਪਿਤ ਕਰਨ ਦਾ ਵਿਰੋਧ ਕੀਤਾ। ਪੱਛਮੀ ਕਮਾਂਡ ਦਾ ਮੰਨਣਾ ਸੀ ਕਿ ਇਸ ਚੌਕੀ ਦਾ ਕੋਈ ਰਣਨੀਤਕ ਲਾਭ ਨਹੀਂ ਹੋਣਾ ਸਗੋਂ ਇਸ ਨਾਲ ਭੜਕਾਹਟ ਹੀ ਪੈਦਾ ਹੋਣੀ ਹੈ। ਪਰ ਉਦੋਂ ਤੱਕ ਸਰਕਾਰ ਦੇ ਪੱਧਰ 'ਤੇ ਸ਼ਾਇਦ ਚੀਨ ਨਾਲ ਜੰਗ ਲੜਨ ਦਾ ਫੈਸਲਾ ਹੋ ਚੁੱਕਾ ਸੀ। ਕੇਂਦਰੀ ਹੈਡਕੁਆਟਰ ਨੇ ਸਾਰੇ ਇਤਰਾਜ਼ਾਂ ਨੂੰ ਨਜ਼ਰਅੰਦਾਜ ਕਰਦਿਆਂ ਚੌਕੀ ਸਥਾਪਿਤ ਕਰਨ ਦੇ ਹੁਕਮ ਦਿੱਤੇ। ਚੌਕੀ ਸਥਾਪਿਤ ਕੀਤੀ ਗਈ ਪਰ ਉਸੇ ਸਮੇਂ ਚੀਨੀ ਫੌਜ ਨੇ ਇਸਨੂੰ ਚੁਫੇਰਿਆਂ ਘੇਰਾ ਪਾ ਲਿਆ। ਹਵਾਈ ਰਸਤੇ ਕੁਮਕ ਭੇਜੀ ਗਈ, ਪਰ ਕੋਈ ਫਾਇਦਾ ਨਹੀਂ ਸੀ। ਚੀਨੀ ਫੌਜ ਨੇ ਹਰ ਪਾਸੇ ਮੋਰਚਾਬੰਦੀ ਕਰ ਲਈ ਸੀ। ਆਉਣ ਵਾਲੇ ਦਿਨਾਂ ਵਿੱਚ ਇੱਥੇ ਰਸਦ-ਪਾਣੀ ਵੀ ਹਵਾਈ ਰਸਤੇ ਪੁਚਾਇਆ ਜਾਂਦਾ ਰਿਹਾ। ਜਦੋਂ ਅਕਤੂਬਰ ਵਿੱਚ ਭਾਰਤ ਅਤੇ ਚੀਨ ਵਿਚਕਾਰ ਜੰਗ ਸ਼ੁਰੂ ਹੋਈ ਤਾਂ ਘੰਟੇ ਕੁ ਭਰ 'ਚ ਚੀਨੀ ਫੌਜ ਨੇ ਚੌਕੀ 'ਤੇ ਕਬਜਾ

ਕਰ ਲਿਆ। ਅਫਸਰਾਂ ਅਤੇ ਬਹੁਤੇ ਫੌਜੀਆਂ ਨੂੰ ਬੰਦੀ ਬਣਾ ਲਿਆ। ਬਾਦ ਵਿੱਚ ਚੀਨ ਨੇ ਸਾਰੇ ਯੁੱਧਬੰਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ।

ਹੁਣ ਉਸੇ ਗਲਵਾਨ ਵਾਦੀ ਵਿੱਚ ਭਾਰਤੀ ਚੀਨੀ ਫੌਜੀਆਂ ਵਿਚਕਾਰ ਝੜਪਾਂ ਹੋਈਆਂ ਹਨ। ਭਾਰਤ ਨੇ ਕੰਟਰੋਲ ਰੇਖਾ ਦੇ ਨਾਲ ਨਾਲ ਦੌਲਤਾਬਾਦ ਓਲਡੀ ਤੱਕ ਸੜਕ ਬਣਾਈ ਹੈ। ਚੀਨੀ ਧਿਰ ਦਾ ਕਹਿਣਾ ਹੈ ਕਿ ਇਸਤੋਂ ਭਾਰਤ ਉਸ ਪਾਸੇ ਵੀ ਸੜਕ ਬਣਾ ਰਿਹਾ ਹੈ ਜੋ ਕੰਟਰੋਲ ਰੇਖਾ ਦੇ ਚੀਨੀ ਪਾਸੇ ਹੈ। ਇੱਥੇ ਭਾਰਤੀ ਫੌਜ ਦੀ ਪੈਟਰੋਲ ਪਾਰਟੀ ਪੈਟਰੋਲਿੰਗ ਕਰ ਰਹੀ ਸੀ ਅਤੇ ਚੀਨੀ ਫੌਜੀ ਟੁਕੜੀ ਨੇ ਪੈਟਰੋਲ ਪਾਰਟੀ ਨੂੰ ਰੋਕਿਆ ਜਿਸਦੇ ਸਿੱਟੇ ਵਜੋਂ ਇਹ ਝੜਪਾਂ ਹੋਈਆਂ। ਦੋਵਾਂ ਧਿਰਾਂ ਦੇ ਜਵਾਨ ਜਖ਼ਮੀ ਹੋਏ ਅਤੇ ਥੋੜੇ ਸਮੇਂ ਲਈ ਚੀਨੀ ਫੌਜ ਨੇ ਭਾਰਤੀ ਜਵਾਨਾਂ ਨੂੰ ਬੰਦੀ ਬਣਾ ਲਿਆ। ਭਾਵੇਂ ਸਥਾਨਕ ਪੱਧਰ ’ਤੇ ਫੌਜੀ ਅਧਿਕਾਰੀਆਂ ਦੀ ਮੀਟਿੰਗ ਤੋਂ ਬਾਅਦ ਹਾਲ ਦੀ ਘੜੀ ਤਣਾਅ ਸੁਲਝ ਗਿਆ ਹੈ। ਪਰ ਚੀਨੀ ਫੌਜ ਇੱਥੇ ਤੰਬੂ ਗੱਡ ਕੇ ਬੈਠ ਗਈ ਹੈ ਅਤੇ ਭਾਰਤੀ ਪੈਟਰੋਲਿੰਗ ਹਾਲ ਦੀ ਘੜੀ ਰੁਕ ਗਈ ਹੈ। ਪਰ ਮਸਲਾ ਸਿਰਫ ਇੰਨਾ ਹੀ ਨਹੀਂ ਹੈ। ਉੱਤਰੀ ਸਿੱਕਮ ਵਾਲੇ ਪਾਸੇ ਨਾਕੂਲਾ ਦੱਰੇ ’ਤੇ ਵੀ ਝੜਪਾਂ ਹੋਈਆਂ ਹਨ। ਗੱਲ ਸਿਰਫ ਇੰਨੀ ਹੀ ਨਹੀਂ ਹੈ।

ਜਿਸ ਤਰ੍ਹਾਂ ਭਾਰਤੀ ਥਲ ਸੈਨਾ ਦੇ ਮੁਖੀ ਨਰਾਇਣ ਨਰਵਾਣੇ ਨੇ ਬਿਆਨ ਦਿੱਤਾ ਹੈ ਕਿ ਭਾਰਤੀ ਫੌਜ ਢਾਈ ਜੰਗਾਂ, ਚੀਨ ਨਾਲ, ਪਾਕਿਸਤਾਨ ਨਾਲ ਅਤੇ ਅੱਧੀ ਦੇਸ਼ ਦੇ ਅੰਦਰ, ਲੜਨ ਲਈ ਤਿਆਰ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੁਰੱਖਿਆ ਸਲਾਹਕਾਰ ਅਜੀਤ ਦੋਵਾਲ, ਡੀਫੈਂਸ ਸਟਾਫ ਮੁਖੀ ਬਿਪਨ ਰਾਵਤ ਅਤੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ ਹੈ। ਦੂਸਰੇ ਪਾਸੇ ਚੀਨੀ ਰਾਸ਼ਟਰਪਤੀ ਨੇ ਚੀਨ ਦੀ ਲਾਲ ਫੌਜ ਨੂੰ ਹਰ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ। ਦੋਵੇਂ ਮੁਲਕਾਂ ਦੇ ਮੁਖੀ ਜੰਗੀ ਤੇਵਰ ਦਿਖਾ ਰਹੇ ਹਨ, ਉਸਤੋਂ ਸਪੱਸ਼ਟ ਹੈ ਕਿ ਮਾਮਲਾ ਸਿਰਫ ਸਥਾਨਕ ਝੜਪਾਂ ਦਾ ਨਹੀਂ ਬਲਕਿ ਇਹ ਝੜਪਾਂ ਕਿਸੇ ਗੱਲ ਦਾ ਪ੍ਰਗਟਾਵਾ ਹੈ, ਜਿਸ ਬਾਰੇ ਚਰਚਾ ਅਸੀਂ ਅੱਗੇ ਚੱਲ ਕੇ ਕਰਾਂਗੇ।

ਚੀਨ ਨਾਲ ਸਰਹੱਦੀ ਝੜਪਾਂ ਕੋਈ ਨਵੀਂ ਗੱਲ ਨਹੀਂ। ਕੁਝ ਅਰਸਾ ਪਹਿਲਾਂ, ਪੂਰਬੀ ਸੈਕਟਰ ਵਿੱਚ ਡੋਕਲਾਮ ਵਿੱਚ ਝੜਪ ਹੋਈ ਸੀ। ਡੋਕਲਾਮ; ਭੂਟਾਨ, ਭਾਰਤ ਅਤੇ ਚੀਨ ਦੀ ਤਿਕੋਣੀ ’ਤੇ ਪੈਂਦਾ ਹੈ ਅਤੇ ਭੂਟਾਨ ਵਿੱਚ ਪੈਂਦਾ ਹੈ। ਪਰ ਚੀਨ, ਭੂਟਾਨ ਦੇ ਇਸ ਦਾਅਵੇ ਨੂੰ ਨਹੀਂ ਮੰਨਦਾ। ਇਥੇ ਚੀਨ ਸੜਕ ਬਣਾ ਰਿਹਾ ਸੀ ਤਾਂ ਭਾਰਤੀ ਫੌਜ ਨੇ ਚੀਨੀ ਫੌਜ ਨੂੰ ਰੋਕਣ ਦਾ ਯਤਨ ਕੀਤਾ, ਨਤੀਜਾ ਝੜਪ ਵਿੱਚ ਨਿਕਲਿਆ। ਕੁਝ ਦੇਰ ਲਈ ਤਣਾ-ਤਣੀ ’ਚ ਦੋਵੇਂ ਧਿਰਾਂ ਆਮਣੇ-ਸਾਮਣੇ ਖੜੀਆਂ ਰਹੀਆਂ। ਚੀਨ ਦਾ ਕਹਿਣਾ ਸੀ ਕਿ ਜੋ ਵੀ ਮਸਲਾ ਹੈ ਉਹ ਭੂਟਾਨ ਤੇ ਚੀਨ ਵਿਚਕਾਰ ਹੈ, ਭਾਰਤ ਦਾ ਦਖ਼ਲ ਦਾ ਕੋਈ ਮਤਲਬ ਨਹੀਂ। ਆਖਿਰ ਮਾਮਲਾ ਠੰਢਾ ਹੋਣ ’ਤੇ ਭਾਰਤੀ ਫੌਜੀ ਚੁੱਪ-ਚਾਪ ਪਿੱਛੇ ਆ ਗਏ ਸਨ।

ਪਰ ਭਾਰਤ ਦਾ ਰੇੜਕਾ ਸਿਰਫ ਚੀਨ ਨਾਲ ਹੀ ਨਹੀਂ, ਪਾਕਿਸਤਾਨ ਨਾਲ ਵੀ ਪਿਆ ਹੋਇਆ ਹੈ। ਪਾਕਿਸਤਾਨ ਨਾਲ ਪਹਿਲਾਂ ਹੀ ਦੁਸ਼ਮਣੀ ਵਾਲੇ ਹਾਲਾਤ ਨੇ। ਜ਼ਮੀਨੀ ਗਵਾਂਢੀਆਂ ’ਚੋਂ ਬਰਮਾ ਨੂੰ ਛੱਡ ਕੇ ਬਾਕੀ ਸਾਰਿਆਂ ਨਾਲ ਭਾਰਤ ਨੇ ਦੁਸ਼ਮਣੀ ਸਹੇੜ ਰੱਖੀ ਹੈ। ਤੇ ਹੁਣ ਨਵਾਂ ਰੇੜਕਾ ਨੇਪਾਲ ਨਾਲ ਛੇੜ ਲਿਆ ਹੈ। 8 ਮਈ ਨੂੰ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰਿਮੋਟ ਕੰਟਰੋਲ ਰਾਹੀਂ ਚੀਨ ਵਿੱਚ ਸਥਿਤ ਮਾਨ ਸਰੋਵਰ ਲਈ ਸੜਕ ਦਾ ਉਦਘਾਟਨ ਕੀਤਾ। 12 ਮਈ ਨੂੰ ਨੇਪਾਲ ਦੇ ਵਿਦੇਸ਼ ਮੰਤਰੀ ਨੇ ਕਾਠਮੰਡੂ ਵਿੱਚ ਭਾਰਤ ਦੇ ਰਾਜਦੂਤ ਨੂੰ ਬੁਲਾ ਕੇ ਰਸਮੀ ਤੌਰ ’ਤੇ ਜ਼ੋਰਦਾਰ ਵਿਰੋਧ ਦਰਜ ਕਰਵਾਇਆ, ਕਿਉਂਕਿ ਨੇਪਾਲ ਦਾ ਕਹਿਣਾ ਹੈ ਕਿ ਜਿਸ ਖੇਤਰ ਵਿੱਚ ਸੜਕ ਲੰਘਣੀ ਹੈ ਉਹ ਨੇਪਾਲ ਦਾ ਇਲਾਕਾ ਹੈ ਅਤੇ ਭਾਰਤ ਨੂੰ ਕੋਈ ਹੱਕ ਨਹੀਂ। ਨਾਲ ਹੀ ਨੇਪਾਲ ਨੇ ਮਸਲੇ ਨੂੰ ਗੱਲਬਾਤ ਰਾਹੀਂ ਸੁਲਝਾਉਣ ਦੀ ਪੇਸ਼ਕਸ਼ ਕੀਤੀ। ਪਰ ਭਾਰਤ ਸਰਕਾਰ ਨੇ ਕਿਹਾ ਕਿ ਕੋਵਿਡ-19 ਦੇ ਖਾਤਮੇ ਤੋਂ ਬਾਦ ਹੀ ਗੱਲਬਾਤ ਸੰਭਵ ਹੋ ਸਕਦੀ ਹੈ। ਦੂਜੇ ਪਾਸੇ ਥਲ ਸੈਨਾ ਮੁਖੀ, ਨਰਾਇਣ ਨਰਵਾਣੇ ਨੇ ਕਰੋਨਾ ਅਤੇ ਭਾਰਤੀ ਫੌਜ ਵਿਸ਼ੇ ’ਤੇ ਇੱਕ ਵੈਬੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੇਪਾਲ ਇਹ ਮੁੱਦਾ ਕਿਸੇ ਹੋਰ ਸ਼ਕਤੀ ਦੇ ਕਹਿਣ ’ਤੇ ਉਠਾ ਰਿਹਾ ਹੈ। ਭਾਵੇਂ ਉਸਨੇ ਨਾਮ ਨਹੀਂ ਲਿਆ ਸੀ ਪਰ ਉਸਦਾ ਸਪੱਸ਼ਟ ਇਸ਼ਾਰਾ ਚੀਨ ਵੱਲ ਸੀ। ਭਾਰਤ ਦੇ ਇਸ ਰਵੱਈਏ ਨੇ ਨੇਪਾਲ ਨੂੰ ਭੜਕਾ ਦਿੱਤਾ। ਨੇਪਾਲ ਸਰਕਾਰ ਨੇ ਇੱਕ ਨਵਾਂ ਨਕਸ਼ਾ ਜਾਰੀ ਕੀਤਾ, ਜਿਸ ਵਿੱਚ 370 ਵਰਗ ਕਿਲੋਮੀਟਰ ਖੇਤਰ ਜਿਸਨੂੰ ਭਾਰਤ ਆਪਣਾ ਕਹਿੰਦਾ ਹੈ, ਨੂੰ ਨੇਪਾਲ ਦੇ ਹਿੱਸੇ ਵਜੋਂ ਦਿਖਾਇਆ। ਭਾਰਤ ਸਰਕਾਰ ਦੇ ਬੁਲਾਰੇ ਨੇ ਇਸ ਨਕਸ਼ੇ ਨੂੰ ਇਕਤਰਫਾ ਕਰਾਰ ਦਿੰਦਿਆਂ ਰੱਦ ਕਰ ਦਿੱਤਾ। ਪਰ ਚੌਧਰਵਾਦੀ ਹੈਂਕੜ ਕਾਇਮ ਰੱਖਦਿਆਂ ਗੱਲਬਾਤ ਦੀ ਪਹਿਲਕਦਮੀ ਨਹੀਂ ਕੀਤੀ।

ਨੇਪਾਲ ਸਰਕਾਰ ਨੇ ਆਪਣੇ ਨਵੇਂ ਨਕਸ਼ੇ ਨੂੰ ਨੇਪਾਲ ਦੀ ਸੰਸਦ ਤੋਂ ਪਾਸ ਕਰਾਉਣ ਦੀ ਤਿਆਰੀ ਕਰ ਲਈ। ਇਸ ਤਰ੍ਹਾਂ ਦੋਵਾਂ ਮੁਲਕਾਂ ਵਿੱਚ ਤਣਾਅ ਵਧਦਾ ਜਾ ਰਿਹਾ ਹੈ।

ਆਖਿਰ ਮਸਲਾ ਕੀ ਹੈ ਅਤੇ ਇਸਦਾ ਇਤਿਹਾਸਕ ਪਿਛੋਕੜ ਕੀ ਹੈ? ਭਾਰਤ ਦੇ ਬਰਤਾਨਵੀ ਹਾਕਮਾਂ ਨੇ 1814 ਵਿੱਚ ਨੇਪਾਲ 'ਤੇ ਹਮਲਾ ਕਰ ਦਿੱਤਾ ਸੀ। ਇਹ ਲੜਾਈ ਲਗਭਗ 2 ਸਾਲ 1816 ਤੱਕ ਚੱਲੀ। ਨੇਪਾਲ ਦੇ ਰਾਜੇ ਦੀ ਫੌਜ ਦੁਨੀਆਂ ਦੀ ਉਸ ਸਮੇਂ ਦੀ ਪਹਿਲੇ ਨੰਬਰ ਦੀ ਸਾਮਰਾਜੀ ਸ਼ਕਤੀ ਦੇ ਬਰਾਬਰ ਨਹੀਂ ਸੀ। 1816 ਵਿੱਚ ਦੋਹਾਂ ਵਿਚਕਾਰ ਸੰਧੀ ਹੋ ਗਈ ਜਿਸਨੂੰ ਸ਼ੁਗੌਲੀ ਦੀ ਸੰਧੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਤਹਿਤ ਬਰਤਾਨਵੀ ਹਾਕਮਾਂ ਨੇ ਕਮਾਯੂੰ ਅਤੇ ਗੜਵਾਲ ਖੇਤਰ ਬਰਤਾਨਵੀ ਭਾਰਤ ਵਿੱਚ ਮਿਲਾ ਲਏ ਅਤੇ ਮਹਾਂਕਾਲੀ ਦਰਿਆ ਨੂੰ ਭਾਰਤ ਨੇਪਾਲ ਦਾ ਬਾਰਡਰ ਬਣਾ ਲਿਆ ਗਿਆ, ਪੂਰਬ ਵਾਲੇ ਪਾਸੇ ਨੇਪਾਲ ਅਤੇ ਪੱਛਮ ਵਾਲੇ ਪਾਸੇ ਭਾਰਤ। ਨੇਪਾਲ ਜ਼ਮੀਨੀ ਘਿਰਿਆ (ਲੈਂਡਲੌਕਡ) ਦੇਸ਼ ਸੀ, ਇਸ ਬਦਲੇ ਭਾਰਤ ਰਾਹੀਂ ਸਪਲਾਈ ਦੀ ਸਹੂਲਤ ਨੇਪਾਲ ਨੂੰ ਦਿੱਤੀ ਗਈ। ਨੇਪਾਲ ਇੱਕ ਤਰ੍ਹਾਂ ਨਾਲ ਭਾਰਤੀ ਛਤਰੀ ਵਾਲਾ ਦੇਸ਼ ਬਣ ਗਿਆ, ਜੋ ਭਾਰਤ ਅਨੁਸਾਰ ਹੀ ਵਿਚਰਦਾ ਸੀ। ਸੱਠਵਿਆਂ ਵਿੱਚ ਭਾਰਤ-ਚੀਨ ਲੜਾਈ ਸਮੇਂ ਭਾਰਤ ਨੇ ਨੇਪਾਲ ਵਿੱਚ 17 ਅਸਥਾਈ ਫੌਜੀ ਚੌਕੀਆਂ ਸਥਾਪਿਤ ਕਰਨ ਦੀ ਮੰਗ ਕੀਤੀ ਜੋ ਨੇਪਾਲ ਦੇ ਰਾਜੇ ਨੇ ਸਿਰ ਝੁਕਾ ਕੇ ਮੰਨ ਲਈ। ਜਿੰਨੀ ਦੇਰ ਨੇਪਾਲ ਵਿੱਚ ਰਾਜਾਸ਼ਾਹੀ ਰਹੀ ਅਜਿਹੀ ਹੀ ਸਥਿਤੀ ਬਣੀ ਰਹੀ।

ਪਰ ਨੇਪਾਲ ਵਿੱਚ ਰਾਜਾਸ਼ਾਹੀ ਦੇ ਖਾਤਮੇ ਤੋਂ ਬਾਅਦ ਨੇਪਾਲ ਵਿੱਚ ਸਥਿਤੀ ਬਦਲਣੀ ਸ਼ੁਰੂ ਹੋ ਗਈ। ਜਦੋਂ ਪੁਸ਼ਪ ਕਮਲ ਨੇਪਾਲ ਦਾ ਪ੍ਰਧਾਨ ਮੰਤਰੀ ਬਣਿਆ ਤਾਂ ਉਸਨੇ ਸ਼ੁਗੌਲੀ ਸੰਧੀ ਨੂੰ ਮੁੜ ਵਿਚਾਰਨ ਤੇ ਨਵੀਂ ਸੰਧੀ ਕਰਨ ਦੀ ਗੱਲ ਉਠਾਈ। ਭਾਵੇਂ ਅਧਿਕਾਰਤ ਰੂਪ 'ਚ ਨਹੀਂ ਪਰ ਉਸਨੇ ਭਾਰਤ ਨੂੰ ਸੰਧੀ ਤਹਿਤ ਦਿੱਤੇ ਇਲਾਕੇ ਵਾਪਿਸ ਲੈਣ ਦੀ ਗੱਲ ਕੀਤੀ। ਨੇਪਾਲ ਦੀ ਜਨਤਾ 'ਚ ਇੱਕ ਆਮ ਭਾਵਨਾ ਹੈ ਕਿ ਭਾਰਤੀ ਹਾਕਮ ਨੇਪਾਲ ਨਾਲ ਧੱਕਾ ਕਰਦੇ ਹਨ ਅਤੇ ਉਸ ਨਾਲ ਗੁਲਾਮਾਂ ਵਾਲਾ ਵਿਹਾਰ ਕਰਦੇ ਹਨ। ਨੇਪਾਲ ਵਿੱਚ ਕੋਈ ਰਾਜਨੀਤਕ ਆਗੂ ਇਸਨੂੰ ਅਣਗੌਲਿਆ ਨਹੀਂ ਕਰ ਸਕਦਾ, ਕਿਉਂਕਿ ਰਾਜਾਸ਼ਾਹੀ ਦੇ ਖਾਤਮੇ ਉਪਰੰਤ, ਹੁਣ ਉਸਨੂੰ ਲੋਕਾਂ ਕੋਲੋਂ ਵੋਟਾਂ ਲੈਣ ਜਾਣਾ ਪੈਣਾ। ਵਰਤਮਾਨ ਤਣਾਅ ਉਸ ਸਮੇਂ ਆਇਆ ਜਦੋਂ ਨੇਪਾਲ ਵਿੱਚ ਨੇਪਾਲੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਹੈ।

ਰਾਜਾਸ਼ਾਹੀ ਦੇ ਖਾਤਮੇ ਉਪਰੰਤ ਖਾਸ ਕਰਕੇ ਯੂ.ਐਮ.ਐਲ. ਤੇ ਪ੍ਰਚੰਡ ਗਰੁੱਪ ਦੀ ਸਰਕਾਰ ਨੇ ਚੀਨ ਨਾਲ ਵੀ ਆਪਣੇ ਰਿਸ਼ਤੇ ਵਧਾਉਣੇ ਸ਼ੁਰੂ ਕਰ ਦਿੱਤੇ। ਇਸ ਵਿੱਚ ਗੁਣਾਤਮਕ ਮੋੜ ਉਦੋਂ ਆਇਆ ਜਦੋਂ ਨੇਪਾਲੀ ਸੰਸਦ ਨੇਪਾਲ ਦਾ ਸੰਵਿਧਾਨ ਤਿਆਰ ਕਰ ਰਹੀ ਸੀ। ਭਾਰਤੀ ਹਾਕਮਾਂ ਨੇ ਉਸ ਵਿੱਚ ਸੋਧਾਂ ਕਰਕੇ ਭਾਰਤੀ ਹਾਕਮਾਂ ਦੀ ਮਰਜੀ ਦਾ ਸੰਵਿਧਾਨ ਬਣਾਉਣ ਦਾ ਨਿਰਦੇਸ਼ ਦਿੱਤਾ। ਪਰ ਨੇਪਾਲੀ ਸੰਸਦ ਨੇ ਇਸਨੂੰ ਮੰਨਣੋਂ ਇਨਕਾਰ ਕਰ ਦਿੱਤਾ। ਇਸਤੇ ਭਾਰਤੀ ਹਾਕਮਾਂ ਨੇ ਸੜਕੀ ਨਾਕਾਬੰਦੀ ਕਰਕੇ ਨੇਪਾਲ ਦੀ ਸਪਲਾਈ ਰੋਕ ਦਿੱਤੀ, ਜੋ ਕਈ ਹਫਤੇ ਜਾਰੀ ਰਹੀ। ਉਸ ਸਮੇਂ ਨੇਪਾਲ ਸਰਕਾਰ ਨੇ ਚੀਨ ਵੱਲ ਹੱਥ ਵਧਾਇਆ। ਚੀਨ ਨੇ ਜਰੂਰੀ ਵਸਤਾਂ ਦੀ ਸਪਲਾਈ ਹਵਾਈ ਰਸਤੇ ਕਰਨੀ ਸ਼ੁਰੂ ਕਰ ਦਿੱਤੀ ਅਤੇ ਜ਼ਮੀਨੀ ਰਸਤੇ ਤਲਾਸ਼ਣ ਬਾਰੇ ਗੱਲਬਾਤ ਸ਼ੁਰੂ ਕਰ ਦਿੱਤੀ। ਛਿੱਥਿਆਂ ਪੈ ਕੇ ਭਾਰਤੀ ਹਾਕਮਾਂ ਨੂੰ ਨਾਕਾਬੰਦੀ ਖਤਮ ਕਰਨੀ ਪਈ। ਇਸ ਘਟਨਾ ਨਾਲ ਭਾਰਤ-ਨੇਪਾਲ ਸਬੰਧਾਂ ਵਿੱਚ ਸਿਫਤੀ ਤਬਦੀਲੀ ਆਈ ਅਤੇ ਨੇਪਾਲ ਦਾ ਭਾਰਤ ਪ੍ਰਤੀ ਪੂਰਨ ਅਧੀਨਗੀ ਵਾਲਾ ਰਿਸ਼ਤਾ ਖਤਮ ਹੋ ਗਿਆ।

ਹੁਣ ਵਿਵਾਦ ਦੀ ਗੱਲ ਕਰਦੇ ਹਾਂ। ਜਿਵੇਂ ਪਹਿਲਾਂ ਕਿਹਾ ਕਿ ਨੇਪਾਲ ਦੇ ਰਾਜੇ ਨੇ ਸੱਠਵਿਆਂ 'ਚ ਭਾਰਤ ਨੂੰ 17 ਅਸਥਾਈ ਚੌਕੀਆਂ ਸਥਾਪਿਤ ਕਰਨ ਦੀ ਆਗਿਆ ਦਿੱਤੀ ਸੀ। 1970 ਵਿੱਚ ਰਾਜਾ ਮਹੇਂਦਰ ਨੇ ਭਾਰਤ ਨੂੰ ਇਹ ਅਸਥਾਈ ਚੌਕੀਆਂ ਚੁੱਕਣ ਲਈ ਕਿਹਾ। ਭਾਰਤ ਸਰਕਾਰ ਨੇ 16 ਚੌਕੀਆਂ ਚੁੱਕ ਲਈਆਂ ਪਰ ਕਾਲਾਪਾਣੀ ਖੇਤਰ ਵਿਚਲੀ ਚੌਕੀ ਨਹੀਂ ਚੁੱਕੀ। ਹੁਣ ਝਗੜੇ ਦਾ ਇੱਕ ਕਾਰਨ ਇਹ ਚੌਕੀ ਆ, ਨੇਪਾਲ ਸਰਕਾਰ ਦਾ ਕਹਿਣਾ ਹੈ ਕਿ ਭਾਰਤੀ ਹਾਕਮਾਂ ਨੇ ਪਹਿਲਾਂ ਚੌਕੀ ਨਹੀਂ ਚੁੱਕੀ ਅਤੇ ਹੁਣ ਇੱਥੇ ਸੜਕ ਬਣਾ ਕੇ ਸਥਾਈ ਕਬਜ਼ਾ ਕਰਨ ਵੱਲ ਵਧ ਰਿਹਾ ਹੈ। ਦੂਸਰਾ ਵਿਵਾਦ ਸੀਮਾ ਬਾਰੇ, ਦੋਵੇਂ ਧਿਰਾਂ ਮਹਾਂਕਾਲੀ ਨਦੀ ਨੂੰ ਸੀਮਾ ਮੰਨਦੀਆਂ ਹਨ। ਪਰ ਮਹਾਂਕਾਲੀ ਦੋ ਸਹਾਇਕ ਨਦੀਆਂ, ਕਾਲੀ ਅਤੇ ਸੁਸ਼ਥਾ ਨੂੰ ਮਿਲ ਕੇ ਬਣਦੀ ਹੈ। ਕਾਲੀ ਸਹਾਇਕ ਨਦੀ ਨੂੰ ਮਹਾਂਨਦੀ ਦੀ ਮੁੱਖ ਨਦੀ ਮੰਨਿਆ ਜਾਂਦਾ ਸੀ, ਨੇਪਾਲ ਹੁਣ ਵੀ ਮੰਨਦਾ ਪਰ ਭਾਰਤ ਕਾਲੀ ਨੂੰ ਮੁੱਖ ਮੰਨਣੋ ਇਨਕਾਰੀ ਹੈ। ਇਹ ਦੋਵੇਂ ਝਗੜੇ ਦੇ ਮੁੱਦੇ ਹਨ।

ਭਾਰਤੀ ਥਲ ਸੈਨਾ ਮੁਖੀ ਦਾ ਬਿਆਨ, ਕਿ ਨੇਪਾਲ ਚੀਨ ਦੇ ਕਹਿਣ 'ਤੇ ਮੁੱਦਾ ਉਠਾ ਰਿਹਾ ਹੈ, ਤੱਥਾਂ ਤੋਂ ਪਰ੍ਹੇ ਜਾਪਦਾ ਹੈ। 2015 ਵਿੱਚ ਜਦੋਂ ਭਾਰਤ ਅਤੇ ਚੀਨ ਨੇ

ਲਿਪੂਲੇਖ ਦਰ੍ਹੇ ਰਾਹੀਂ ਵਪਾਰ ਕਰਨ ਦਾ ਸਮਝੌਤਾ ਕੀਤਾ ਸੀ ਤਾਂ ਨੇਪਾਲ ਸਰਕਾਰ ਨੇ ਕਾਠਮੰਡੂ ਵਿੱਚ ਚੀਨੀ ਰਾਜਦੂਤ ਨੂੰ ਵਿਦੇਸ਼ ਵਿਭਾਗ ਵਿੱਚ ਬੁਲਾ ਕੇ ਰੋਸ ਪ੍ਰਗਟਾਇਆ ਸੀ ਕਿ ਦੋਵਾਂ ਦੇਸ਼ਾਂ ਨੂੰ ਨੇਪਾਲ ਦੀ ਧਰਤੀ ਰਾਹੀਂ ਵਪਾਰ ਸਮਝੌਤੇ ਦਾ ਕੋਈ ਅਧਿਕਾਰ ਨਹੀਂ।

ਆਖਿਰ ਸੰਘੀ ਸਰਕਾਰ ਆਪਣੇ ਗਵਾਂਢੀਆਂ ਨਾਲ ਕਿਉਂ ਬਖੇੜਾ ਕਰੀ ਬੈਠੀ ਹੈ। ਸੰਸਾਰ ਪੱਧਰ 'ਤੇ ਅੱਜ ਦੋ ਮੁੱਖ ਸਾਮਰਾਜੀ ਸ਼ਕਤੀਆਂ, ਚੀਨ ਅਤੇ ਅਮਰੀਕਾ ਸੰਸਾਰ ਮੰਡੀ ਵਿੱਚ ਕਬਜੇ ਲਈ ਲੜ ਰਹੀਆਂ ਹਨ। ਕਰੋਨਾ ਤੋਂ ਪਹਿਲਾਂ ਵੀ ਇਨਾਂ ਦੋਵਾਂ ਵਿਚਕਾਰ ਵਪਾਰਕ ਜੰਗ ਚੱਲ ਰਹੀ ਸੀ। ਪਰ ਕਰੋਨਾ 'ਚ ਅਮਰੀਕਾ ਨੂੰ ਇੱਕ ਹਥਿਆਰ ਮਿਲ ਗਿਆ ਹੈ। ਟਰੰਪ ਸਮਝਦਾ ਹੈ ਕਿ ਕਰੋਨਾ ਵਾਇਰਸ ਚੀਨ ਵਿੱਚ ਸਾਹਮਣੇ ਆਉਣ ਨਾਲ ਚੀਨੀ ਵਸਤਾਂ ਪ੍ਰਤੀ ਲੋਕਾਂ ਵਿੱਚ ਝਿਜਕ ਪੈਦਾ ਹੋ ਜਾਵੇਗੀ ਤੇ ਉਸਦੀ ਮੰਡੀ ਵਿੱਚ ਥਾਂ ਅਮਰੀਕਾ ਮੱਲ ਸਕੇਗਾ। ਇਸੇ ਲਈ ਟਰੰਪ ਟੇਪ ਦੀ ਤਰ੍ਹਾਂ ਚੀਨ 'ਤੇ ਦੋਸ਼ ਲਾ ਰਿਹਾ ਹੈ। ਸੰਸਾਰ ਸਿਹਤ ਸੰਸਥਾ ਨੇ ਟਰੰਪ ਦੀ ਹਾਂ ਵਿੱਚ ਹਾਂ ਨਹੀਂ ਮਿਲਾਈ ਤਾਂ ਟਰੰਪ ਨੇ ਉਸਨੂੰ ਨਿਸ਼ਾਨੇ 'ਤੇ ਲੈ ਲਿਆ। ਮੋਦੀ ਸਰਕਾਰ ਅਮਰੀਕਾ ਦੇ ਵਫਾਦਾਰ ਦੀ ਭੂਮਿਕਾ ਨਿਭਾ ਰਹੀ ਹੈ। ਕਲੋਰੋਕੁਈਨ ਦੇ ਨਿਰਯਾਤ 'ਤੇ ਪਾਬੰਦੀ ਸੀ, ਟਰੰਪ ਦੀ ਇੱਕੋ ਘੁਰਕੀ ਨਾਲ ਪਾਬੰਦੀ ਚੁੱਕ ਲਈ ਤੇ ਦਵਾਈ ਭੇਜ ਦਿੱਤੀ। ਅਮਰੀਕਾ ਸਮਝਦਾ ਹੈ ਕਿ ਚੀਨੀ ਵਪਾਰ ਦਾ ਕਾਫੀ ਹਿੱਸਾ ਛੋਟੀਆਂ ਘਰੇਲੂ ਵਸਤਾਂ ਦਾ ਹੈ। ਪਰ ਅਮਰੀਕਾ ਕੋਲ ਇਹ ਉਤਪਾਦਨ ਨਹੀਂ ਤੇ ਇਸ ਖੇਤਰ ਵਿੱਚ ਭਾਰਤ ਨੂੰ ਵਰਤਣਾ ਚਾਹੁੰਦਾ ਹੈ। ਮੋਦੀ ਦਾ ਆਤਮ-ਨਿਰਭਰ ਭਾਰਤ ਦਾ ਨਾਅਰਾ ਅਤੇ ਘਰੇਲੂ, ਛੋਟੀਆਂ ਤੇ ਦਰਮਿਆਨੀ ਸਨਅਤ ਦੀ (ਨਿਗੂਣੀ) ਸਹਾਇਤਾ ਇਸੇ ਕਰਕੇ ਹੈ। ਇਸੇ ਕਰਕੇ ਅਮਰੀਕਾ ਨੇ ਭਾਰਤ ਦੇ ਸਿਹਤ ਮੰਤਰੀ ਨੂੰ ਸੰਸਾਰ ਸਿਹਤ ਸੰਗਠਨ ਦੇ ਬੋਰਡ ਦੇ ਚੇਅਰਮੈਨ ਵਜੋਂ ਨਿਯੁਕਤ ਕਰਵਾਇਆ ਹੈ, ਤਾਂ ਜੁ ਇਸ ਮੋਹਰੇ ਨੂੰ ਚੀਨ ਵਿਰੁੱਧ ਵਰਤ ਸਕੇ।

ਸਾਮਰਾਜੀ ਖਹਿ 'ਚ ਅਮਰੀਕਾ ਭਾਰਤ ਨੂੰ ਵਰਤ ਕੇ ਚੀਨ ਦੀ ਘੇਰਾਬੰਦੀ ਕਰਨਾ ਚਾਹੁੰਦਾ ਹੈ। 1962 ਦੀ ਭਾਰਤ-ਚੀਨ ਲੜਾਈ ਵੀ ਇਸੇ ਨੀਤੀ ਦੀ ਪੈਦਾਵਾਰ ਸੀ ਅਤੇ ਵਰਤਮਾਨ ਤਣਾਅ ਵੀ ਇਸੇ ਨੀਤੀ ਕਰਕੇ ਹੈ। ਇਹ ਤਣਾਅ, ਟਕਰਾਅ ਸਾਮਰਾਜੀ ਹਿੱਤਾਂ ਵਿੱਚ ਜਾਂਦਾ ਹੈ ਅਤੇ ਆਪਸੀ ਭਾਈਚਾਰਾ ਤੇ ਸ਼ਾਂਤੀ ਲੋਕਾਂ ਦੇ ਹਿੱਤ ਵਿੱਚ। ਲੋਕਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਟਕਰਾਅ ਦਾ ਰਾਹ ਤਿਆਗੋ, ਆਪਸੀ ਮਸਲੇ ਮਿਲ ਬੈਠ ਕੇ, ਗੱਲਬਾਤ ਰਾਹੀਂ ਹੱਲ ਕਰੋ।

## ਕਿਰਤ ਕਾਨੂੰਨਾਂ ਦੇ ਖਾਤਮੇ ਵਿਰੁੱਧ ਇਫਟੂ ਵੱਲੋਂ ਅਰਥੀ ਫੂਕ ਮੁਜ਼ਾਹਰੇ ਅਤੇ ਡੀ.ਸੀ. ਦਫ਼ਤਰ ਦਾ ਘਿਰਾਓ

ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ (ਇਫਟੂ) ਦੀ ਕੇਂਦਰੀ ਕਮੇਟੀ ਦੇ ਸੱਦੇ ਉੱਤੇ ਇਫਟੂ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਕੇਂਦਰ ਸਰਕਾਰ ਅਤੇ ਸੂਬਾਈ ਸਰਕਾਰਾਂ ਵੱਲੋਂ ਕਿਰਤ ਕਾਨੂੰਨਾਂ ਨੂੰ ਮੁਅੱਤਲ ਕਰਨ ਦੇ ਵਿਰੋਧ ਵਿੱਚ ਪ੍ਰਦਰਸ਼ਨ, ਅਰਥੀ ਫੂਕ ਮੁਜ਼ਾਹਰੇ ਅਤੇ ਰੈਲੀਆਂ ਕੀਤੀਆਂ ਗਈਆਂ। ਇਹਨਾਂ ਮੌਕਿਆਂ 'ਤੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਮੀਤ ਪ੍ਰਧਾਨ ਰਮੇਸ਼ ਕੁਮਾਰ ਰਾਣਾ, ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜੁਗਿੰਦਰਪਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ, ਯੂ.ਪੀ. ਦੀ ਭਾਜਪਾ ਸਰਕਾਰ, ਪੰਜਾਬ ਅਤੇ ਰਾਜਸਥਾਨ ਦੀ ਕਾਂਗਰਸ ਸਰਕਾਰ ਵੱਲੋਂ ਕਰੋਨਾ ਕੋਵਿਡ-19 ਦੇ ਚਲਦਿਆਂ ਕਿਰਤ ਕਾਨੂੰਨਾਂ ਦਾ ਭੋਗ ਪਾਇਆ ਜਾ ਰਿਹਾ ਹੈ ਜਿਸ ਕਾਰਨ ਕਿਰਤੀ ਜਮਾਤ ਵਿੱਚ ਭਾਰੀ ਗੁੱਸਾ ਹੈ। ਉਹਨਾਂ ਕਿਹਾ ਕਿ ਲੋਕਾਂ ਨੇ ਲਾਕਡਾਊਨ ਵਿੱਚ ਸਰਕਾਰੀ ਹਦਾਇਤਾਂ ਦੀ ਪਾਲਣਾ ਕੀਤੀ ਪਰ ਫਿਰ ਵੀ ਸਰਕਾਰੀ ਅੰਕੜਿਆਂ ਅਨੁਸਾਰ ਕਰੋਨਾ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ ਜਿਸਤੋਂ ਸਮਝ ਆਉਂਦਾ ਹੈ ਕਿ ਸਰਕਾਰਾਂ ਦੀ ਕਰੋਨਾ ਨਾਲ ਨਜਿੱਠਣ ਦੀ ਨੀਤੀ ਬੁਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ। ਲੋਕਾਂ ਦੇ ਕਾਰੋਬਾਰ ਬੁਰੀ ਤਰ੍ਹਾਂ ਚਰਮਰਾ ਗਏ ਹਨ, ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ ਹੈ। ਨਵਾਂਸ਼ਹਿਰ ਵਿਖੇ ਆਟੋ ਵਰਕਰਾਂ ਵੱਲੋਂ ਸ਼ਹਿਰ ਅੰਦਰ ਮੁਜ਼ਾਹਰਾ ਕਰਕੇ ਸਥਾਨਕ ਚੰਡੀਗੜ੍ਹ ਚੌਂਕ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਸੋਇਤਾ ਵਿਖੇ ਭੱਠਾ ਮਜ਼ਦੂਰਾਂ ਵੱਲੋਂ ਰੈਲੀ ਕੀਤੀ ਗਈ। ਇਫਟੂ ਵੱਲੋਂ ਗੁਰਦਾਸਪੁਰ ਦੇ ਡੀ.ਸੀ. ਦਫ਼ਤਰ ਦਾ ਘਿਰਾਓ ਕੀਤਾ ਗਿਆ। ਪਟਿਆਲਾ ਵਿਖੇ ਗੈਸ ਵਰਕਰਾਂ ਵੱਲੋਂ ਕਿਰਤ ਕਾਨੂੰਨਾਂ ਦੇ ਖਾਤਮੇ ਦੇ ਵਿਰੋਧ ਵਿੱਚ ਅਤੇ ਆਪਣੀਆਂ ਸਥਾਨਕ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਗਿਆ। ਵੱਖ-ਵੱਖ ਥਾਵਾਂ 'ਤੇ ਸੰਸਾਰ ਸਿੰਘ, ਗੁਰਦਿਆਲ ਰੱਕੜ, ਪੁਨੀਤ ਕੁਮਾਰ ਕਲੇਰ, ਬਿੱਲਾ ਗੁੱਜਰ ਨੇ ਵੀ ਸੰਬੋਧਨ ਕੀਤਾ।

# ਨਕਸਲਬਾੜੀ ਦੀ ਮਸ਼ਾਲ ਕਰ ਰਹੀ ਹੈ ਮਾਰਗਦਰਸ਼ਨ

ਇਸ ਸਾਲ ਨਕਸਲਬਾੜੀ ਦਿਵਸ (25 ਮਈ) ਅਜਿਹੇ ਸਮੇਂ ਆਇਆ ਹੈ ਜਦੋਂ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਦੀ ਵਰਤੋਂ ਅਕਹਿ ਦੁੱਖਾਂ ਦਾ ਢੇਰ ਲਾਉਣ ਲਈ ਕੀਤੇ ਜਾਣ ਕਾਰਨ ਭਾਰਤੀ ਲੋਕਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਲੋਕਾਂ ਦੀ ਜ਼ਿੰਦਗੀ ਜਿਵੇਂ ਰੁਕ ਗਈ ਹੈ ਜਦਕਿ ਜਮਹੂਰੀ ਹੱਕਾਂ 'ਤੇ ਹਮਲੇ ਨਵੇਂ ਜ਼ੋਰ ਨਾਲ ਜਾਰੀ ਹਨ। ਮਜ਼ਦੂਰਾਂ ਵੱਲੋਂ ਤਿੱਖੇ ਸੰਘਰਸ਼ਾਂ ਨਾਲ ਹਾਸਲ ਕੀਤੇ ਅਧਿਕਾਰਾਂ ਉੱਪਰ ਜ਼ੋਰਦਾਰ ਹਮਲੇ ਹੋ ਰਹੇ ਹਨ। ਕਿਸਾਨੀ ਅਤੇ ਖੇਤੀਬਾੜੀ 'ਤੇ ਹਮਲਾ ਅਤੇ ਕਾਰਪੋਰੇਟ ਕੰਟਰੋਲ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਜਦਕਿ ਲੱਖਾਂ ਪ੍ਰਵਾਸੀ ਮਜ਼ਦੂਰਾਂ ਦੀ ਅਣਦੇਖੀ ਨੇ ਹਾਕਮ ਜਮਾਤਾਂ ਦਾ ਅਸਲ ਰੰਗ ਦਿਖਾਇਆ ਹੈ। ਦੇਸ਼ ਦੇ ਮਿਹਨਤਕਸ਼ ਲੋਕਾਂ ਦੀ ਕੀਮਤ ਤੇ ਉੱਚ ਅਤੇ ਉੱਚ-ਮੱਧਵਰਗ ਨੂੰ ਬਚਾਉਣ ਲਈ ਲੌਕਡਾਊਨ ਲਗਾਇਆ ਗਿਆ ਸੀ।

ਇਸ ਸਾਲ ਨਕਸਲਬਾੜੀ ਦਿਵਸ ਅਜਿਹੇ ਸਮੇਂ ਆਇਆ ਹੈ ਜਦੋਂ ਲੱਖਾਂ ਮਜ਼ਦੂਰ ਘਰ ਜਾਣ ਲਈ ਤੁਰ ਪਏ ਹਨ ਅਤੇ ਅਜੇ ਵੀ ਆਪਣੇ ਪਿੰਡਾਂ ਨੂੰ ਪੈਦਲ ਤੁਰੇ ਜਾ ਰਹੇ ਹਨ। ਇਹ ਬੇਜ਼ਮੀਨੇ ਗਰੀਬ ਕਿਸਾਨ, ਖੇਤ ਮਜ਼ਦੂਰ ਅਤੇ ਇੱਥੋਂ ਤੱਕ ਕਿ ਦਰਮਿਆਨੀ ਕਿਸਾਨੀ ਪਰਿਵਾਰ ਸਨ। ਪੇਂਡੂ ਭਾਰਤ, ਜਿੱਥੇ ਵਿਰੋਧਤਾਈਆਂ ਦਾ ਪ੍ਰਕੋਪ ਵਧ ਰਿਹਾ ਹੈ, ਲੰਬੇ ਸਮੇਂ ਤੋਂ ਸੰਘਰਸ਼ ਅਤੇ ਇਨਕਲਾਬੀ ਲਹਿਰਾਂ ਦਾ ਅਖਾੜਾ ਰਿਹਾ ਹੈ। ਦਿਹਾਤੀ ਇਲਾਕੇ, ਵੱਡੀ ਬੁਰਜੂਆਜੀ ਅਤੇ ਵੱਡੇ ਜ਼ਿਮੀਂਦਾਰਾਂ ਦੇ ਸ਼ਾਸਨ ਵਿਰੁੱਧ ਜੰਗ ਦਾ ਮੈਦਾਨ ਰਹੇ ਹਨ, ਜੋ ਸਾਮਰਾਜਵਾਦ ਦੇ ਅਧੀਨ ਹਨ ਅਤੇ 1947 ਵਿਚ ਸੱਤਾ ਵਿਚ ਆਏ ਸਨ। ਇੱਥੇ ਬਹੁਗਿਣਤੀ ਲੋਕ ਰਹਿੰਦੇ ਰਹੇ ਹਨ, ਅਤੇ ਹੁਣ ਵੀ ਲਗਭਗ 70% ਭਾਰਤੀ ਰਹਿੰਦੇ ਹਨ, ਨੇ ਇਨਕਲਾਬੀ ਕਿਸਾਨੀ ਸੰਘਰਸ਼ਾਂ ਦੀ ਨਿਰੰਤਰ ਧਾਰਾ ਵੇਖੀ ਹੈ। ਭਾਰਤ ਵਿੱਚ ਕਿਸਾਨੀ ਬਗ਼ਾਵਤਾਂ ਦਾ ਲੰਮਾ ਇਤਿਹਾਸ ਰਿਹਾ ਹੈ, ਪਰ ਤੇਲੰਗਾਨਾ ਦਾ ਹਥਿਆਰਬੰਦ ਸੰਘਰਸ਼ (1946-1951) ਮਜ਼ਦੂਰ ਜਮਾਤ ਦੀ ਅਗਵਾਈ ਹੇਠ ਭਾਰਤੀ ਕਿਸਾਨੀ ਦਾ ਪਹਿਲਾ ਹਥਿਆਰਬੰਦ ਸੰਘਰਸ਼ ਸੀ ਜੋ ਪੰਜ ਸਾਲਾਂ ਤੱਕ ਜਾਰੀ ਰਿਹਾ ਅਤੇ ਬਹੁਤ ਵੱਡੇ ਖੇਤਰ ਵਿੱਚ ਫੈਲ ਗਿਆ। ਇਸ ਸੰਘਰਸ਼ ਨੂੰ ਉਸ ਵੇਲੇ ਦੀ ਸੀ.ਪੀ.ਆਈ. ਲੀਡਰਸ਼ਿਪ ਨੇ ਧੋਖਾ ਦਿੱਤਾ ਸੀ ਅਤੇ ਹਥਿਆਰਬੰਦ ਜ਼ਰੱਈ ਇਨਕਲਾਬ ਦੇ ਰਸਤੇ ਨੂੰ ਸੰਸਦ ਦੀ ਦਲਦਲ ਵਿੱਚ ਡੋਬਣ ਦੀ ਕੋਸ਼ਿਸ਼ ਕੀਤੀ ਗਈ ਸੀ। ਨਕਸਲਬਾੜੀ ਕਿਸਾਨੀ ਹਥਿਆਰਬੰਦ ਸੰਘਰਸ਼, ਤੇਲੰਗਾਨਾ ਹਥਿਆਰਬੰਦ ਘੋਲ ਦੁਆਰਾ ਦਰਸਾਏ ਗਏ ਮਾਰਗ ਦੀ ਮੁੜ ਸਥਾਪਨਾ ਸੀ ਅਤੇ ਇਹ ਇੱਕ ਚੰਗਿਆੜੀ ਬਣ ਗਈ ਜਿਸ ਨਾਲ ਦੇਸ ਦੇ ਕਈ ਇਲਾਕਿਆਂ ਵਿੱਚ ਸੰਘਰਸ਼ ਦੀ ਅੱਗ ਫੈਲ ਗਈ। ਇਸ ਤੋਂ ਇਲਾਵਾ ਇਹ ਭਾਰਤ ਵਿਚ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇੱਕ ਨਵਾਂ ਮੋੜ ਬਣ ਗਈ ਅਤੇ ਇਸਨੇ ਇਨਕਲਾਬੀਆਂ ਅਤੇ ਸੋਧਵਾਦੀਆਂ, ਨਵ-ਸੋਧਵਾਦੀਆਂ ਵਿਚਾਲੇ ਇਕ ਲਕੀਰ ਖਿੱਚ ਦਿੱਤੀ। ਨਕਸਲਬਾੜੀ ਭਾਰਤ ਦੀ ਮੁਕਤੀ ਲਈ ਭਾਰਤ ਵਿਚ ਜਮਹੂਰੀ ਇਨਕਲਾਬ ਲਿਆਉਣ ਲਈ ਹਥਿਆਰਬੰਦ ਸੰਘਰਸ਼ ਦੇ ਮਾਰਗ ਦਾ ਪ੍ਰਤੀਕ ਰਹੀ ਹੈ। ਇਸ ਦਾ ਇਹ ਵੀ ਅਰਥ ਹੈ ਕਿ ਭਾਰਤ ਦਾ ਹਥਿਆਰਬੰਦ ਘੋਲ, ਹਥਿਆਰਬੰਦ ਖੇਤੀ ਇਨਕਲਾਬ ਅਤੇ ਲਮਕਵੇਂ ਲੋਕ ਯੁੱਧ ਦੇ ਰਾਹ ਦਾ ਰੂਪ ਧਾਰਦਾ ਹੈ। ਨਕਸਲਬਾੜੀ ਦਾ ਅਰਥ ਹੈ ਕਿਸਾਨੀ ਨੂੰ ਮੁੱਖ ਤਾਕਤ ਸਮਝਦੇ ਹੋਏ ਅਤੇ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਨਵ-ਜਮਹੂਰੀ ਇਨਕਲਾਬ।

ਭਾਰਤੀ ਹਾਕਮ ਜਮਾਤਾਂ ਨੇ ਇਨਕਲਾਬੀ ਕਿਸਾਨੀ ਲਹਿਰ ਤੇ ਬੇਮਿਸਾਲ ਜਬਰ ਦੀ ਸ਼ੁਰੂਆਤ ਕੀਤੀ ਅਤੇ ਜਮਹੂਰੀ ਹੱਕਾਂ ਦੇ ਦਮਨ ਅਤੇ ਸੰਘਰਸ਼ਸ਼ੀਲ ਲੋਕਾਂ ਵਿਰੁੱਧ ਰਾਜਕੀ ਹਿੰਸਾ ਕਰਨ ਵਿੱਚ ਨਵੇਂ ਰਿਕਾਰਡ ਕਾਇਮ ਕੀਤੇ। ਹਾਲਾਂਕਿ ਇਹ ਹਾਕਮ ਜਮਾਤਾਂ ਦਾ ਮੁੱਖ ਜਵਾਬ ਸੀ, ਉਨ੍ਹਾਂ ਨੇ ਲੋਕਾਂ ਵਿੱਚ ਭਰਮ ਬੀਜਣ ਦੀ ਕੋਸ਼ਿਸ਼ ਵੀ ਕੀਤੀ ਅਤੇ ਇਸ ਤਰ੍ਹਾਂ ਹਾਕਮ ਜਮਾਤਾਂ ਦੁਆਰਾ ਜ਼ਮੀਨੀ ਸੁਧਾਰਾਂ ਦਾ ਦੂਜਾ ਦੌਰ ਸਾਹਮਣੇ ਆਇਆ। ਇਸ ਤੋਂ ਇਲਾਵਾ, ਪਿੰਡਾਂ ਦੇ ਬਹੁਤ ਸਾਰੇ ਨੌਜਵਾਨ, ਖ਼ਾਸਕਰ ਗਰੀਬ ਕਿਸਾਨੀ ਅਤੇ ਖੇਤ ਮਜ਼ਦੂਰਾਂ ਵਿਚੋਂ, ਕੰਮ ਕਰਨ ਲਈ ਮਹਾਨਗਰਾਂ ਵਿੱਚ ਗਏ। ਹਾਲਾਂਕਿ ਇਸ ਨਾਲ ਸ਼ੋਸ਼ਿਤ ਅਤੇ ਦੱਬੀ-ਕੁਚਲੀ ਕਿਸਾਨੀ ਜਨਤਾ ਦੀ ਪ੍ਰੇਸ਼ਾਨੀ ਵਿੱਚ ਕੋਈ ਗੁਣਾਤਮਕ ਤਬਦੀਲੀ ਨਹੀਂ ਆਈ, ਪਰ ਇਸ ਨੇ ਸੰਕਟ ਦੇ ਦਬਾਅ ਵਿੱਚ ਇੱਕ ਸੁਰੱਖਿਆ ਵਾਲਵ ਪ੍ਰਦਾਨ ਕੀਤਾ ਅਤੇ ਬਹੁਤ ਸਾਰੇ ਇਲਾਕਿਆਂ ਵਿੱਚ, ਪੜ੍ਹੇ-ਲਿਖੇ ਨੌਜਵਾਨ ਸ਼ਹਿਰਾਂ ਲਈ ਰਵਾਨਾ ਹੋ ਗਏ। ਇਨ੍ਹਾਂ ਮਜ਼ਦੂਰਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਨੌਜਵਾਨ ਹਨ, ਦੀ ਪਿੰਡਾਂ ਵਿੱਚ ਵਾਪਸੀ ਨਾਲ ਪੇਂਡੂ ਆਰਥਿਕ ਅਤੇ ਸਮਾਜਿਕ ਜੀਵਨ ਵਿੱਚ ਦਬਾਅ ਵਧਣਾ ਲਾਜ਼ਮੀ ਹੈ। ਇਸ ਨਾਲ ਦੇਸ਼ ਦੇ ਵੱਡੇ ਹਿੱਸਿਆਂ, ਖ਼ਾਸਕਰ ਪੇਂਡੂ ਖੇਤਰਾਂ ਵਿੱਚ ਸੰਘਰਸ਼ਾਂ ਉੱਤੇ ਮਹੱਤਵਪੂਰਣ ਅਸਰ ਪਵੇਗਾ, ਹਾਲਾਂਕਿ ਇਹ ਸ਼ਹਿਰਾਂ

ਵਿੱਚ ਮਜ਼ਦੂਰਾਂ ਦੇ ਸੰਘਰਸ਼ ਉੱਤੇ ਵੀ ਆਪਣੀ ਛਾਪ ਛੱਡੇਗਾ। ਇਹ ਰੁਜ਼ਗਾਰ, ਜ਼ਮੀਨਾਂ ਅਤੇ ਪੇਂਡੂ ਪਛੜੇਪਨ ਅਤੇ ਵਿਕਾਸ ਦੀ ਘਾਟ ਦੇ ਵਿਰੁੱਧ ਸੰਘਰਸ਼ ਲਈ ਜ਼ਮੀਨ ਤਿਆਰ ਕਰੇਗਾ, ਜਿਸ ਕਾਰਨ ਉਥੇ ਸੰਕਟ ਹੋਰ ਵਧੇਗਾ। ਪੇਂਡੂ ਭਾਰਤ ਵਿੱਚ ਅਜੇ ਵੀ ਜ਼ਿਮੀਂਦਾਰਾਂ ਅਤੇ ਪੇਂਡੂ ਕੁਲੀਨ ਲੋਕਾਂ ਦਾ ਰਾਜ ਹੈ। ਪੇਂਡੂ ਜੀਵਨ ਵਿੱਚ ਤਬਦੀਲੀਆਂ ਆਈਆਂ ਹਨ, ਫਿਰ ਵੀ ਇਹ ਗਿਣਾਤਮਕ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨੇ ਪੁਰਾਣੇ ਦਬਾਅ ਬਿੰਦੂਆਂ ਨੂੰ ਡੂੰਘਾ ਕੀਤਾ ਹੈ ਅਤੇ ਕੁਛ ਨਵੇਂ ਬਿੰਦੂ ਬਣਾਏ ਵੀ ਹਨ। ਪੇਂਡੂ ਇਲਾਕਿਆਂ ਵਿਚ ਹਾਕਮ ਜਮਾਤਾਂ ਖ਼ਿਲਾਫ਼ ਸੰਘਰਸ਼ ਬਹੁਪੱਖੀ ਹੋ ਗਿਆ ਹੈ ਪਰ ਇਹ ਫਿਰ ਵੀ ਜ਼ਿਮੀਂਦਾਰਾਂ, ਸ਼ਾਹੂਕਾਰਾਂ ਅਤੇ ਹੋਰ ਕਾਰੋਬਾਰੀ ਹਿੱਤਾਂ ਵਿਰੁੱਧ ਹੈ। ਸੰਘਰਸ਼ ਦੇ ਕਈ ਮੁੱਦਿਆਂ ਨੇ ਮਹੱਤਵ ਪ੍ਰਾਪਤ ਕੀਤਾ ਹੈ ਪਰ ਜ਼ਮੀਨ ਦਾ ਮੁੱਦਾ ਦਾ ਸਭ ਤੋਂ ਮਹੱਤਵਪੂਰਨ ਸੰਘਰਸ਼ ਹੈ। ਜਿਥੋਂ ਤੱਕ ਪੇਂਡੂ ਜ਼ਿੰਦਗੀ ਅੰਦਰ ਬਦਲਾਅ ਦਾ ਸੰਬੰਧ ਹੈ। ਪੇਂਡੂ ਭਾਰਤ ਵਿੱਚ ਸੱਤਾ ਦਾ ਕੋਈ ਤਬਾਦਲਾ ਨਹੀਂ ਹੋਇਆ, ਇਹ ਸਿਰਫ ਜ਼ਿਮੀਂਦਾਰਾਂ ਦੇ ਸ਼ੋਸ਼ਣ ਦੇ ਕਾਰੋਬਾਰਾਂ ਅਤੇ ਜ਼ਿਮੀਂਦਾਰਾਂ ਦੇ ਰਵਾਇਤੀ ਸਹਿਯੋਗੀ, ਸੂਦਖੋਰਾਂ ਦੇ ਨਾਲ ਵਪਾਰਕ ਹਿੱਤਾਂ ਵਿੱਚ ਸ਼ਾਮਲ ਹੋਣ ਦੀ ਖੁੱਲ੍ਹ ਹੈ। ਇਨ੍ਹਾਂ ਹਿੱਸਿਆਂ ਨੇ ਸਰਕਾਰੀ ਯੋਜਨਾਵਾਂ ਦਾ ਵੱਡਾ ਗੱਫਾ ਲਿਆ ਹੈ ਅਤੇ ਵਪਾਰੀਆਂ ਨਾਲ ਗੱਠਜੋੜ ਕਰਦਿਆਂ, ਪੇਂਡੂ ਖੇਤਰਾਂ ਵਿੱਚ ਵਧਦੇ ਕਾਰੋਬਾਰਾਂ ਨੂੰ ਵੀ ਕੰਟਰੋਲ ਕੀਤਾ ਹੈ। ਪਿੰਡਾਂ ਵਿੱਚ ਜ਼ਮੀਨ ਅਜੇ ਵੀ ਤਾਕਤ ਦਾ ਪ੍ਰਤੀਕ ਹੈ ਜਿਥੇ 14% ਸਭ ਤੋਂ ਅਮੀਰ ਲੋਕਾਂ ਦੀ ਤਿੰਨ-ਚੌਥਾਈ ਜਾਇਦਾਦ ਜ਼ਮੀਨ ਹੀ ਹੈ। ਜ਼ਮੀਨੀ ਮਾਲਕੀ, ਅਰਧ-ਜਗੀਰੂ ਸ਼ੋਸ਼ਣ ਦਾ ਅਧਾਰ, ਜਿਸ ਵਿਚ ਮਾਲਕੀ ਅਤੇ ਸ਼ੋਸ਼ਣ ਦੇ ਹੋਰ ਰੂਪ ਸ਼ਾਮਲ ਕੀਤੇ ਗਏ ਹਨ, ਇਕ ਬਹੁਤ ਹੀ ਛੋਟੇ ਹਿੱਸੇ ਵਿਚ ਕੇਂਦ੍ਰਿਤ ਹੈ, ਜਿਸ ਵਿਚ ਸਿਰਫ ਚੋਟੀ ਦੇ 2% ਲੋਕ ਵਾਹੀਯੋਗ ਜ਼ਮੀਨ ਦੇ 25% ਹਿੱਸੇ ਦੇ ਮਾਲਕ ਹਨ ਅਤੇ ਚੋਟੀ ਦੇ 7% ਲੋਕ 47% ਜ਼ਮੀਨ ਦੇ ਮਾਲਕ ਹਨ। ਅਸਲ ਵਿੱਚ ਜ਼ਿਮੀਂਦਾਰਾਂ, ਸ਼ਾਹੂਕਾਰਾਂ ਅਤੇ ਵਪਾਰੀਆਂ ਕੋਲ ਜ਼ਮੀਨ ਅਨੁਪਾਤ ਨੇ ਪਿਛਲੇ ਸਮੇਂ ਵਿੱਚ ਕੁਝ ਵਾਧਾ ਦਿਖਾਇਆ ਹੈ। ਦੂਜੇ ਪਾਸੇ, ਪੇਂਡੂ ਲੋਕਾਂ ਦੇ ਹੇਠਲੇ ਅੱਧਿਆਂ ਦੀ ਜ਼ਮੀਨੀ ਪੂੰਜੀ ਹੋਰ ਘਟ ਕੇ ਮਹਿਜ਼ 0.4% ਰਹਿ ਗਈ ਹੈ, ਪੇਂਡੂ ਬੇਜ਼ਮੀਨੇ ਲੋਕਾਂ ਦੀ ਸੰਖਿਆ ਵਿੱਚ ਵਾਧਾ ਹੋਇਆ ਹੈ, ਜਿਨ੍ਹਾਂ ਵਿੱਚੋਂ ਬਹੁਤੇ ਖੇਤ ਮਜ਼ਦੂਰ ਹਨ। ਸਮਾਜਿਕ-ਆਰਥਿਕ ਮਰਦਮਸ਼ੁਮਾਰੀ 2011 ਦੇ ਅਨੁਸਾਰ, ਪੇਂਡੂ ਲੋਕਾਂ ਵਿੱਚੋਂ 56% ਲੋਕਾਂ ਕੋਲ ਸਿਰਫ ਘਰ ਵਾਲੀ ਜ਼ਮੀਨ ਹੈ।

ਕਿਸਾਨੀ ਦਾ ਸ਼ੋਸ਼ਣ ਅਤੇ ਜ਼ੁਲਮ ਬੇਸ਼ੁਮਾਰ ਤਰੀਕਿਆਂ ਨਾਲ ਜਾਰੀ ਹੈ। ਜਦਕਿ ਪੁਰਾਣੇ ਤਰੀਕੇ ਜਾਰੀ ਰਹਿੰਦੇ ਹਨ, ਨਵੇਂ ਸ਼ਾਮਲ ਕੀਤੇ ਜਾਂਦੇ ਹਨ। ਖੇਤੀਬਾੜੀ ਵਿਚ ਕਿਰਾਏਦਾਰੀ ਵਧ ਰਹੀ ਹੈ ਹਾਲਾਂਕਿ ਇਹ ਰਿਕਾਰਡ ’ਤੇ ਨਹੀਂ ਲਿਆਂਦੀ ਗਈ ਹੈ ਕਿਉਂਕਿ ਬਹੁਤੇ ਪੇਂਡੂ ਖੇਤਰਾਂ ਵਿਚ ਬਟਾਈਦਾਰੀ ਦਾ ਸਹੀ ਰਿਕਾਰਡ ਨਹੀਂ ਹੈ। ਇਸਦਾ ਹਿਸਾਬ ਨੈਸ਼ਨਲ ਸੈਂਪਲ ਸਰਵੇ ਦੁਆਰਾ ਵੀ ਹਾਸਲ ਨਹੀਂ ਕੀਤਾ ਗਿਆ ਹੈ ਕਿਉਂਕਿ ਇਹ ਜ਼ਿਆਦਾਤਰ ਸਿਰਫ ਜ਼ੁਬਾਨੀ ਸੌਦੇ ਹੁੰਦੇ ਹਨ। ਕੁਝ ਉਦਾਹਰਣਾਂ ਦੇਣ ਲਈਃ ਕੇ. ਰੰਗਾ ਰਾਓ ਕਮੇਟੀ ਨੇ ਆਂਧਰਾ ਪ੍ਰਦੇਸ਼ (ਉਸ ਸਮੇਂ ਸੰਯੁਕਤ ਏਪੀ) ਵਿੱਚ 2006 ਵਿੱਚ ਇਸ ਦੀ ਹੱਦ 50% ਰੱਖੀ ਸੀ; ਡੀ. ਬੰਦੋਪਾਧਿਆਏ, ਜਿਨ੍ਹਾਂ ਨੇ ਬਿਹਾਰ ਵਿੱਚ ਇੱਕ ਕਮਿਸ਼ਨ ਦੀ ਅਗਵਾਈ ਕੀਤੀ ਸੀ, ਨੇ ਕਿਰਾਏਦਾਰੀ ਦੇ ਅੰਕੜੇ ਨੂੰ ਇਕ ਤਿਹਾਈ (35%) ’ਤੇ ਪਾ ਦਿੱਤਾ, ਹਾਲਾਂਕਿ ਰਿਕਾਰਡਾਂ ਦੀ ਘਾਟ ਦਾ ਸੋਗ ਜਤਾਇਆ। ਤੱਟਵਰਤੀ ਉੜੀਸਾ ਵਿੱਚ ਕਿਰਾਏਦਾਰੀ ਦੀ ਵਿਸ਼ਾਲ ਹੱਦ ਬਾਰੇ ਸਭ ਜਾਣਦੇ ਹਨ ਅਤੇ ਇਸ ਤਰ੍ਹਾਂ, ਦੇਸ਼ ਦੇ ਪ੍ਰਮੁੱਖ ਹਿੱਸਿਆਂ ਵਿੱਚ ਕਿਰਾਏਦਾਰੀ ਬਹੁਤ ਜ਼ਿਆਦਾ ਫੈਲੀ ਹੋਈ ਹੈ ਹਾਲਾਂਕਿ ਗਰੀਬ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਦੂਜੇ ਤਰੀਕਿਆਂ ਨਾਲ ਵੀ ਜਾਰੀ ਹੈ। ਦਿਹਾਤੀ ਖੇਤਰ ਦਾ ਮੌਜੂਦਾ ਦ੍ਰਿਸ਼ ਦਰਸਾਉਂਦਾ ਹੈ ਕਿ ਨਕਸਲਬਾੜੀ ਦੁਆਰਾ ਦਰਸਾਇਆ ਰਾਹ ਦੇਸ਼ ਦੀ ਮੁਕਤੀ ਲਈ ਯੋਗ ਬਣਿਆ ਹੋਇਆ ਹੈ। ਪੈਦਾਵਾਰ ਦੇ ਸਾਧਨਾਂ ਦੀ ਅਨੁਚਿਤ ਮਾਲਕੀ, ਪੇਂਡੂ ਭਾਰਤ ਵਿੱਚ ਜ਼ਮੀਨ ਦੀ ਮਲਕੀਅਤ, ਦੇਸ਼ ਵਿੱਚ ਜਾਤੀ ਜ਼ੁਲਮ ਦੇ ਜਾਰੀ ਰਹਿਣ ਦੀ ਜੜ੍ਹ ਵੀ ਹੈ। ਹਾਲ ਹੀ ਦੇ ਸਾਲਾਂ ਵਿੱਚ ਜਾਤੀ-ਜ਼ੁਲਮਾਂ ਵਿਰੁੱਧ ਸੰਘਰਸ਼ਾਂ ਵਿੱਚ ਵਾਧਾ ਹੋਇਆ ਹੈ ਪਰ ਉਨ੍ਹਾਂ ਵਿੱਚੋਂ ਬਹੁਤੇ ਪੈਦਾਵਾਰ ਦੇ ਸਾਧਨਾਂ ਦੀ ਮਾਲਕੀਅਤ ਦੇ ਮੁੱਦੇ ’ਤੇ ਧਿਆਨ ਨਹੀਂ ਦੇ ਰਹੇ ਹਨ। ਹਾਲਾਂਕਿ, ਕੁਝ ਸੰਘਰਸ਼ਾਂ ਨੇ ਇਸ ਮੁੱਦੇ ’ਤੇ ਧਿਆਨ ਕੇਂਦਰਿਤ ਕੀਤਾ ਹੈ ਜੋ ਜਾਤੀ-ਜ਼ੁਲਮ ਵਿਰੁੱਧ ਸੰਘਰਸ਼ ਦਾ ਇਕ ਅਨਿੱਖੜਵਾਂ ਅੰਗ ਹੈ। ਇਥੇ ਨਕਸਲਬਾੜੀ ਲਹਿਰ ਅਤੇ ਇਸ ਦਾ ਅਰਧ-ਜਗੀਰੂ ਜ਼ੁਲਮ ਦੇ ਖਾਤਮੇ ਅਤੇ ਜ਼ਮੀਨੀ ਵੰਡ ’ਤੇ ਦਿੱਤਾ ਜ਼ੋਰ ਜਾਤੀ ਜ਼ੁਲਮ ਵਿਰੁੱਧ ਸੰਘਰਸ਼ ਲਈ ਢੁਕਵਾਂ ਹੈ। ਇਸੇ ਤਰ੍ਹਾਂ ਆਦਿਵਾਸੀਆਂ ਵੱਲੋਂ ਆਪਣੀ ਜ਼ਮੀਨ ਖੋਹਣ ਵਿਰੁੱਧ ਸੰਘਰਸ਼, ਜੋ ਉਨ੍ਹਾਂ ’ਤੇ ਹਮਲੇ ਦੀ ਜੜ੍ਹ ਹੈ, ਨੇ ਨਕਸਲਬਾੜੀ ਮਾਰਗ ਦੁਆਰਾ ਦਰਸਾਏ ਤੇ ਕਮਿਊਨਿਸਟ ਇਨਕਲਾਬੀਆਂ ਦੁਆਰਾ ਕੀਤੇ ਸੰਘਰਸ਼ ਦਾ ਹਿੱਸਾ ਰਿਹਾ ਹੈ ਅਤੇ ਇਸ ਤੋਂ ਪ੍ਰੇਰਨਾ ਲਈ ਹੈ। ਇਹ ਸੰਘਰਸ਼ ਅਜੇ ਵੀ ਜਾਰੀ ਹੈ। ਨਕਸਲਬਾੜੀ ਦਿਵਸ ਅਜਿਹੇ ਸਮੇਂ ਮਨਾਇਆ ਜਾ ਰਿਹਾ ਹੈ ਜਦੋਂ ਕੇਂਦਰ ਅਤੇ ਬਹੁਤੇ ਰਾਜਾਂ ਵਿੱਚ ਸੱਤਾਧਾਰੀ

ਪ੍ਰਬੰਧ ਦੇਸ਼ ਉੱਤੇ ਫਾਸੀਵਾਦੀ ਤਾਨਾਸ਼ਾਹੀ ਥੋਪ ਰਿਹਾ ਹੈ। ਇਹ ਉਸ ਸਮੇਂ ਦੇਖਿਆ ਜਾ ਰਿਹਾ ਹੈ ਜਦੋਂ ਕਿਸਾਨੀ ਅਤੇ ਮਜ਼ਦੂਰ ਜਮਾਤ, ਸਾਰੇ ਮਿਹਨਤਕਸ਼ ਤਬਕਿਆਂ ਉੱਤੇ ਹੁੰਦੇ ਹਮਲੇ ਤੀਬਰ ਹੋ ਰਹੇ ਹਨ ਅਤੇ ਸੱਤਾਧਾਰੀ ਹਕੂਮਤ ਬੇਸ਼ਰਮੀ ਨਾਲ ਖੁੱਲ੍ਹ ਕੇ ਸਾਮਰਾਜਵਾਦ ਅਤੇ ਘਰੇਲੂ ਪ੍ਰਤੀਕ੍ਰਿਆਵਾਦੀ ਹਾਕਮ ਜਮਾਤਾਂ – ਵੱਡੇ ਸਰਮਾਏਦਾਰਾਂ ਅਤੇ ਵੱਡੇ ਜ਼ਿਮੀਂਦਾਰਾਂ ਦੀ ਸੇਵਾ ਕਰ ਰਹੇ ਹਨ। ਅਤੇ ਹੁਣ ਜਦੋਂ ਘੱਟਗਿਣਤੀਆਂ, ਖ਼ਾਸਕਰ ਮੁਸਲਮਾਨਾਂ ਨੂੰ ਬੇਮਿਸਾਲ ਤਰੀਕੇ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਹਕੂਮਤ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਥੋਪਣ ਲਈ ਅੱਗੇ ਵਧ ਰਹੀ ਹੈ, ਸੰਖੇਪ ਵਿੱਚ ਉੱਚ ਜਾਤੀ ਸ਼ਾਵਨਵਾਦ, ਸਾਮਰਾਜਵਾਦ ਅਤੇ ਪ੍ਰਤੀਕਿਰਿਆਵਾਦ ਦੀ ਸੇਵਾ ਕਰ ਰਿਹਾ ਹੈ। ਇਹ ਭਾਰਤੀ ਲੋਕਾਂ ਦੀਆਂ ਬਸਤੀਵਾਦ ਦੇ ਵਿਰੋਧੀ ਸੰਘਰਸ਼ ਸਮੇਂ ਇਕੱਤਰ ਹੋਈਆਂ ਸਾਰੀਆਂ ਇੱਛਾਵਾਂ ਦਾ ਵਿਰੋਧ ਕਰਦਾ ਹੈ। ਸੰਘ ਫਾਸ਼ੀਵਾਦ ਦੇ ਵਿਰੁੱਧ ਸੰਘਰਸ਼ ਨੂੰ ਇਨਕਲਾਬੀ ਤਬਦੀਲੀ ਲਈ ਲੋਕਾਂ ਦੇ ਸੰਘਰਸ਼ਾਂ ਨੂੰ ਨਿਪੁੰਨਤਾ ਨਾਲ ਜੋੜਨਾ ਨਕਸਲਬਾੜੀ ਦੇ ਮਾਰਗ ਤੇ ਤੁਰਨ ਵਾਲੇ ਲੋਕਾਂ ਦੀ ਜ਼ਿੰਮੇਵਾਰੀ ਹੈ। ਬਹੁਗਿਣਤੀ ਲੋਕ– ਕਿਸਾਨ ਅਤੇ ਮਜ਼ਦੂਰ, ਇਨਕਲਾਬੀ ਤਬਦੀਲੀ ਲਈ ਅਤੇ ਆਰ.ਐਸ.ਐਸ.–ਬੀਜੇਪੀ ਦੇ ਫਾਸ਼ੀਵਾਦੀ ਹਮਲੇ ਦੇ ਵਿਰੁੱਧ ਵੀ ਲੜਾਈ ਦੀ ਮੁੱਖ ਸ਼ਕਤੀ ਹਨ। ਕਿਸਾਨੀ ਜਨਤਾ ਦਾ ਸੰਘਰਸ਼ ਉਭਰ ਰਹੇ ਦ੍ਰਿਸ਼ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰੇਗਾ। ਕਮਿਊਨਿਸਟ ਇਨਕਲਾਬੀਆਂ ਨੂੰ ਇਸ ਸੰਘਰਸ਼ ਵਿੱਚ ਆਪਣੀ ਭੂਮਿਕਾ ਵਧਾਉਣ ਲਈ ਸਾਰੀ ਤਾਕਤ ਨਾਲ ਪਹਿਲ ਕਰਨੀ ਚਾਹੀਦੀ ਹੈ; ਇਸ ਨੂੰ ਸਾਕਾਰ ਕਰਨ ਲਈ, ਪੂਰਾ ਧਿਆਨ ਅਤੇ ਤਾਕਤ ਕਿਸਾਨੀ ਦੇ ਨਿਰੰਤਰ ਵਿਰੋਧ ਦੇ ਖੇਤਰਾਂ ਦੀ ਉਸਾਰੀ ਲਈ ਸਮਰਪਿਤ ਕੀਤੀ ਜਾਣੀ ਚਾਹੀਦੀ ਹੈ– ਇਹ ਵਿਰੋਧ ਸੰਘ–ਬੀਜੇਪੀ ਦੇ ਡਿਜ਼ਾਈਨ ਦੇ ਵਿਰੁੱਧ ਇੱਕ ਮਜ਼ਬੂਤ ਅੜਿੱਕਾ ਹੋਵੇਗਾ ਅਤੇ ਹਾਰ ਅਤੇ ਸਮਝੌਤੇ ’ਤੇ ਕਾਬੂ ਪਾਉਣ ਲਈ ਅਹਿਮ ਹੋਵੇਗਾ। ਇਹ ਸੰਘਰਸ਼ ਮੁੱਖ ਤੌਰ ’ਤੇ ਸੰਸਦੀ ਅਖਾੜੇ ਦੇ ਬਾਹਰ ਲੜੇ ਜਾਣਗੇ। ਇਹ ਚੁਣੌਤੀ ਕਮਿਊਨਿਸਟ ਇਨਕਲਾਬੀਆਂ, ਨਕਸਲਬਾੜੀ ਮਾਰਗ ਦੇ ਪੈਰੋਕਾਰਾਂ ਲਈ ਇੱਕ ਮੌਕਾ ਹੈ।

**ਸਮਾਜਿਕ ਸ਼ੋਸ਼ਣ ਅਤੇ ਫਾਸੀਵਾਦੀ ਤਾਕਤਾਂ ਦੇ ਹਮਲੇ ਵਿਰੁੱਧ ਸੰਘਰਸ਼ ਨਾਲ ਜਮਾਤੀ ਸੰਘਰਸ਼ ਨੂੰ ਜੋੜੋ!**
**ਇਨਕਲਾਬ ਭਵਿੱਖ ਹੈ; ਨਕਸਲਬਾੜੀ ਰਾਹ ਦਸੇਰਾ ਹੈ!**
**ਮਾਰਕਸਵਾਦ–ਲੈਨਿਨਵਾਦ–ਮਾਓ ਵਿਚਾਰਧਾਰਾ ਜ਼ਿੰਦਾਬਾਦ!**

## ਡੀ.ਟੀ.ਐਫ. ਅਤੇ ਐਸ.ਐਸ.ਏ./ਰਮਸਾ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਅੱਗੇ ਰੋਸ ਮੁਜ਼ਾਹਰਾ

ਡੈਮੋਕਰੇਟਿਕ ਟੀਚਰਜ਼ ਫਰੰਟ ਅਤੇ ਐਸ.ਐਸ.ਏ./ਰਮਸਾ ਅਧਿਆਪਕ ਯੂਨੀਅਨ ਵੱਲੋਂ 8 ਜੂਨ ਨੂੰ ਜ਼ਿਲ੍ਹਾ ਪਟਿਆਲਾ ਦੇ ਸਿੱਖਿਆ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ਦਾ ਕਾਰਨ ਇੱਕ ਇਮਾਨਦਾਰ ਅਧਿਆਪਕ ਨੂੰ ਜਬਰੀ ਡੈਪੂਟੇਸ਼ਨ ’ਤੇ ਭੇਜਣਾ ਸੀ। ਸਿਆਸੀ ਦਬਾਓ ਅਧੀਨ ਇਹ ਮਸਲਾ ਪਟਿਆਲਾ ਦੀ ਤਹਿਸੀਲ ਸਨੌਰ ਇਲਾਕੇ ’ਚ ਪਿੰਡ ਬੋਲੜ ਕਲ੍ਹਾਂ ਦਾ ਹੈ ਜਿੱਥੇ ਸਮਾਜਿਕ ਸਿੱਖਿਆ ਦੇ ਅਧਿਆਪਕ ਭੁਪਿੰਦਰ ਸਿੰਘ ਨੂੰ ਜਬਰੀ ਡੈਪੂਟੇਸ਼ਨ ’ਤੇ ਵਾਰ–ਵਾਰ ਭੇਜ ਕੇ ਜਲੀਲ ਕੀਤਾ ਜਾ ਰਿਹਾ ਹੈ। ਇਸ ਅਧਿਆਪਕ ਨੂੰ 2019 ਦੇ ਸਮੇਂ ਸਕੂਲ ਦਾ ਇੰਚਾਰਜ ਬਣਾਇਆ ਗਿਆ। ਉਦੋਂ ਸਕੂਲ ਵਿੱਚ ਬੱਚਿਆਂ ਦੀ ਗਿਣਤੀ 9 ਦੇ ਕਰੀਬ ਸੀ। ਜਦਕਿ ਹੁਣ 300 ਦੇ ਕਰੀਬ ਬੱਚੇ ਸਕੂਲ ਵਿੱਚ ਪੜਦੇ ਹਨ। ਸਰਕਾਰੀ ਹਾਈ ਸਕੂਲ ਦੀ ਸੁਧਰਦੀ ਹਾਲਤ ਤੋਂ ਤੇ ਅਧਿਆਪਕ ਦੀ ਇਮਾਨਦਾਰੀ ਸਦਕਾ ਸਕੂਲ ਕਮੇਟੀ ਅਧਿਆਪਕ ਨੂੰ ਸਕੂਲ ਵਿੱਚ ਰੱਖਣਾ ਚਾਹੁੰਦੀ ਹੈ ਪਰ ਪਿਛਲੇ ਡੇਢ ਸਾਲ ਤੋਂ ਪਿੰਡ ’ਚ ਬਣੀ ਕਾਂਗਰਸੀ ਪੰਚਾਇਤ ਨੂੰ ਇਹ ਅਧਿਆਪਕ ਰੜਕ ਰਿਹਾ ਹੈ। ਜਿਸ ਕਾਰਨ ਉਨ੍ਹਾਂ ਨੇ ਅਧਿਆਪਕ ਉੱਪਰ ਅਕਾਲੀ ਦਲ ਦਾ ਪ੍ਰਚਾਰ ਕਰਨ ਵਰਗੇ ਦੋਸ਼ ਲਗਾਉਂਦੇ ਹੋਏ ਉਸਨੂੰ ਸਕੂਲ ’ਚੋਂ ਹਟਾਉਣ ਦੀ ਮੰਗ ਉਠਾਈ ਪਰ ਡੀ.ਈ.ਓ. ਦੁਆਰਾ ਕੀਤੀ ਗਈ ਪੜਤਾਲ ’ਚ ਅਧਿਆਪਕ ਨਿਰਦੋਸ਼ ਪਾਇਆ ਗਿਆ। ਪਰ ਜ਼ਿਲ੍ਹਾ ਸਿੱਖਿਆ ਅਫਸਰ ’ਤੇ ਸਿਆਸੀ ਦਬਾਅ ਹੇਠ ਆਉਣ ਕਾਰਨ ਅਧਿਆਪਕ ਨੂੰ ਡੈਪੂਟੇਸ਼ਨ ’ਤੇ ਅਲੱਗ–ਅਲੱਗ ਸਕੂਲਾਂ ਵਿੱਚ ਭੇਜਿਆ ਜਾ ਰਿਹਾ ਹੈ ਜਿਸਦਾ ਅਧਿਆਪਕ ਜੱਥੇਬੰਦੀਆਂ ਵਿਰੋਧ ਕਰ ਰਹੀਆਂ ਹਨ ਅਤੇ ਨਾਲ ਹੀ ਸਕੂਲਾਂ ਅੰਦਰ ਬੇਲੋੜੀ ਸਿਆਸੀ ਦਖਲਅੰਦਾਜੀ ਤੇ ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਸਿਆਸੀ ਦਬਾਅ ਅਧੀਨ ਕੰਮ ਕਰਨ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ।

ਜਬਰੀ ਡੈਪੂਟੇਸ਼ਨ ਰੁਕਵਾਉਣ ਤੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਲਈ ਲਗਾਏ ਗਏ ਇਸ ਧਰਨੇ ਵਿੱਚ ਆ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਹਰਿੰਦਰ ਕੌਰ ਨੇ ਕਿਹਾ ਕਿ ਭੁਪਿੰਦਰ ਸਿੰਘ ਦੀ ਡੈਪੂਟੇਸ਼ਨ ਹਾਲ ਦੀ ਘੜੀ ਰੱਦ ਕਰ ਦਿੱਤੀ ਗਈ ਹੈ ਤੇ ਇਸ ਮਾਮਲੇ ਦੀ ਮੁੜ ਪੜਤਾਲ ਲਈ ਉੱਚ ਅਧਿਕਾਰੀਆਂ ਦੇ ਹੁਕਮਾਂ ਤਹਿਤ ਤਿੰਨ ਪ੍ਰਿੰਸੀਪਲਾਂ ਦਾ ਪੈਨਲ ਗਠਿਤ ਕੀਤਾ ਗਿਆ ਹੈ।

ਇਹ ਧਰਨਾ ਅਧਿਆਪਕ ਆਗੂ ਦਵਿੰਦਰ ਸਿੰਘ ਪੂਨੀਆ, ਹਰਦੀਪ ਟੋਡਰਪੁਰ, ਅਤਿੰਦਰਪਾਲ ਘੱਗਾ ਤੇ ਵਿਕਰਮਦੇਵ ਦੀ ਅਗਵਾਈ ਵਿੱਚ ਲੱਗਿਆ।

# ਨਿੱਜੀਕਰਨ, ਪ੍ਰਾਈਵੇਟ ਸਕੂਲ ਅਤੇ ਮਾਪਿਆਂ ਦੀ ਲੁੱਟ

ਕਰੋਨਾ ਮਹਾਂਮਾਰੀ ਨੇ ਪੂਰੇ ਸੰਸਾਰ ਨੂੰ ਆਪਣੀ ਚਪੇਟ ਵਿੱਚ ਲਿਆ ਹੋਇਆ ਹੈ। ਲੋਕਾਂ ਦੇ ਕੰਮ-ਧੰਦੇ ਬੰਦ ਹੋ ਚੁੱਕੇ ਹਨ, ਪਹਿਲਾਂ ਤੋਂ ਸੰਕਟਗ੍ਰਸਤ ਵੱਡੀਆਂ ਸਾਮਰਾਜੀ ਆਰਥਿਕਤਾਵਾਂ ਹੋਰ ਡੂੰਘੇ ਸੰਕਟ ਦਾ ਸ਼ਿਕਾਰ ਹੋ ਰਹੀਆਂ ਹਨ। ਕਰੋਨਾ ਮਹਾਂਮਾਰੀ ਨੇ ਸਮਾਜ ਦੇ ਹਰ ਤਬਕੇ ਨੂੰ ਪ੍ਰਭਾਵਿਤ ਕੀਤਾ ਹੈ। ਪਰ ਹਾਕਮ ਜਮਾਤਾਂ ਨੇ ਬਿਮਾਰੀ ਬਾਰੇ ਲੋਕਾਂ ਵਿੱਚ ਦਹਿਸ਼ਤ ਫੈਲਾਕੇ ਕਾਫੀ ਸਮੇਂ ਤੋਂ ਲਟਕਦੇ ਆ ਰਹੇ ਲੋਕ ਵਿਰੋਧੀ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਕੋਈ ਢਿੱਲ ਨਹੀਂ ਦਿਖਾਈ। ਹਾਕਮਾਂ ਨੇ ਕਰੋਨਾ ਨੂੰ ਵੀ ਲੋਕਾਂ ਦੇ ਖਿਲਾਫ਼ ਇੱਕ ਹਥਿਆਰ ਦੇ ਤੌਰ 'ਤੇ ਵਰਤਿਆ। ਦੇਸ਼ ਦਾ ਵਿਦਿਆਰਥੀ ਵਰਗ ਵੀ ਸਰਕਾਰਾਂ ਦੇ ਇਸ ਹਮਲੇ ਤੋਂ ਬਚ ਨਹੀਂ ਪਾਇਆ। ਇੱਕ ਪਾਸੇ ਮੋਦੀ ਸਰਕਾਰ ਵੱਲੋਂ ਵਿਦਿਆਰਥੀ ਆਗੂਆਂ ਉੱਪਰ ਯੂ.ਏ.ਪੀ.ਏ. ਵਰਗੇ ਸੰਗੀਨ ਕਾਨੂੰਨ ਮੜਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਸੀ। ਦੂਸਰੇ ਪਾਸੇ ਫੀਸਾਂ ਵਿੱਚ ਵਾਧਾ ਕਰਕੇ, ਬਿਨਾਂ ਪੜਾਈ ਤੋਂ ਫੀਸਾਂ ਦੀ ਮੰਗ ਕਰਕੇ ਵਿਦਿਆਰਥੀਆਂ ਉੱਪਰ ਆਰਥਿਕ ਬੋਝ ਪਾਇਆ ਜਾ ਰਿਹਾ ਸੀ।

ਕਰੋਨਾ ਕਾਰਨ 23 ਮਾਰਚ ਤੋਂ ਸਕੂਲ, ਕਾਲਜ ਬੰਦ ਪਏ ਹਨ। ਅਜੇ ਤੱਕ ਕੋਈ ਵੀ ਸਪੱਸ਼ਟ ਨਹੀਂ ਕਿ ਕਦੋਂ ਖੁੱਲ੍ਹਣਗੇ। ਪਰ ਇਸੇ ਸਮੇਂ ਦੌਰਾਨ ਪ੍ਰਾਈਵੇਟ ਸਕੂਲ, ਮਾਪਿਆਂ ਤੇ ਪ੍ਰਬੰਧਕਾਂ ਵਿਚਕਾਰ ਫੀਸਾਂ ਦੇ ਮਾਮਲੇ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਸਕੂਲਾਂ ਨੇ ਮਾਪਿਆਂ ਕੋਲੋਂ ਬੰਦ ਪਏ ਸਕੂਲਾਂ ਲਈ ਫੀਸ ਦੀ ਮੰਗ ਕੀਤੀ। ਜਿਸਦਾ ਵਿਰੋਧ ਹੋਣਾ ਸੁਭਾਵਿਕ ਸੀ। ਜਿਸਤੋਂ ਬਾਅਦ ਸਕੂਲਾਂ ਨੇ ਆਨ-ਲਾਈਨ ਪੜਾਈ ਦਾ ਡਰਾਮਾ ਕਰਦੇ ਹੋਏ ਮਾਪਿਆਂ ਨੂੰ ਫੀਸਾਂ ਭਰਨ ਲਈ ਕਿਹਾ। ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਨੇ ਵੀ ਆਨ-ਲਾਈਨ ਟਿਊਸ਼ਨ ਫੀਸ ਭਰਨ ਦੀ ਵਕਾਲਤ ਕੀਤੀ। ਪ੍ਰਾਈਵੇਟ ਸਕੂਲਾਂ ਦੀ ਇੱਕ ਐਸੋਸੀਏਸ਼ਨ ਦੀ ਰਿੱਟ ਉੱਪਰ ਹਾਈਕੋਰਟ ਨੇ ਫੈਸਲਾ ਕਰਦੇ ਹੋਏ 70% ਤੱਕ ਫੀਸਾਂ ਲੈਣ ਲਈ ਕਾਨੂੰਨੀ ਰਾਹ ਖੋਲ ਦਿੱਤਾ। ਇਸ ਕਾਨੂੰਨ ਨੂੰ ਅਧਾਰ ਬਣਾਕੇ ਸਕੂਲ ਮਾਪਿਆਂ ਤੋਂ ਫੀਸਾਂ ਦੀ ਮੰਗ ਕਰਨ ਲੱਗੇ ਹਨ।

ਸਕੂਲਾਂ ਵੱਲੋਂ ਜਿਸ ਆਨ-ਲਾਈਨ ਪੜ੍ਹਾਈ ਦੇ ਅਧਾਰ 'ਤੇ ਫੀਸਾਂ ਦੀ ਮੰਗ ਕੀਤੀ ਜਾ ਰਹੀ ਹੈ, ਜੇਕਰ ਜ਼ਮੀਨੀ ਪੱਧਰ ਉੱਪਰ ਦੇਖੀਏ ਤਾਂ ਆਟੇ ਵਿੱਚ ਲੂਣ ਦੇ ਬਰਾਬਰ ਹੈ। ਭਾਰਤ ਵਰਗੇ ਪਛੜੇ ਮੁਲਕ ਵਿੱਚ ਆਨ-ਲਾਈਨ ਪੜ੍ਹਾਈ ਦੀਆਂ ਗੱਲਾਂ ਕਰਨੀਆਂ ਸ਼ੇਖਚਿੱਲੀ ਦੇ ਸੁਪਨਿਆਂ ਤੋਂ ਸਿਵਾਏ ਕੁੱਝ ਨਹੀਂ। 2018 ਦੇ ਇੱਕ ਸਰਵੇ ਅਨੁਸਾਰ 33.4% ਲੋਕ ਦੇਸ਼ ਵਿੱਚ ਸਮਾਰਟਫੋਨ ਦੀ ਵਰਤੋਂ ਕਰਦੇ ਹਨ। ਬਹੁਤੇ ਇਲਾਕਿਆਂ ਵਿੱਚ ਹਾਈ ਸਪੀਡ ਇੰਟਰਨੈਟ ਨਹੀਂ ਹੈ। ਮਾਨਸਾ ਦੇ ਪਿੰਡ ਕੋਟਧਰਮੂ ਦੀ ਲੜਕੀ ਕੋਲ ਆਨਲਾਈਨ ਪੜਾਈ ਲਈ ਫੋਨ ਨਾ ਹੋਣ ਕਰਕੇ ਖ਼ੁਦਕੁਸ਼ੀ ਲਈ ਮਜਬੂਰ ਹੋਣਾ ਪਿਆ। ਸਕੂਲਾਂ ਨੇ ਹੋਮਵਰਕ ਦੇਣ ਨੂੰ ਆਨਲਾਈਨ ਪੜ੍ਹਾਈ ਸਮਝ ਲਿਆ। ਇਹ ਵਿਦਿਆਰਥੀਆਂ ਦੀ ਘੱਟ ਮਾਂ-ਪਿਉ ਦੀ ਜ਼ਿਆਦਾ ਆਨਲਾਈਨ ਪੜਾਈ ਹੈ। ਮਾਂ-ਪਿਓ ਨੂੰ ਫੋਨਾਂ ਅੱਗੇ ਬਿਠਾਕੇ ਦੱਸ ਦਿੱਤਾ ਕਿ ਬੱਚਿਆਂ ਨੂੰ ਹੋਮਵਰਕ ਕਰਾਉ। ਅਸਲ ਵਿੱਚ ਆਨਲਾਈਨ ਪੜ੍ਹਾਈ ਦਾ ਡਰਾਮਾ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਹੀਂ ਬਲਕਿ ਮਾਪਿਆਂ ਤੋਂ ਫੀਸਾਂ ਲੈਣ ਲਈ ਰਚਿਆ ਗਿਆ। ਹੁਣ ਹਾਈਕੋਰਟ ਦੇ ਲੋਕ ਵਿਰੋਧੀ ਫੈਸਲੇ ਨਾਲ ਫੀਸਾਂ ਲੈਣ ਉੱਪਰ ਕਾਨੂੰਨੀ ਮੋਹਰ ਲੱਗ ਚੁੱਕੀ ਹੈ। ਦੂਸਰਾ ਸਕੂਲ ਐਸੋਸੀਏਸ਼ਨਾਂ ਵੱਲੋਂ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਜੇਕਰ ਫੀਸਾਂ ਨਾ ਮਿਲੀਆਂ ਤਾਂ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕਦੀਆਂ। ਇਹ ਬਿਲਕੁਲ ਕੋਰਾ ਝੂਠ ਹੈ। ਲਾਕਡਾਊਨ ਤਾਂ ਸਿਰਫ ਮਾਰਚ ਮਹੀਨੇ ਵਿੱਚ ਹੋਇਆ ਹੈ। ਪਰ ਅਧਿਆਪਕਾਂ ਦੀਆਂ ਤਨਖਾਹਾਂ ਤਾਂ 7-7 ਮਹੀਨੇ ਤੋਂ ਅਧੂਰੀਆਂ ਪਈਆਂ ਹਨ। ਇਹ ਸਕੂਲਾਂ ਵੱਲੋਂ ਦੂਹਰੀ ਲੁੱਟ ਦੀ ਸਾਜਿਸ਼ ਹੈ। ਇੱਕ ਪਾਸੇ ਲਾਕਡਾਊਨ ਦੇ ਬਹਾਨੇ ਅਧਿਆਪਕਾਂ ਦੀ ਤਨਖਾਹ ਉੱਪਰ ਕੱਟ ਲਾਇਆ ਜਾਵੇਗਾ, ਦੂਸਰੇ ਪਾਸੇ ਮਾਪਿਆਂ ਕੋਲੋਂ 70% ਫੀਸ ਵੀ ਲਈ ਜਾਵੇਗੀ।

ਜੇਕਰ ਕਾਨੂੰਨੀ ਪੱਖ ਨੂੰ ਵਿਚਾਰੀਏ ਤਾਂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪ੍ਰਾਈਵੇਟ ਸਕੂਲਾਂ ਲਈ ਇਹ ਕਾਨੂੰਨ ਹੈ ਕਿ ਸੰਕਟਕਾਲੀਨ ਸਥਿਤੀ ਲਈ ਪ੍ਰਾਈਵੇਟ ਸਕੂਲ 5% ਤੋਂ 15% ਤੱਕ ਇੱਕ ਰਿਜ਼ਰਵ ਫੰਡ ਇਕੱਠਾ ਕਰਨਗੇ। ਜਿਸਨੂੰ ਕੋਈ ਵੀ ਮੈਨੇਜਮੈਂਟ ਕਿਸੇ ਹੋਰ ਪਾਸੇ ਨਿਵੇਸ਼ ਨਹੀਂ ਕਰ ਸਕਦੀ, ਸਿਰਫ ਸੰਕਟ ਸਮੇਂ ਅਧਿਆਪਕਾਂ ਦੀਆਂ ਤਨਖਾਹਾਂ ਜਾਂ ਹੋਰ ਖਰਚਿਆਂ ਲਈ ਵਰਤੋਂ ਕਰੇ। ਜੇਕਰ ਪ੍ਰਾਈਵੇਟ ਸਕੂਲਾਂ ਦੀ ਸਾਰੀ ਆਮਦਨ ਦੀ ਜਾਂਚ ਕੀਤੀ ਜਾਵੇ ਤਾਂ ਇਹ ਫੰਡ ਵੀ ਸਾਹਮਣੇ ਆ ਜਾਵੇਗਾ ਅਤੇ ਸਕੂਲਾਂ ਨੇ ਕਿੰਨਾ ਮੁਨਾਫਾ ਕਮਾਇਆ, ਇਹ ਚਿੱਟੇ ਦੁੱਧ ਵਾਂਗ ਸਾਫ਼ ਹੋ ਜਾਵੇਗਾ।

ਦੂਸਰਾ ਪ੍ਰਾਈਵੇਟ ਕਾਲਜਾਂ ਬਾਰੇ ਇਸ ਦੌਰ ਵਿੱਚ ਬਹੁਤੀ ਚਰਚਾ ਨਹੀਂ ਹੋਈ। ਚਰਚਾ ਸਿਰਫ ਸਕੂਲਾਂ ਤੱਕ ਹੀ ਸੀਮਿਤ ਰਹੀ। ਜਦਕਿ ਪ੍ਰਾਈਵੇਟ ਕਾਲਜਾਂ ਵੱਲੋਂ ਲੁੱਟ ਦੀ

ਤੀਬਰਤਾ ਵੀ ਸਕੂਲਾਂ ਨਾਲੋਂ ਘੱਟ ਨਹੀਂ। ਪੰਜਾਬ ਦੇ ਲਗਭਗ ਸਾਰੇ ਪ੍ਰਾਈਵੇਟ ਕਾਲਜਾਂ ਨੇ ਜਨਵਰੀ-ਮਈ ਸਮੈਸਟਰ ਦੀ ਫੀਸ ਪਹਿਲਾਂ ਹੀ ਐਡਵਾਂਸ ਵਿੱਚ ਲਈ ਹੋਈ ਹੈ। ਜਿਸ ਵਿੱਚ ਬਿਲਡਿੰਗ ਫੀਸ, ਇਲੈਕਟਰੀਸਿਟੀ ਚਾਰਜ, ਬੱਸਾਂ ਤੇ ਲੈਬਾਂ ਦੀ ਫੀਸ ਆਦਿ ਸਭ ਵਿਦਿਆਰਥੀ ਕੋਲੋਂ ਭਰਵਾ ਚੁੱਕੇ ਹਨ। ਜਦਕਿ ਇਹਨਾਂ ਵਿੱਚੋਂ ਕਿਸੇ ਵੀ ਚੀਜ਼ ਦੀ ਵਰਤੋਂ ਨਹੀਂ ਹੋਈ। ਕਾਲਜਾਂ ਵੱਲੋਂ ਵੀ ਆਨ-ਲਾਈਨ ਪੜ੍ਹਾਈ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸਦੀ ਸੱਚਾਈ ਕਿਸੇ ਤੋਂ ਛੁਪੀ ਹੋਈ ਨਹੀਂ। ਯੂ-ਟਿਊਬ ਤੋਂ ਲਿੰਕ ਕਾਪੀ ਕਰਕੇ ਗਰੁੱਪਾਂ ਵਿੱਚ ਪਾਏ, ਪ੍ਰੈਕਟੀਕਲ ਵਿਸ਼ਿਆਂ ਨੂੰ ਆਨਲਾਈਨ ਨਹੀਂ ਪੜ੍ਹਾਇਆ ਜਾ ਸਕਦਾ। ਜਿਸ ਕਰਕੇ ਕਾਲਜਾਂ ਦੇ ਵਿਦਿਆਰਥੀਆਂ ਦਾ ਵੱਡਾ ਹਿੱਸਾ ਇਸ ਲੁੱਟ ਦਾ ਸ਼ਿਕਾਰ ਹੋਇਆ। ਆਨਲਾਈਨ ਪੜਾਈ ਕਲਾਸ ਰੂਮ ਸਟੱਡੀ ਦੇ ਨਾਲ-ਨਾਲ ਤਾਂ ਸਹਾਈ ਹੋ ਸਕਦੀ ਹੈ ਪਰ ਬਿਨਾਂ ਕਲਾਸ ਰੂਮ ਸਟੱਡੀ ਤੋਂ ਆਨਲਾਈਨ ਪੜ੍ਹਾਈ ਅੰਨੇ ਨੂੰ ਸੁਜਾਖਿਆਂ 'ਚ ਸ਼ਾਮਿਲ ਕਰਨ ਬਰਾਬਰ ਹੈ।

ਕਰੋਨਾ ਮਹਾਂਮਾਰੀ ਨੇ ਨਿੱਜੀਕਰਨ ਦੇ ਦੌਰ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲੈ ਆਂਦਾ ਹੈ। ਕਰੋਨਾ ਸੰਕਟ ਨੇ ਸਮਾਜ ਵਿਚਲੇ ਵਿਰੋਧਾਂ ਨੂੰ ਸਪੱਸ਼ਟ ਰੂਪ 'ਚ ਨੰਗਾ ਕਰ ਦਿੱਤਾ ਹੈ। ਨਿੱਜੀਕਰਨ ਬਾਰੇ ਪਹਿਲਾਂ ਵੀ ਵਿਦਿਆਰਥੀ, ਅਧਿਆਪਕ ਜੱਥੇਬੰਦੀਆਂ ਵੱਲੋਂ ਲੋਕਾਂ ਨੂੰ ਲਾਮਬੰਦ ਕਰਕੇ ਚੇਤਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪਰ ਕਰੋਨਾ ਸੰਕਟ ਨੇ ਨਿੱਜੀਕਰਨ ਦੇ ਸਿੱਟੇ ਲੋਕਾਂ ਸਾਹਮਣੇ ਪੇਸ਼ ਕਰ ਦਿੱਤੇ। ਪ੍ਰਾਈਵੇਟ ਹਸਪਤਾਲਾਂ ਨੇ ਗੈਰ-ਮਾਨਵੀ ਰਵੱਈਆ ਦਿਖਾਉਂਦੇ ਹੋਏ ਹਸਪਤਾਲਾਂ ਦੇ ਦਰਵਾਜਿਆਂ ਉੱਪਰ ਲਿਖਕੇ ਲਗਾ ਦਿੱਤਾ ਕਿ ਖੰਘ, ਜ਼ੁਕਾਮ, ਬੁਖਾਰ ਵਾਲਾ ਮਰੀਜ਼ ਸਰਕਾਰੀ ਹਸਪਤਾਲ ਜਾਵੇ ਅਤੇ ਆਪਣੇ ਹਸਪਤਾਲਾਂ ਨੂੰ ਜਿੰਦਰੇ ਮਾਰ ਲਏ। ਗਰਭਵਤੀ ਮਹਿਲਾਵਾਂ ਦੀ ਡਲਿਵਰੀ ਕਰਨ ਤੋਂ ਵੀ ਮਨ੍ਹਾ ਕਰ ਦਿੱਤਾ। ਸੰਕਟ ਦੇ ਦੌਰ ਵਿੱਚ ਜਦੋਂ ਲੋਕਾਂ ਦੇ ਕੰਮ-ਧੰਦੇ ਬੰਦ ਹਨ ਤਾਂ ਪ੍ਰਾਈਵੇਟ ਸਕੂਲ-ਕਾਲਜ ਫੀਸਾਂ ਦੀ ਮੰਗ ਕਰਨ ਲੱਗੇ। ਅਸਲ ਵਿੱਚ ਰਸਮੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਹਾਕਮ ਜਮਾਤ ਨੇ ਕਲਿਆਣਕਾਰੀ ਰਾਜ ਦਾ ਬੁਰਕਾ ਪਾ ਕੇ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਬੁਨਿਆਦੀ ਢਾਂਚੇ ਦਾ ਨਿਰਮਾਣ ਕੀਤਾ। ਪੂੰਜੀਪਤੀ ਜਮਾਤ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਬੁਨਿਆਦੀ ਢਾਂਚੇ ਵਿੱਚੋਂ ਕੋਈ ਮੁਨਾਫਾ ਪ੍ਰਾਪਤ ਨਹੀਂ ਸੀ ਹੋਣਾ। 1991 ਦੀਆਂ ਨਵੀਆਂ ਆਰਥਿਕ ਨੀਤੀਆਂ ਰਾਹੀਂ ਸਰਕਾਰ ਨੇ ਪਬਲਿਕ ਸੈਕਟਰ ਵਿੱਚ ਕਾਰਪੋਰੇਟ ਸੈਕਟਰ ਲਈ ਦਰਵਾਜ਼ੇ ਖੋਲ ਦਿੱਤੇ। ਲੋਕਾਂ ਦੇ ਪੈਸੇ ਨਾਲ ਬਣੇ ਹੋਏ ਬੁਨਿਆਦੀ ਢਾਂਚੇ ਨੂੰ ਕਾਰਪੋਰੇਟ ਦੀ ਝੋਲੀ ਵਿੱਚ ਪਾ ਦਿੱਤਾ ਗਿਆ ਹੈ। ਹੁਣ ਸਿੱਖਿਆ ਇੱਕ ਵਪਾਰ ਬਣ ਚੁੱਕੀ ਹੈ। ਜਿਸਦੀ ਜੇਬ ਵਿੱਚ ਜਿੰਨੇ ਪੈਸੇ ਹਨ, ਉਹ ਉਸ ਤਰ੍ਹਾਂ ਦੀ ਸਿੱਖਿਆ ਹਾਸਿਲ ਕਰ ਸਕਦਾ ਹੈ। ਇਸ ਮੁਨਾਫੇ ਅਧਾਰਿਤ ਪ੍ਰਬੰਧ ਵਿੱਚ ਸਿਰਫ ਮੁਨਾਫਾ ਹੀ ਕੇਂਦਰ ਵਿੱਚ ਹੈ ਨਾ ਕਿ ਮਨੁੱਖ। ਇਸ ਕਰਕੇ ਕਰੋਨਾ ਸੰਕਟ ਦੌਰਾਨ ਜਿੱਥੇ ਇਹਨਾਂ ਸਿੱਖਿਆ ਦੀਆਂ ਪ੍ਰਾਈਵੇਟ ਦੁਕਾਨਾਂ ਤੋਂ ਭਲੇ ਦੀ ਆਸ ਕਰਨਾ ਸੁਪਨਸਾਜੀ ਗੱਲਾਂ ਹੀ ਹਨ। ਇਸ ਲਈ ਸਾਨੂੰ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਇਹਨਾਂ ਪ੍ਰਾਈਵੇਟ ਸੰਸਥਾਵਾਂ ਨੂੰ ਆਪਣੇ ਕੰਟਰੋਲ ਵਿੱਚ ਲਵੇ। ਕਾਲਜਾਂ ਵਿੱਚ ਵਿਦਿਆਰਥੀਆਂ ਕੋਲੋਂ ਲਈਆਂ ਫੀਸਾਂ ਵਾਪਸ ਕੀਤੀਆਂ ਜਾਣ। ਪ੍ਰਾਈਵੇਟ ਸਕੂਲਾਂ ਲਈ 70% ਫੀਸ ਲੈਣ ਵਾਲੇ ਫੈਸਲੇ ਨੂੰ ਵਾਪਸ ਲਿਆ ਜਾਵੇ। ਮੈਡੀਕਲ ਕਾਲਜਾਂ ਦੀਆਂ ਫੀਸਾਂ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ।

ਤੀਸਰਾ ਸਰਕਾਰ ਵੱਲੋਂ ਲਾਕਡਾਊਨ ਦਾ ਫਾਇਦਾ ਉਠਾਉਂਦੇ ਹੋਏ ਮੈਡੀਕਲ ਕਾਲਜਾਂ ਦੀਆਂ ਫੀਸਾਂ ਵਿੱਚ 70% ਦਾ ਵਾਧਾ ਕੀਤਾ ਗਿਆ ਹੈ। ਫੀਸ ਵਧਾਉਣ ਲਈ ਸਰਕਾਰ ਬੜੀ ਹੀ ਹਾਸੋਹੀਣੀ ਤੇ ਉਜੱਡ ਦਲੀਲਬਾਜੀ ਦਾ ਸਹਾਰਾ ਲੈ ਰਹੀ ਹੈ। ਅਧਿਕਾਰੀਆਂ ਅਨੁਸਾਰ ਵਿਦਿਆਰਥੀ ਇਹ ਮੰਗ ਕਰ ਰਹੇ ਹਨ ਕਿ ਸਰਕਾਰੀ ਕਾਲਜਾਂ ਦੀ ਫੀਸ ਪ੍ਰਾਈਵੇਟ ਮੈਡੀਕਲ ਕਾਲਜਾਂ ਦੇ ਮੁਕਾਬਲੇ ਕਾਫੀ ਘੱਟ ਹੈ ਜਿਸ ਕਰਕੇ ਫੀਸ ਵਧਾਕੇ ਬਰਾਬਰ ਕੀਤੀ ਜਾਵੇ। ਵਿਦਿਆਰਥੀ ਇਹ ਮੰਗ ਤਾਂ ਕਰ ਸਕਦੇ ਹਨ ਕਿ ਪ੍ਰਾਈਵੇਟ ਕਾਲਜਾਂ ਦੀ ਫੀਸ ਸਰਕਾਰੀ ਕਾਲਜਾਂ ਦੀ ਫੀਸ ਦੇ ਬਰਾਬਰ ਕੀਤੀ ਜਾਵੇ। ਪਰ ਸਰਕਾਰ ਜੋ ਦਾਅਵੇ ਕਰ ਰਹੀ ਹੈ ਉਹ ਹਕੀਕਤ ਤੋਂ ਉਲਟ ਹਨ। ਮੈਡੀਕਲ ਕਾਲਜਾਂ ਵਿੱਚ ਪਹਿਲਾਂ ਹੀ ਗਰੀਬ ਵਰਗ ਵਿੱਚੋਂ ਬਹੁਤ ਹੀ ਘੱਟ ਵਿਦਿਆਰਥੀ ਪਹੁੰਚਦੇ ਹਨ। ਫੀਸ ਵਿੱਚ ਵਾਧਾ ਹੋਣ ਕਾਰਨ ਮੱਧਵਰਗੀ ਪੇਸ਼ੇ ਵਿੱਚੋਂ ਆਉਣ ਵਾਲੇ ਵਿਦਿਆਰਥੀ ਵੀ ਮੈਡੀਕਲ ਖੇਤਰ ਵਿੱਚੋਂ ਬਾਹਰ ਹੋ ਜਾਣਗੇ।

ਸੰਖੇਪ 'ਚ ਕਹਿਣਾ ਹੋਵੇ ਤਾਂ ਮਾਪਿਆਂ ਨੂੰ ਫੀਸਾਂ ਕਾਰਨ ਹੋ ਰਹੀ ਤੰਗੀ ਦਾ ਹੱਲ ਤਾਂ ਸਿੱਖਿਆ ਤੇ ਸਿਹਤ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਤੀ ਸਰਕਾਰਾਂ ਦੀ ਜ਼ਿੰਮੇਵਾਰੀ ਨੂੰ ਤੈਅ ਕਰਦੇ ਹੋਏ ਪ੍ਰਾਈਵੇਟ ਖੇਤਰ ਦੇ ਦਾਖਲੇ 'ਤੇ ਮੁਕੰਮਲ ਰੋਕ ਲਾਉਂਦੇ ਹੋਏ ਇਨ੍ਹਾਂ ਖੇਤਰਾਂ ਦੇ ਸਰਕਾਰੀਕਰਨ ਅਤੇ ਸਭ ਨੂੰ ਬਰਾਬਰ ਤੇ ਮੁਫ਼ਤ ਵਿੱਦਿਆ ਤੇ ਸਿਹਤ ਦਾ ਪ੍ਰਬੰਧ ਕਰਨ ਦੀ ਮੰਗ ਉੱਪਰ ਸੰਘਰਸ਼ ਸੇਧਿਤ ਕਰਨ 'ਚ ਪਿਆ ਹੈ।

# ਜਨਤਕ-ਜਮਹੂਰੀ ਇਕੱਠਾਂ ਅਤੇ ਗਤੀਵਿਧੀਆਂ 'ਤੇ ਲਾਈ ਰੋਕ ਹਟਵਾਉਣ ਅਤੇ ਲਾਕਡਾਊਨ ਖੋਲ੍ਹਣ ਦੀ ਮੰਗ ਨੂੰ ਲੈ ਕੇ ਸੂਬੇ ਭਰ 'ਚ ਅਰਥੀ ਫੂਕ ਪ੍ਰਦਰਸ਼ਨ

ਕਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਅਤੇ ਸਿਹਤ-ਪ੍ਰਬੰਧ ਨੂੰ ਚੁਸਤ-ਦਰੁੱਸਤ ਕਰਨ ਦੇ ਮਕਸਦ ਨਾਲ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਲਾਕਡਾਊਨ ਕਰ ਦਿੱਤਾ। ਪਰ ਬਿਨਾਂ ਕਿਸੇ ਠੋਸ ਯੋਜਨਾਬੰਦੀ ਅਤੇ ਬੱਜਟ ਦਾ ਪ੍ਰਬੰਧ ਕੀਤੇ ਬਗੈਰ ਕੀਤੇ ਗਏ ਲਾਕਡਾਊਨ ਨੇ ਆਮ ਲੋਕਾਂ ਲਈ ਅਥਾਹ ਮੁਸ਼ਕਿਲਾਂ ਖੜੀਆਂ ਕਰ ਦਿੱਤੀਆਂ। ਸੰਕਟ ਗ੍ਰਸਤ ਆਰਥਿਕਤਾ ਹੋਰ ਰਸਾਤਲ ਵੱਲ ਚਲੀ ਗਈ। ਮਜਬੂਰਨ ਸਰਕਾਰਾਂ ਨੇ ਕੁਝ ਆਰਥਿਕ ਗਤੀਵਿਧੀਆਂ ਖੋਲ੍ਹਣ ਦਾ ਫੈਸਲਾ ਤਾਂ ਕੀਤਾ ਪਰ ਨਾਲੋ-ਨਾਲ ਸਾਮਰਾਜੀ ਆਰਥਿਕ ਨੀਤੀਆਂ ਦੇ ਹਮਲੇ ਦੀ ਧਾਰ ਹੋਰ ਤਿੱਖੀ ਕਰ ਦਿੱਤੀ। ਮੁਲਕ ਦੇ ਸਮੁੱਚੇ ਪ੍ਰਬੰਧ 'ਚ ਕੇਂਦਰੀਕਰਨ ਦੀ ਪ੍ਰਵਿਰਤੀ ਨੂੰ ਗਤੀ ਬਖਸ਼ੀ ਜਾ ਰਹੀ ਹੈ। ਜਮਹੂਰੀ ਗਤੀਵਿਧੀਆਂ 'ਤੇ ਰੋਕ ਦੇ ਚਲਦਿਆਂ, ਸਿਆਸੀ ਤੇ ਜਮਹੂਰੀ ਕਾਰਕੁੰਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਗ੍ਰਿਫਤਾਰ ਕਰਨ ਦਾ ਸਿਲਸਿਲਾ ਚਲਾ ਦਿੱਤਾ ਗਿਆ। ਕੌਮੀ ਨਾਗਰਿਕਤਾ ਰਜਿਸਟਰ ਕਾਨੂੰਨ ਦਾ ਵਿਰੋਧ ਕਰ ਰਹੇ ਸੰਘਰਸ਼ਸ਼ੀਲ ਕਾਰਕੁੰਨਾਂ ਤੇ ਬੁੱਧੀਜੀਵੀਆਂ ਨੂੰ ਜੇਲ੍ਹਾਂ 'ਚ ਬੰਦ ਕੀਤਾ ਜਾ ਰਿਹਾ ਹੈ। ਹਕੂਮਤਾਂ ਇਹ ਸਾਰਾ ਕੁਝ ਕਰੋਨਾ ਨਾਲ ਸਿੱਝਣ ਦੇ ਨਾਂ ਹੇਠ ਕਰ ਰਹੀਆਂ ਹਨ ਜਦੋਂਕਿ ਸਿਹਤ-ਪ੍ਰਬੰਧ ਜੋ ਕਿ ਨਿੱਜੀਕਰਨ ਦੀ ਮਾਰ ਹੇਠ ਦਮ-ਤੋੜਨ ਦੇ ਕੰਢੇ ਪੁੱਜਿਆ ਹੋਇਆ ਸੀ, ਦੀ ਪੂਰੀ ਪੋਲ ਇਸ ਲਾਕਡਾਊਨ ਦੌਰਾਨ ਖੁੱਲ ਗਈ। ਡਾਕਟਰ ਤੇ ਹੋਰ ਸਟਾਫ ਸਹੂਲਤਾਂ ਦੀ ਘਾਟ ਕਾਰਨ ਖੁਦ ਰੋਗ-ਗ੍ਰਸਤ ਹੋ ਰਹੇ ਹਨ। ਅਜਿਹੇ ਵਿੱਚ ਪ੍ਰਤੀਰੋਧ ਦੀ ਆਵਾਜ਼ ਬੁਲੰਦ ਕਰਨ ਅਤੇ ਸਰਕਾਰ ਦੀ ਲਾਕਡਾਊਨ ਦੀ ਨੀਤੀ ਦੀ ਅਸਫ਼ਲਤਾ ਕਾਰਨ ਬਿਮਾਰੀ ਫੈਲਣ ਵਿਰੁੱਧ ਆਪਣਾ ਰੋਸ ਜਾਹਰ ਕਰਨ ਲਈ ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਅਤੇ ਲੋਕ ਸੰਗਰਾਮ ਮੰਚ ਨੇ 29 ਮਈ ਨੂੰ ਸੂਬੇ ਭਰ 'ਚ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜ ਕੇ ਲਾਕਡਾਊਨ ਖੋਲ੍ਹਣ ਅਤੇ ਸਿਆਸੀ-ਜਮਹੂਰੀ ਇਕੱਠ ਅਤੇ ਗਤੀਵਿਧੀਆਂ 'ਤੇ ਲਾਈ ਰੋਕ ਹਟਾਉਣ ਦੀ ਮੰਗ ਕੀਤੀ।

ਦੋਵੇਂ ਪਾਰਟੀਆਂ ਦੇ ਸੱਦੇ 'ਤੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਫ਼ਰੀਦਕੋਟ, ਬਠਿੰਡਾ, ਮੋਗਾ, ਲੁਧਿਆਣਾ, ਬਰਨਾਲਾ, ਪਟਿਆਲਾ ਅਤੇ ਸੰਗਰੂਰ ਆਦਿ ਜ਼ਿਲ੍ਹਿਆਂ ਵਿੱਚ ਸੈਂਕੜੇ ਥਾਵਾਂ 'ਤੇ ਤਹਿਸੀਲ, ਬਲਾਕ ਕੇਂਦਰਾਂ ਅਤੇ ਪਿੰਡਾਂ 'ਚ ਅਰਥੀਆਂ ਫੂਕੀਆਂ ਗਈਆਂ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਪਾਰਟੀ ਕਾਰਕੁੰਨਾਂ ਅਤੇ ਜਨਤਕ ਜੱਥੇਬੰਦੀਆਂ ਦੇ ਆਗੂ ਵੱਡੀ ਪੱਧਰ 'ਤੇ ਸ਼ਾਮਲ ਹੋਏ।

# ਕਰੋਨਾ ਦੇ ਬਹਾਨੇ ਪੰਚਾਇਤੀ ਜ਼ਮੀਨਾਂ ਖੋਹਣ ਦੇ ਘੜਮ ਚੌਧਰੀਆਂ ਅਤੇ ਸਰਕਾਰ ਦੇ ਮਨਸੂਬੇ ਕੀਤੇ ਫੇਲ੍ਹ

ਦਲਿਤਾਂ ਦੇ ਜ਼ਮੀਨ ਪ੍ਰਾਪਤੀ ਸੰਘਰਸ਼ ਤੋਂ ਪੂਰੀ ਤਰ੍ਹਾਂ ਔਖੇ ਪਿੰਡਾਂ ਦੇ ਘੜੰਮ ਚੌਧਰੀਆਂ, ਪ੍ਰਸ਼ਾਸਨ ਤੇ ਸਿਆਸੀ ਲੀਡਰਾਂ ਨੇ ਕਰੋਨਾ ਮਹਾਂਮਾਰੀ ਨੂੰ ਵੀ ਆਪਣੇ ਦਲਿਤਾਂ ਤੋਂ ਜ਼ਮੀਨਾਂ ਖੋਹਣ ਵਾਲੇ ਭੈੜੇ ਮਨਸੂਬੇ ਲਈ ਵਰਤਿਆ। ਕਰੋਨਾ ਦੌਰਾਨ ਜਿੱਥੇ ਹੋਰ ਸਾਰੀਆਂ ਇਕੱਠ ਕਰਨ ਵਾਲੀਆਂ ਗਤੀਵਿਧੀਆਂ 'ਤੇ ਰੋਕ ਲਾ ਦਿੱਤੀ ਗਈ, ਉਥੇ ਹੀ ਪੰਚਾਇਤੀ ਜ਼ਮੀਨ ਦੀਆਂ ਖੁੱਲ੍ਹੀਆਂ ਬੋਲੀਆਂ ਰੱਖ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਕਰਕੇ ਇਕ ਤਰੀਕੇ ਨਾਲ ਡੰਮੀ ਬੋਲੀਆਂ ਕਰਵਾਉਣ ਲਈ ਖੁੱਲ ਦੇਣਾ ਸੀ। ਪਰ ਸੰਘਰਸ਼ਸ਼ੀਲ ਲੋਕਾਂ ਨੇ ਇਸ ਵਾਰ ਵੀ ਅਪਣੇ ਏਕੇ ਅਤੇ ਸੰਘਰਸ਼ ਦੇ ਸਿਰ ਤੇ ਹਾਕਮਾਂ ਦੇ ਜ਼ਮੀਨਾਂ ਖੋਹਣ ਦੇ ਮਨਸੂਬੇ ਨੂੰ ਫੇਲ ਕੀਤਾ। ਸੈਂਕੜੇ ਪਿੰਡਾਂ ਵਿੱਚ ਲੋਕ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਲੈਣ ਵਿੱਚ ਕਾਮਯਾਬ ਰਹੇ। ਇਸ ਵਰ੍ਹੇ ਲੜੇ ਗਏ ਘੋਲ ਦਰਮਿਆਨ ਉਭਰੇ ਕੁੱਝ ਪ੍ਰਮੁੱਖ ਪਿੰਡਾਂ ਬਾਰੇ ਹੇਠਾਂ ਗੱਲ ਕਰਦੇ ਹਾਂ।

1) **ਤੋਲੇਵਾਲ** - ਪਿੰਡ ਤੋਲੇਵਾਲ ਦੇ ਲੋਕ ਪਿਛਲੇ ਲੰਮੇ ਸਮੇਂ ਤੋਂ ਆਪਣੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਲਈ ਸੰਘਰਸ਼ ਕਰਦੇ ਆ ਰਹੇ ਹਨ। ਉਨ੍ਹਾਂ ਨੇ ਇਸ ਜ਼ਮੀਨ ਦੇ ਮਸਲੇ ਦੇ ਪੱਕੇ ਹੱਲ ਲਈ ਗਰਾਮ ਸਭਾ ਬੁਲਾ ਕੇ 33 ਸਾਲਾ ਪਟੇ 'ਤੇ ਜ਼ਮੀਨ ਦੇਣ ਦਾ ਮਤਾ ਵੀ ਪਾਸ ਕੀਤਾ ਸੀ।

ਪਰ ਘੜੰਮ ਚੌਧਰੀ ਡੰਮੀ ਬੋਲੀ ਰਾਹੀਂ ਉਨ੍ਹਾਂ ਕੋਲੋਂ ਇਹ ਜ਼ਮੀਨ ਖੋਹਣਾ ਚਾਹੁੰਦੇ ਸਨ। ਪਿਛਲੇ ਸਾਲ ਬੋਲੀ ਦੌਰਾਨ ਘੜੰਮ ਚੌਧਰੀਆਂ ਵੱਲੋਂ ਕੀਤੇ ਗਏ ਹਮਲੇ ਵਿੱਚ ਦਰਜਨ ਭਰ ਲੋਕ ਬੇਹੱਦ ਜਖ਼ਮੀ ਹੋ ਗਏ ਸਨ ਪਰ ਆਪਣੇ ਏਕੇ ਅਤੇ ਸੰਘਰਸ਼ ਦੇ ਜ਼ੋਰ 'ਤੇ ਦਲਿਤਾਂ ਨੇ ਜ਼ਮੀਨ ਦੀ ਬੋਲੀ ਨਹੀਂ ਹੋਣ ਦਿੱਤੀ। ਪਿਛਲੇ ਸਾਲ ਜ਼ਮੀਨ ਖਾਲੀ ਪਈ ਰਹੀ ਸੀ। ਇਸ ਵਰ੍ਹੇ ਲੋਕਾਂ ਨੇ ਫਿਰ ਤੋਂ ਪੰਚਾਇਤੀ ਜ਼ਮੀਨ ਵਿੱਚ ਆਪਣਾ ਹਿੱਸਾ ਲੈਣ ਲਈ ਸੰਘਰਸ਼ ਜਾਰੀ ਰੱਖਿਆ। ਸਭ ਤੋਂ ਪਹਿਲਾਂ 1 ਮਈ ਨੂੰ ਪਿੰਡ ਵਿੱਚ ਰੈਲੀ ਕਰਕੇ ਜ਼ਮੀਨ ਤੱਕ ਮਾਰਚ ਕਰਕੇ ਉੱਥੇ ਝੰਡਾ ਚਾੜਿਆ ਗਿਆ। ਪ੍ਰਸ਼ਾਸਨ ਵੱਲੋਂ ਪਿੰਡ ਦੀ ਧਰਮਸ਼ਾਲਾ ਵਿੱਚ ਪੰਚਾਇਤੀ ਜ਼ਮੀਨ ਦੀ ਬੋਲੀ ਰੱਖੀ ਗਈ ਸੀ, ਪਰ ਪਿੰਡ ਦੇ ਕਾਂਗਰਸੀ ਘੜੰਮ ਚੌਧਰੀ ਵੱਲੋਂ ਪਿੰਡ ਦੀ ਧਰਮਸ਼ਾਲਾ ਵਿੱਚ ਬੋਲੀ ਕੈਂਸਲ ਕਰਵਾ ਕੇ ਬੀਡੀਪੀਓ ਦਫ਼ਤਰ ਰਖਵਾ ਦਿੱਤੀ ਗਈ। ਇਸ ਦੇ ਵਿਰੋਧ ਵਿੱਚ ਦਲਿਤਾਂ ਵੱਲੋਂ ਫਿਰ ਤੋਂ ਪੰਚਾਇਤੀ ਜ਼ਮੀਨ ਵਿੱਚ ਜਾ ਕੇ ਰੈਲੀ ਕੀਤੀ ਗਈ ਅਤੇ ਐਲਾਨ ਕੀਤਾ ਗਿਆ ਕਿ ਉਹ ਕਿਸੇ ਵੀ ਕੀਮਤ 'ਤੇ ਇਹ ਜ਼ਮੀਨ ਨਹੀਂ ਛੱਡਣਗੇ। ਬੀਡੀਪੀਓ ਦਫ਼ਤਰ ਮਾਲੇਰਕੋਟਲਾ ਰੱਖੀ ਗਈ ਬੋਲੀ ਵਿੱਚ ਵੀ ਚੌਧਰੀਆਂ ਵੱਲੋਂ ਡੰਮੀ ਬੋਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਦਲਿਤਾਂ ਵਲੋਂ ਜ਼ਮੀਨ 'ਤੇ ਕਬਜ਼ਾ ਕਰਨ ਦੇ ਕੀਤੇ ਐਲਾਨ ਅੱਗੇ ਝੁਕਦਿਆਂ ਪ੍ਰਸ਼ਾਸਨ ਨੂੰ ਦਲਿਤਾਂ ਦੀ ਗੱਲ ਮੰਨਣੀ ਪਈ ਤੇ ਉਨ੍ਹਾਂ ਨੂੰ ਦੋ ਸਾਲਾਂ ਲਈ ਜ਼ਮੀਨ ਪਟੇ 'ਤੇ ਦੇਣੀ ਪਈ। ਇਸ ਤਰ੍ਹਾਂ ਪਿਛਲੇ ਦੋ ਸਾਲਾਂ ਤੋਂ ਜ਼ਮੀਨ ਪ੍ਰਾਪਤੀ ਲਈ ਕੀਤਾ ਜਾ ਰਿਹਾ ਸੰਘਰਸ਼ ਅੰਸ਼ਕ ਜਿੱਤ ਨਾਲ ਸਿਰੇ ਚੜ੍ਹਿਆ।

2) **ਖੇੜੀ** – ਸ਼ੇਰਪੁਰ ਇਲਾਕੇ ਦੇ ਪਿੰਡ ਖੇੜੀ ਵਿੱਚ ਪਿਛਲੇ ਪੰਜ ਸਾਲਾਂ ਤੋਂ ਦਲਿਤ ਮਜ਼ਦੂਰ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਉਪਰ ਸਾਂਝੀ ਖੇਤੀ ਕਰਦੇ ਆ ਰਹੇ ਹਨ। ਪਰ ਇਸ ਵਾਰ ਕਰੋਨਾ ਦੀ ਆੜ ਵਿੱਚ ਡੰਮੀ ਬੋਲੀ ਕਰਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਦਲਿਤ ਮਜ਼ਦੂਰਾਂ ਨੇ 2 ਵਾਰ ਬੋਲੀ ਰੱਦ ਕਰਵਾ ਕੇ ਫੇਲ ਕਰ ਦਿੱਤਾ। ਇਸ ਤੋਂ ਬਾਅਦ ਦਲਿਤ ਮਜ਼ਦੂਰਾਂ ਵੱਲੋਂ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਉੱਪਰ ਝੰਡਾ ਗੱਡਕੇ ਪੂਰਨ ਰੂਪ ਵਿੱਚ ਕਬਜ਼ਾ ਕਰ ਲਿਆ। ਕਬਜ਼ੇ ਤੋਂ ਬਾਅਦ ਜ਼ਮੀਨ ਦੀ ਪ੍ਰਾਪਤੀ ਲਈ ਦਲਿਤਾਂ ਵੱਲੋਂ ਸ਼ੇਰਪੁਰ ਇਲਾਕੇ ਵਿੱਚ ਜਥਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ। ਨਿਸ਼ਚਿਤ ਤਰੀਕ ਨੂੰ ਜਦੋਂ ਦਲਿਤ ਪਿੰਡ ਖੇੜੀ ਤੋਂ ਮਾਰਚ ਲਈ ਚੱਲੇ ਤਾਂ ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਸ਼ੇਰਪੁਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਰੋਕ ਲਿਆ ਗਿਆ ਅਤੇ ਗੱਲਬਾਤ ਲਈ ਬੁਲਾ ਲਿਆ ਗਿਆ। ਗੱਲਬਾਤ ਦੌਰਾਨ ਉਨ੍ਹਾਂ ਨੂੰ ਜ਼ਮੀਨ ਦਲਿਤਾਂ ਨੂੰ ਦੇਣ ਲਈ ਮਜ਼ਬੂਰ ਹੋਣਾ ਪਿਆ। ਇਸ ਤਰ੍ਹਾਂ ਪਿੰਡ ਖੇੜੀ ਵਿੱਚ ਵੀ ਸੰਘਰਸ਼ ਜੇਤੂ ਰਿਹਾ।

3) **ਕਲਾਰਾ** – ਕਲਾਰਾ ਪਿੰਡ ਵਿੱਚ ਪੰਚਾਇਤੀ ਰਿਜ਼ਰਵ ਹਿੱਸੇ ਹੀ ਜ਼ਮੀਨ 56 ਵਿੱਘੇ ਹੈ। ਇਸ ਜ਼ਮੀਨ ਵਿੱਚ ਪਿਛਲੇ ਕਈ ਸਾਲਾਂ ਤੋਂ ਦਲਿਤ ਸਾਂਝੀ ਖੇਤੀ ਕਰਦੇ ਆ ਰਹੇ ਹਨ। ਪਿੰਡ ਦੇ ਘੜੰਮ ਚੌਧਰੀਆਂ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ 40 ਵਿੱਘੇ ਜ਼ਮੀਨ ਦੀ ਡੰਮੀ ਬੋਲੀ ਕਰਵਾ ਦਿੱਤੀ ਗਈ। ਕਿਸੇ ਵੀ ਕੀਮਤ ਉੱਪਰ ਜ਼ਮੀਨ ਨਾ ਛੱਡਣ ਲਈ ਦ੍ਰਿੜ੍ਹ ਹੋਏ ਦਲਿਤਾਂ ਨੇ ਉਪਰੋਕਤ 40 ਵਿੱਘੇ ਜ਼ਮੀਨ ਤੇ ਕਬਜ਼ਾ ਕਰਕੇ ਝੰਡਾ ਚੜ੍ਹਾ ਦਿੱਤਾ। ਬਾਕੀ ਬਚਦੀ 16 ਵਿੱਘੇ ਜ਼ਮੀਨ ਬੇਸ਼ੱਕ ਦਲਿਤਾਂ ਨੇ ਆਪਣੇ ਸੰਘਰਸ਼ ਸਦਕਾ ਲੈ ਲਈ ਹੈ ਪਰ ਚਾਲੀ ਵਿੱਘੇ ਜ਼ਮੀਨ ਪ੍ਰਾਪਤ ਕਰਨ ਲਈ ਸੰਘਰਸ਼ ਹਾਲੇ ਜਾਰੀ ਹੈ।

4) **ਘਰਾਚੋਂ** – ਪਿੰਡ ਘਰਾਚੋਂ ਵਿੱਚ ਦਲਿਤਾਂ ਦੇ ਹਿੱਸੇ ਦੀ 48 ਏਕੜ ਜ਼ਮੀਨ ਹੈ ਜਿਸ ਵਿੱਚ ਤਕਰੀਬਨ 150 ਪਰਿਵਾਰ ਪਿਛਲੇ ਕਈ ਸਾਲਾਂ ਤੋਂ ਸਾਂਝੇ ਰੂਪ ਵਿੱਚ ਖੇਤੀ ਕੀਤੀ ਜਾ ਰਹੀ ਹੈ। ਪਰ ਇਸ ਬਾਰੇ ਸਾਨੂੰ ਚੌਧਰੀਆਂ ਨੇ ਇਹ ਸਾਰੀ ਜ਼ਮੀਨ ਆਪਣੇ ਪੰਜ ਚਹੇਤਿਆਂ ਨੂੰ ਡੰਮੀ ਬੋਲੀ ਰਾਹੀਂ ਦੇ ਦਿੱਤੀ। ਜ਼ਮੀਨ ਦਾ ਰੇਟ ਵੀ ਦੁੱਗਣਾ ਵਧਾ ਦਿੱਤਾ। ਇਸ ਤੋਂ ਬਾਅਦ ਦਲਿਤਾਂ ਨੇ ਰੈਲੀ ਕਰਕੇ ਜ਼ਮੀਨ ਉੱਪਰ ਕਬਜਾ ਕਰ ਲਿਆ ਤੇ ਉਥੇ ਵਾਹੀ ਕਰ ਰਹੇ ਡੰਮੀ ਬੋਲੀਕਾਰ ਨੂੰ ਭਜਾ ਦਿੱਤਾ। ਕਬਜੇ ਦੇ ਦੂਸਰੇ ਦਿਨ ਭਵਾਨੀਗੜ੍ਹ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਕਬਜੇ ਤੋਂ ਘਬਰਾਏ ਡੰਮੀ ਬੋਲੀ ਦੇਣ ਵਾਲੇ 5 ਬੋਲੀਕਾਰਾਂ ਵਿੱਚੋਂ 2 ਨੇ ਜ਼ਮੀਨ ਦਲਿਤਾਂ ਨੂੰ ਛੱਡ ਦਿੱਤੀ। ਇਸ ਤਰ੍ਹਾਂ 48 ਵਿੱਚੋਂ 18 ਏਕੜ ਜ਼ਮੀਨ ਲੈਣ ਵਿੱਚ ਦਲਿਤ ਕਾਮਯਾਬ ਹੋ ਗਏ ਅਤੇ ਬਾਕੀ ਲਈ ਕਬਜਾ ਬਰਕਰਾਰ ਹੈ। ਘੜੰਮ ਚੌਧਰੀਆਂ ਅਤੇ ਪ੍ਰਸ਼ਾਸਨ ਨੇ ਇਕ ਵਾਰ ਮੰਤਰੀ ਵਿਜੇਇੰਦਰ ਸਿੰਗਲਾ ਦੀ ਸ਼ਹਿ 'ਤੇ ਭਾਰੀ ਪੁਲੀਸ ਫੋਰਸ ਰਾਹੀਂ ਕਬਜਾ ਛੁਡਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਲੋਕਾਂ ਦੇ ਰੋਹ ਅੱਗੇ ਖਾਲੀ ਹੱਥ ਵਾਪਸ ਮੁੜਨਾ ਪਿਆ। ਰਿਪੋਰਟ ਲਿਖੇ ਜਾਣ ਤਕ ਕਬਜਾ ਬਰਕਰਾਰ ਹੈ।

ਇਸ ਤੋਂ ਇਲਾਵਾ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪੰਚਾਇਤੀ ਜ਼ਮੀਨ ਦੇ ਮਸਲੇ ਤੋਂ ਇਲਾਵਾ ਫਾਇਨਾਂਸ ਕੰਪਨੀਆਂ ਦੇ ਕਰਜ਼ਿਆਂ ਦੇ ਖਿਲਾਫ਼ 8 ਜੂਨ ਨੂੰ ਸੰਗਰੂਰ ਧਰਨਾ ਦਿੱਤਾ ਗਿਆ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਜ਼ਿਲ੍ਹਾ ਪਟਿਆਲਾ ਵਿਖੇ ਲੜੇ ਜਾ ਰਹੇ ਸੰਘਰਸ਼

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਨਾਭਾ-ਪਟਿਆਲਾ ਇਲਾਕੇ ਦੇ ਲਗਭਗ ਚਾਰ ਵੱਖ-ਵੱਖ ਤਰ੍ਹਾਂ ਦੇ ਮੰਗਾਂ ਮਸਲਿਆਂ ਨੂੰ ਲੈ ਕੇ 3 ਜੂਨ ਨੂੰ ਐਸ.ਡੀ.ਐਮ. ਨਾਭਾ ਦੇ ਦਫ਼ਤਰ ਅੱਗੇ 130 ਦੇ ਕਰੀਬ ਗਿਣਤੀ ਨਾਲ ਅਤੇ 8 ਜੂਨ ਨੂੰ 220 ਦੇ ਕਰੀਬ ਗਿਣਤੀ ਨਾਲ ਡੀ.ਸੀ. ਦਫ਼ਤਰ ਪਟਿਆਲਾ ਦਾ ਘਿਰਾਓ ਕੀਤਾ ਗਿਆ। ਇਹਨਾਂ ਪ੍ਰਦਰਸ਼ਨਾਂ ਵਿੱਚ ਪੰਚਾਇਤੀ ਜ਼ਮੀਨ ’ਚੋਂ ਤੀਜੇ ਹਿੱਸੇ ਦੀ ਦਲਿਤਾਂ ਲਈ ਰਾਖਵੀਂ ਜ਼ਮੀਨ ਦਾ ਮੁੱਦਾ, ਇੱਕ ਗਰੀਬ ਪਰਿਵਾਰ ਦੀ ਮੀਂਹ ਨਾਲ ਡਿੱਗੀ ਛੱਤ ਦਾ ਮਸਲਾ, ਰਾਸ਼ਨ ਕਾਰਡ ਤੇ ਮਨਰੇਗਾ ’ਚ ਕੰਮ ਸਬੰਧੀ ਅਤੇ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਦਿੱਤੇ ਕਰਜ਼ਿਆਂ ਦੀਆਂ ਕਿਸ਼ਤਾਂ ਦੀ ਜਬਰੀ ਵਸੂਲੀ ’ਤੇ ਰੋਕ ਲਾਉਣ ਸਬੰਧੀ ਮਸਲਿਆਂ ਨੂੰ ਮੁੱਖ ਰੱਖਿਆ ਗਿਆ।

ਜ਼ਿਕਰਯੋਗ ਹੈ ਕਿ ਜੱਥੇਬੰਦੀ ਪਿਛਲੇ ਕੁੱਝ ਸਾਲਾਂ ਤੋਂ ਪੰਚਾਇਤੀ ਜ਼ਮੀਨ ’ਚੋਂ ਦਲਿਤਾਂ ਦੇ ਤੀਜੇ ਹਿੱਸੇ ਦੀ ਜ਼ਮੀਨ ਲਈ ਲੜ ਰਹੀ ਹੈ। ਇਸ ਇਲਾਕੇ ਵਿੱਚ ਵੀ ਕਈ ਪਿੰਡਾਂ ਵਿੱਚ ਜੱਥੇਬੰਦੀ ਦਲਿਤਾਂ ਨੂੰ ਜ਼ਮੀਨ ਦੁਆਉਣ ’ਚ ਕਾਮਯਾਬ ਰਹੀ। ਨਾਭਾ ਇਲਾਕੇ ਦੇ ਪਿੰਡ ਬੀਨਾਹੇੜੀ ਵਿੱਚ ਤੀਜੇ ਹਿੱਸੇ ਦੀ 48 ਏਕੜ ’ਚੋਂ 45 ਏਕੜ ਲੈਣ ’ਚ ਕਾਮਯਾਬੀ ਮਿਲੀ ਅਤੇ ਤਿੰਨ ਏਕੜ ਲਈ ਸੰਘਰਸ਼ ਜਾਰੀ ਹੈ। ਇੱਥੇ 5000 ਰੁਪਏ ਵਿੱਘੇ ਦੇ ਹਿਸਾਬ ਨਾਲ ਜ਼ਮੀਨ ਮਿਲੀ। ਦੂਜਾ ਪਿੰਡ ਕਕਰਾਲਾ ਜਿੱਥੇ 45 ਏਕੜ ਜ਼ਮੀਨ 6000 ਰੁ. ਵਿੱਘੇ ਦੇ ਹਿਸਾਬ ਨਾਲ ਮਿਲੀ। ਤੀਸਰਾ ਪਿੰਡ ਧਨੌਂਗੀ ਜਿੱਥੇ 23 ਵਿੱਘੇ 7000 ਰੁ. ਦੇ ਹਿਸਾਬ ਨਾਲ ਮਿਲੇ। ਚੌਥਾ ਪਿੰਡ ਗਲਵੱਟੀ ਜਿੱਥੇ ਡੰਮੀ ਬੋਲੀ ਹੋਣ ਮਗਰੋਂ ਜੱਥੇਬੰਦੀ ਦੀ ਅਗਵਾਈ ’ਚ ਪਹਿਲੀ ਬੋਲੀ ਰੱਦ ਕਰਵਾਈ ਅਤੇ ਦੂਜੀ ਵਾਰ 8000 ਰੁ. ਵਿੱਘੇ ਦੇ ਹਿਸਾਬ ਨਾਲ ਜ਼ਮੀਨ ਮਿਲੀ। ਪੰਜਵਾਂ ਪਿੰਡ ਬੋੜਾ ਕਲਾਂ ਵਿੱਚ ਤਿੰਨ ਸਾਲ ਤੋਂ ਮਸਲਾ ਚਲਦਾ ਆ ਰਿਹਾ ਹੈ। ਇੱਥੇ 75 ਵਿੱਘੇ ਦੀ ਬੋਲੀ ਕਰਵਾ ਕੇ 49 ਵਿੱਘੇ ਜ਼ਮੀਨ ਵਾਹੁਣ ਲਈ ਮਿਲਦੀ ਹੈ। ਦਲਿਤ ਜ਼ਮੀਨ ਪੂਰੀ ਕਰਨ ਦੀ ਮੰਗ ਕਰਦੇ ਆ ਰਹੇ ਹਨ। ਪਿਛਲੇ ਸਾਲ ਸੰਘਰਸ਼ ਸਦਕਾ ਜਿੰਨੀ ਜ਼ਮੀਨ ਵਾਹੀ ਲਈ ਮਿਲੀ, ਓਨੀ ਦੇ ਪੈਸੇ ਭਰਵਾਉਣ ਅਤੇ ਨਾਲੋ-ਨਾਲ ਜ਼ਮੀਨ ਦੀ ਮਿਣਤੀ ਕਰਵਾ ਕੇ ਜ਼ਮੀਨ ਪੂਰੀ ਕਰਨ ਦੇ ਮਸਲੇ ’ਤੇ ਡੀ.ਡੀ.ਪੀ.ਓ. ਅਤੇ ਜੱਥੇਬੰਦੀ ਵਿਚਕਾਰ ਲਿਖਤ ਹੋਈ ਪਰ ਮਸਲਾ ਅਜੇ ਬਾਕੀ ਹੈ। ਇਸ ਵਾਰ 25 ਵਿੱਘੇ ਦਾ ਪੂਰਾ ਟੱਕ ਦਲਿਤਾਂ ਦੇ ਹਿੱਸੇ ਆਇਆ ਪਰ ਦੂਜੇ ਦੋ ਟੱਕ ਮਿਣਤੀ ਨਾ ਹੋਣ ਕਾਰਨ ਬੋਲੀ ਨਹੀਂ ਹੋਈ। ਮਿਲੀ ਜ਼ਮੀਨ ’ਚ ਵੀ ਕੁੱਝ ਦਲਿਤ ਪਰਿਵਾਰ ਜ਼ਮੀਨ ਸਾਰਿਆਂ ’ਚ ਨਾ ਵੰਡ ਕੇ ਆਪਣੇ ’ਚ ਵੰਡਣਾ ਚਾਹੁੰਦੇ ਹਨ। ਇਸ ਤਰ੍ਹਾਂ ਅੰਦਰੂਨੀ ਤੇ ਬਾਹਰੀ ਰੇੜਕਾ ਵੀ ਜਾਰੀ ਹੈ। ਚੂਹੜਪੁਰ ਪਿੰਡ ਵਿੱਚ ਵੀ ਜ਼ਮੀਨ ਲੈਣ ’ਚ ਕਾਮਯਾਬੀ ਹਾਸਲ ਹੋਈ। ਪਿੰਡ ਸੁਰਾਜਪੁਰ ਵਿੱਚ 75 ਵਿੱਘੇ ਦੇ ਕਰੀਬ ਦਲਿਤਾਂ ਦੀ ਜ਼ਮੀਨ ਬਣਦੀ ਹੈ। ਪਿੰਡ ਦੀ ਇਕਾਈ ਪਹਿਲਾਂ ਜ਼ਮੀਨ ਪਰਿਵਾਰਾਂ ’ਚ ਜਿੰਨੇ ਚੁੱਲੇ ਓਨੇ ਹਿੱਸੇ ਦੇ ਤਹਿਤ ਵੰਡਦੀ ਸੀ। ਪਰ ਪਿਛਲੇ ਸਾਲ ਜ਼ਮੀਨ ਪਰਿਵਾਰਾਂ ਦੇ ਮੁਖੀਆਂ ਅਨੁਸਾਰ ਤੈਅ ਕਰਕੇ ਵੰਡੀ ਗਈ। ਇਸ ਨਾਲ ਪਿੰਡ ਦੇ ਕਈ ਪਰਿਵਾਰ ਕਮੇਟੀ ਤੋਂ ਨਾਰਾਜ਼ ਸਨ। ਇਸਦਾ ਕਾਰਨ ਕਮੇਟੀ ਦਾ ਚੌਧਰੀ ਬਿਰਤੀ ਦਾ ਪ੍ਰਧਾਨ ਸੀ। ਸਮਝਾਉਣ ਦੇ ਬਾਵਜੂਦ ਨਾਜਰ ਨਾਮ ਦਾ ਇਹ ਵਿਅਕਤੀ ਸਾਰੀ ਜ਼ਮੀਨ ਲੈਣ ਦੀ ਜਿੱਦ ਕਰਦਾ ਸੀ। ਉਸਨੇ ਬੀ.ਡੀ.ਪੀ.ਓ. ਦੀ ਨਿਗਰਾਨੀ ’ਚ ਡੰਮੀ ਬੋਲੀ ਦੇਣ ਦੀ ਕੋਸ਼ਿਸ਼ ਕੀਤੀ। ਉਸਦੀ ਪਿੱਠ ’ਤੇ ਮੌਜੂਦਾ ਸਰਪੰਚ ਤੇ ਨਾਭੇ ਦਾ ਮੰਤਰੀ ਧਰਮਸੋਤ ਹੈ। ਲੋਕਾਂ ਨੇ ਨਾਜਰ ਦੀ ਭੁਗਤ ਸਵਾਰੀ ਤੇ ਡੰਮੀ ਬੋਲੀ ਰੱਦ ਕਰਵਾਈ। ਦੂਜੀ ਬੋਲੀ ਤੋਂ ਪਹਿਲਾ 8 ਜੂਨ ਦੇ ਘੇਰਾਉ ਮੌਕੇ ਡੀ.ਡੀ.ਪੀ.ਓ. ਪਟਿਆਲਾ ਨੇ ਨਿਯਮਾਂ ਤਹਿਤ ਬੋਲੀ ਕਰਵਾਉਣ ਦਾ ਵਾਅਦਾ ਕਰਨ ਦੇ ਬਾਵਜੂਦ ਪੱਖਪਾਤ ਕਰਕੇ ਨਾਜਰ ਤੇ ਉਸਦੇ ਭਤੀਜੇ ਦੇ ਨਾਮ ਬੋਲੀ ਤੋੜੀ ਗਈ। ਹੁਣ ਉਥੇ ਸੰਘਰਸ਼ ਜਾਰੀ ਹੈ।

ਪਿੰਡ ਫਤਿਹਗੜ੍ਹ ਛੰਨਾ ਵਿੱਚ ਸਾਢੇ ਚਾਰ ਏਕੜ ਤੇ ਨੂਰਖੇੜੀਆਂ ਵਿੱਚ ਢਾਈ ਏਕੜ ਜ਼ਮੀਨ ਦਲਿਤਾਂ ਦੇ ਹਿੱਸੇ ਦੀ ਹੈ। ਪਰ ਉੱਥੇ ਵੀ ਡੰਮੀ ਬੋਲੀ ਦੀ ਕੋਸ਼ਿਸ਼ ਹੋਈ ਤੇ ਮਸਲਾ ਬਰਕਰਾਰ ਹੈ। ਦੁੱਲੜ ਪਿੰਡ ਦੀ ਟੀਮ ਜੱਥੇਬੰਦਕ ਸੰਘਰਸ਼ ਤੋਂ ਬਿਨਾਂ ਜ਼ਮੀਨ ਲੈਣਾ ਚਾਹੁੰਦੀ ਹੈ ਪਰ ਅਜੇ ਇਸ ਵਿੱਚ ਕਾਮਯਾਬ ਨਹੀਂ ਹੋ ਸਕੀ।

ਜੱਥੇਬੰਦੀ ਮਾਈਕਰੋ ਫਾਈਨਾਂਸ ਕੰਪਨੀਆਂ ਖਿਲਾਫ਼ ਵੀ ਸੰਘਰਸ਼ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਦਲਿਤ ਮਜ਼ਦੂਰ ਔਰਤਾਂ ਨੂੰ ਸਰਕਾਰੀ ਜਾਂ ਪ੍ਰਾਈਵੇਟ ਬੈਂਕਾਂ ਤੋਂ ਕਰਜ਼ਾ ਨਹੀਂ ਮਿਲਦਾ ਤੇ ਇਹ ਕੰਪਨੀਆਂ 2 ਸਾਲ ਲਈ 35 ਹਜ਼ਾਰ ਦਾ ਕਰਜ਼ਾ ਦੇ ਕੇ 43 ਹਜ਼ਾਰ 500 ਦੀ ਵਸੂਲੀ ਕਰਦੀਆਂ ਹਨ ਤੇ ਕਰਜ਼ੇ ਦੀ ਸਮਾਂ ਸੀਮਾ ਖਤਮ ਹੋਣ ਤੋਂ 6 ਮਹੀਨੇ ਪਹਿਲਾਂ ਹੀ ਦੁਬਾਰਾ ਕਰਜ਼ਾ ਦੇ ਕੇ 6 ਮਹੀਨੇ ਦੀਆਂ ਕਿਸ਼ਤਾਂ ਉਸ ਵਿੱਚੋਂ ਹੀ ਕੱਟ ਲੈਂਦੀਆਂ ਹਨ ਤੇ 6 ਮਹੀਨੇ ਦਾ ਮੂਲ ਤੇ ਵਿਆਜ ਵੀ ਲਿਆ ਜਾਂਦਾ ਹੈ। ਕਰੋਨਾ ਮਹਾਂਮਾਰੀ ਦੌਰਾਨ

ਇਹ ਮਸਲਾ ਜ਼ਿਆਦਾ ਉੱਭਰ ਕੇ ਸਾਹਮਣੇ ਆਇਆ। ਇਸ ਮਹਾਂਮਾਰੀ ਦੌਰਾਨ ਤੇ ਇਸ ਤੋਂ ਬਾਅਦ ਵੀ ਜਬਰੀ ਵਸੂਲੀਆਂ ਜਾਰੀ ਰਹੀਆਂ। ਕਿਸ਼ਤਾਂ ਦੇ ਵਿਰੋਧ 'ਚ 30% ਲੱਗ ਰਹੇ ਵਿਆਜ ਨੂੰ ਸਿਫਰ ਕਰਵਾਉਣ ਲਈ ਪਿੰਡ ਰੋਹਟੀ ਖਾਸ, ਘਮਰੌਦਾ, ਭੋਂਕੀ (ਸੰਗਤਪੁਰਾ), ਧਨੌਰੀ, ਬੋੜਾ ਕਲਾਂ, ਕਕਰਾਲਾ, ਬੀਨਾਹੇੜੀ, ਨੂਰਖੇੜੀਆਂ, ਡੀਲਵਾਲ, ਚੌਰਾ, ਸੁਰਾਜਪੁਰ, ਚੂਹੜਪੁਰ ਆਦਿ ਕਈ ਪਿੰਡਾਂ ਦੀਆਂ ਪੀੜਤ ਔਰਤਾਂ ਜੱਥੇਬੰਦੀ ਦੀ ਅਗਵਾਈ 'ਚ ਲਾਮਬੰਦੀ ਕਰਨੀ ਸ਼ੁਰੂ ਕੀਤੀ ਤੇ ਨਾਭੇ 48 ਔਰਤਾਂ ਨੇ ਪ੍ਰਦਰਸ਼ਨ 'ਚ ਸ਼ਮੂਲੀਅਤ ਕੀਤੀ। ਇਸ ਸੰਘਰਸ਼ ਸਦਕਾ ਜੱਥੇਬੰਦੀ ਦੇ ਹੋਰ ਫੈਲਾਅ ਦੇ ਆਸਾਰ ਬਣ ਰਹੇ ਹਨ।

ਜੱਥੇਬੰਦੀ ਮਜ਼ਦੂਰ ਪਰਿਵਾਰਾਂ ਦੇ ਕੱਟੇ ਗਏ ਰਾਸ਼ਨ ਕਾਰਡਾਂ ਨੂੰ ਅਧਾਰ ਕਾਰਡ ਨਾਲ ਜੋੜ ਕੇ ਬਹਾਲ ਕਰਵਾਉਣ ਦੀ ਲੜਾਈ ਨੂੰ ਵੀ ਸਮੁੱਚੀ ਲੜਾਈ ਦਾ ਹਿੱਸਾ ਬਣਾ ਰਹੀ ਹੈ ਤੇ ਨਰੇਗਾ ਤਹਿਤ ਕੰਮ ਦੀ ਗਾਰੰਟੀ ਦੀ ਮੰਗ ਵੀ ਨਾਲੋ-ਨਾਲ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਬਾਰਿਸ਼ ਕਾਰਨ ਅਜਨੌਂਦਾ ਖ਼ੁਰਦ ਦੇ ਗਰੀਬ ਪਰਿਵਾਰ ਦੀ ਡਿੱਗੀ ਖਸਤਾ ਹਾਲਤ ਛੱਤ ਦੇ ਮਸਲੇ ਨੂੰ ਲੈ ਕੇ ਲੜੇ ਜਾ ਰਹੇ ਸੰਘਰਸ਼ ਸਦਕਾ 95100 ਰੁ. ਦੀ ਰਾਸ਼ੀ ਦੁਆਉਣ 'ਚ ਵੀ ਜੱਥੇਬੰਦੀ ਕਾਮਯਾਬ ਹੋਈ। ਇਸ ਰਾਸ਼ੀ ਲਈ ਦੋ ਪ੍ਰਦਰਸ਼ਨ ਨਾਭੇ ਕੀਤੇ ਗਏ ਤੇ ਚੰਡੀਗੜ੍ਹ ਪ੍ਰਸਾਸ਼ਨ ਨੂੰ ਵੀ ਮਿਲਿਆ ਗਿਆ। ਜਿਸ ਸਦਕਾ ਪੰਜਾਬ ਕੁਦਰਤੀ ਆਫਤ ਰਾਹਤ ਸਕੀਮ ਤਹਿਤ ਇਹ ਰਾਸ਼ੀ ਜਾਰੀ ਹੋਈ।

ਉਪਰੋਕਤ ਪੰਚਾਇਤੀ ਜ਼ਮੀਨ ਦੇ ਮਸਲੇ ਸਬੰਧੀ ਸਾਰੀਆਂ ਮੰਗਾਂ ਮੰਨ ਕੇ ਰਾਸ਼ਨ ਕਾਰਡ ਬਹਾਲ ਕਰਨ ਸਬੰਧੀ ਤੇ ਮਾਈਕਰੋ ਫਾਈਨਾਂਸ ਕੰਪਨੀਆਂ ਦੁਆਰਾ ਜਬਰੀ ਵਸੂਲੀਆਂ ਜਾ ਰਹੀਆਂ ਕਿਸ਼ਤਾਂ ਨਾ ਭਰਵਾਉਣ ਦਾ ਵਾਅਦਾ ਪ੍ਰਸਾਸ਼ਨ ਵੱਲੋਂ ਪਟਿਆਲਾ ਡੀ.ਸੀ. ਦਫ਼ਤਰ ਘਿਰਾਓ ਸਮੇਂ ਕੀਤਾ ਗਿਆ। ਇਹਨਾਂ ਪ੍ਰਦਰਸ਼ਨਾਂ ਦੀ ਅਗਵਾਈ ਔਰਤ ਆਗੂ ਅਮਨ ਕੌਰ ਦਿਓਲ, ਗੁਰਵਿੰਦਰ ਬੋੜਾ ਕਲਾਂ, ਬਲਵੀਰ ਸਿੰਘ ਸੁਰਾਜਪੁਰ ਤੇ ਕੁਲਦੀਪ ਕੌਰ ਰੋਹਟੀ ਨੇ ਕੀਤੀ।

## ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵੱਲੋਂ ਧਰਨੇ-ਮੁਜ਼ਾਹਰੇ

ਕਿਰਤੀ ਕਿਸਾਨ ਯੂਨੀਅਨ ਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਨੇ ਲੌਕਡਾਊਨ ਦੌਰਾਨ ਕਿਸਾਨੀ ਨੂੰ ਆਈਆਂ ਦਿੱਕਤਾਂ ਤੇ ਕਰਜਾ ਮੁਆਫ਼ੀ ਲਈ ਸੰਘਰਸ਼ ਨੂੰ ਅੱਗੇ ਤੋਰਦਿਆਂ ਜ਼ਿਲ੍ਹਾ ਤੇ ਤਹਿਸੀਲ ਕੇਂਦਰਾਂ 'ਤੇ ਧਰਨੇ ਤੇ ਮੁਜਾਹਰੇ ਕੀਤੇ। ਦੋਨਾਂ ਜਥੇਬੰਦੀਆਂ ਨੇ ਮੋਗਾ, ਸੰਗਰੂਰ, ਧਰਮਕੋਟ, ਜਗਰਾਉਂ, ਫਿਰੋਜ਼ਪੁਰ, ਜੈਤੋ, ਸਾਦਿਕ, ਬਠਿੰਡਾ, ਰਾਮਪੁਰਾ ਫੂਲ, ਨੂਰਮਹਿਲ, ਨਕੋਦਰ, ਨਵਾਂਸ਼ਹਿਰ, ਗੁਰਦਾਸਪੁਰ, ਅਜਨਾਲਾ, ਬਾਬਾ ਬਕਾਲਾ, ਕਪੂਰਥਲਾ, ਮੁਕਤਸਰ ਵਿੱਚ ਪ੍ਰਦਰਸ਼ਨ ਕੀਤਾ।

ਮੋਦੀ ਸਰਕਾਰ ਵੱਲੋਂ ਥੋਪੇ ਲੌਕਡਾਊਨ ਨੂੰ ਫੌਰੀ ਰੱਦ ਕਰਾਉਣ ਤੇ ਕਰਫਿਊ ਦੌਰਾਨ ਲੋਕਾਂ 'ਤੇ ਦਰਜ ਕੀਤੇ ਪਰਚੇ ਰੱਦ ਕਰਾਉਣ ਦੀ ਮੰਗ ਨੂੰ ਮੁੱਖ ਮੰਗ ਬਣਾਉਂਦਿਆਂ ਜਥੇਬੰਦੀਆਂ ਨੇ ਕਿਹਾ ਕਿ ਮੋਦੀ ਹਕੂਮਤ ਦਾ ਲੌਕਡਾਊਨ ਕਰੋਨਾ ਨੂੰ ਕੰਟਰੋਲ ਕਰਨ 'ਚ ਫੇਲ ਹੋਇਆ ਹੈ। ਲੌਕਡਾਊਨ ਦੇ ਬਾਵਜੂਦ ਕਰੋਨਾ ਵਧਿਆ ਹੈ। ਸਰਕਾਰ ਨੇ ਲੋਕਾਂ ਨੂੰ ਕੁੱਟ ਕੇ ਅੰਦਰ ਵਾੜਿਆ ਪਰ ਸਿਹਤ ਸਹੂਲਤਾਂ ਦਾ ਪ੍ਰਬੰਧ ਨਹੀਂ ਕੀਤਾ। ਆਗੂਆਂ ਕਿਹਾ ਕਿ ਲੌਕਡਾਊਨ ਦੀ ਆੜ 'ਚ ਮੋਦੀ ਹਕੂਮਤ ਨੇ ਕਿਸਾਨ ਵਿਰੋਧੀ ਫੈਸਲੇ ਕੀਤੇ ਹਨ ਅਤੇ ਲੋਕਪੱਖੀ ਬੁੱਧੀਜੀਵੀਆਂ ਤੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਕਾਰਕੁੰਨਾਂ ਨੂੰ ਜੇਲਾਂ 'ਚ ਡੱਕਿਆ ਹੈ। ਲੌਕਡਾਊਨ ਨੇ ਜਿੱਥੇ ਕਿਰਤੀ ਲੋਕਾਂ ਦੀ ਆਰਥਿਕਤਾ ਤਬਾਹ ਕਰ ਦਿੱਤੀ ਹੈ ਉੱਥੇ ਹੀ ਕਿਸਾਨੀ ਨੂੰ ਵੀ ਮੰਦੀ 'ਚ ਧੱਕਿਆ ਹੈ, ਖਾਸ ਕਰ ਜੋ ਕਿਸਾਨੀ ਦੁੱਧ ਦਾ ਕੰਮ ਕਰਦੀ ਹੈ। ਇਸੇ ਤਰਾਂ ਸਬਜ਼ੀਆਂ ਤੇ ਪੋਲਟਰੀ ਦੇ ਕੰਮ ਵੀ ਬੁਰੀ ਤਰਾਂ ਨੁਕਸਾਨੇ ਗਏ। ਪੰਜਾਬ ਦੀ 60 ਫੀਸਦੀ ਕਿਸਾਨੀ ਦੁੱਧ ਵੇਚਦੀ ਹੈ ਅਤੇ ਰੋਜਾਨਾ 45 ਲੱਖ ਲੀਟਰ ਦੁੱਧ ਹਲਵਾਈਆਂ ਦੀਆਂ ਦੁਕਾਨਾਂ 'ਤੇ ਖਪਤ ਹੁੰਦਾ ਸੀ ਜੋ ਲੌਕਡਾਊਨ ਕਰਕੇ ਨਹੀਂ ਵਿਕਿਆ ਤੇ ਦੁੱਧ ਦੀਆਂ ਕੀਮਤਾਂ ਹੇਠ ਆਉਣ ਨਾਲ ਕਿਸਾਨੀ ਦੇ ਪਸ਼ੂਆਂ ਦੇ ਚਾਰੇ ਦੇ ਖਰਚੇ ਵੀ ਪੂਰੇ ਨਹੀਂ ਹੋਏ। ਸਰਕਾਰ ਨੂੰ ਦੁੱਧ, ਪੋਲਟਰੀ ਤੇ ਸਬਜ਼ੀ ਉਤਪਾਦਕਾਂ ਨੂੰ ਰਾਹਤ ਪੈਕਜ ਦੇਣਾ ਚਾਹੀਦਾ ਹੈ।

ਕਿਸਾਨ ਆਗੂਆਂ ਨੇ ਮੋਦੀ ਹਕੂਮਤ ਦੁਆਰਾ ਸੂਬਿਆਂ ਦੇ ਅਧਿਕਾਰ ਖੋਹਣ ਵਾਲੇ ਬਿਜਲੀ ਬਿਲ 2020 ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਹ ਬਿਲ ਜਿੱਥੇ ਬਿਜਲੀ ਬਾਰੇ ਸਾਰੇ ਅਧਿਕਾਰ ਸੂਬਿਆਂ ਤੋਂ ਖੋਹ ਰਿਹਾ ਹੈ ਉੱਥੇ ਹੀ ਕਿਸਾਨੀ ਦੀਆਂ ਖੇਤੀ ਮੋਟਰਾਂ 'ਤੇ ਬਿੱਲ ਲਾਉਣ ਤੇ ਦਲਿਤਾਂ ਦੇ ਘਰੇਲੂ ਬਿੱਲਾਂ 'ਚ ਰਿਆਇਤ ਨੂੰ ਵੀ ਖੋਂਹਦਾ ਹੈ। ਇਹ ਬਿਲ ਮੋਦੀ ਹਕੂਮਤ ਦੀ ਕੇਂਦਰੀਕਰਨ ਤੇ ਫਾਸ਼ੀਵਾਦੀ

ਨੀਤੀ ਦਾ ਹੀ ਹਿੱਸਾ ਹੈ। ਇਸ ਬਿਲ ਨੂੰ ਫੌਰੀ ਰੱਦ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਕੇਂਦਰੀ ਕੈਬਨਿਟ 'ਚ ਇਸਦੀ ਹਮਾਇਤ ਕਰਦਾ ਹੈ ਅਤੇ ਪੰਜਾਬ 'ਚ ਕਿਸਾਨੀ ਮੋਟਰਾਂ ਦੇ ਬਿੱਲ ਲਾਉਣ ਦਾ ਵਿਰੋਧ ਕਰਦਾ ਹੈ। ਇਹ ਅਕਾਲੀ ਦਲ ਦਾ ਦੋਗਲਾਪਣ ਹੈ। ਉਹਨਾਂ ਕਿਹਾ ਕਿ ਇਸ ਬਿਲ 'ਤੇ ਕਾਂਗਰਸ, ਅਕਾਲੀ, ਭਾਜਪਾ ਸਭ ਅੰਦਰ ਖਾਤੇ ਇਕਮਤ ਹਨ ਕਿਉਂਕਿ ਕੋਈ ਵੀ ਪਾਰਟੀ ਸੂਬਿਆਂ ਦੇ ਅਧਿਕਾਰਾਂ ਦੀ ਪਹਿਰੇਦਾਰ ਨਹੀਂ। ਇਹ ਗੱਲ ਕਸ਼ਮੀਰ ਬਾਰੇ 370 ਧਾਰਾ ਖਤਮ ਕਰਨ ਵੇਲੇ ਵੀ ਸ਼ਪੱਸ਼ਟ ਹੋ ਗਈ ਸੀ। ਉਦੋਂ ਕੇਜਰੀਵਾਲ ਦੇ ਐਮ.ਪੀ. ਸਮੇਤ ਭਗਵੰਤ ਮਾਨ ਨੇ ਵੀ ਮੋਦੀ ਹਕੂਮਤ ਦੀ ਨੀਤੀ ਦੀ ਹਮਾਇਤ ਕੀਤੀ ਸੀ। ਇਸ ਲਈ ਇਹ ਲੜਾਈ ਸੂਬੇ ਦੇ ਲੋਕਾਂ ਅਤੇ ਕਿਸਾਨੀ ਨੂੰ ਹੀ ਲੜਨੀ ਪੈਣੀ ਹੈ।

ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਕਿ ਲੌਕਡਾਊਨ ਕਰਕੇ ਹੋਏ ਨੁਕਸਾਨ ਕਰਕੇ ਲਿਮਟਾਂ ਦੀ ਉਗਰਾਹੀ ਸਾਲ ਵਾਸਤੇ ਮੁਲਤਵੀ ਕੀਤੀ ਜਾਵੇ, ਸਾਲ ਦਾ ਵਿਆਜ ਮਾਫ਼ ਕਰਨ ਸਮੇਤ ਛੋਟੀ ਕਿਸਾਨੀ ਦੇ ਕਰਜੇ ਮਾਫ ਕੀਤੇ ਜਾਣ ਤੇ ਘਰੇਲੂ ਬਿਜਲੀ ਬਿੱਲ ਮਾਫ ਕੀਤੇ ਜਾਣ। ਉਹਨਾਂ ਕਿਹਾ ਕਿ ਲੌਕਡਾਊਨ ਦੌਰਾਨ ਲੋਕਾਂ ਨੂੰ ਘਰਾਂ 'ਚ ਬੰਦ ਕਰਕੇ ਫਿਰ ਬਿਜਲੀ ਬਿੱਲ ਜੁਰਮਾਨੇ ਲਾ ਕੇ ਭੇਜਣਾ ਕੈਪਟਨ ਸਰਕਾਰ ਦਾ ਲੋਕ ਵਿਰੋਧੀ ਕੰਮ ਹੈ। ਜਦੋਂ ਸਰਕਾਰ ਵੱਲੋਂ ਲੋਕਾਂ ਨੂੰ ਰਾਹਤ ਦੇਣੀ ਚਾਹੀਦੀ ਸੀ ਉਦੋਂ ਸਰਕਾਰਾਂ ਜੁਰਮਾਨੇ ਠੋਕ ਰਹੀਆਂ ਹਨ। ਲੌਕਡਾਊਨ ਕਰਕੇ ਲੇਬਰ ਵੀ ਪਿੱਤਰੀ ਰਾਜਾਂ ਨੂੰ ਵਾਪਿਸ ਚਲੀ ਗਈ ਹੈ, ਜਿਸ ਕਰਕੇ ਕਿਸਾਨੀ ਨੂੰ ਝੋਨੇ ਦੀ ਲਵਾਈ ਵੇਲੇ ਦਿੱਕਤ ਤੋਂ ਬਚਾਉਣ ਲਈ ਵਿਸ਼ੇਸ਼ ਟਰੇਨਾਂ ਚਲਾ ਕੇ ਲੇਬਰ ਦੇ ਆਉਣ ਦਾ ਪ੍ਰਬੰਧ ਕੀਤਾ ਜਾਵੇ।

ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਉਜਾਗਰ ਕਰਦਿਆਂ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਹਵਾਈ ਜਹਾਜ਼ਾਂ ਨੂੰ ਤੇਲ 22 ਰੁਪੈ ਦੇ ਹਿਸਾਬ ਨਾਲ ਦਿੱਤਾ ਜਾ ਰਿਹਾ ਹੈ ਪਰ ਕਿਸਾਨੀ ਨੂੰ ਬਹੁਤ ਵੱਧ ਰੇਟਾਂ 'ਤੇ। ਸਰਕਾਰ ਨੂੰ ਹਵਾਈ ਜਹਾਜ਼ਾਂ ਵਾਲੇ ਹਿਸਾਬ ਨਾਲ ਹੀ ਕਿਸਾਨੀ ਨੂੰ ਡੀਜ਼ਲ ਦੇਣਾ ਚਾਹੀਦਾ ਹੈ।

ਆਗੂਆਂ ਨੇ ਪ੍ਰਾਈਵੇਟ ਸਕੂਲਾਂ ਦੀ ਲੁੱਟ ਨੂੰ ਨੱਥ ਪਾਉਣ ਤੇ ਇਹਨਾਂ ਦਾ ਸਰਕਾਰੀਕਰਨ ਕਰਨ ਦੀ ਵੀ ਮੰਗ ਕੀਤੀ। ਜਥੇਬੰਦੀਆਂ ਨੇ ਲੌਕਡਾਊਨ ਨੂੰ ਤੋੜ ਕੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਵਾਲੇ ਕਿਸਾਨਾਂ ਦਾ ਧੰਨਵਾਦ ਵੀ ਕੀਤਾ।

## ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਭਰ ਵਿੱਚ ਬਲਾਕ ਪੱਧਰੀ ਧਰਨੇ-ਮੁਜ਼ਾਹਰੇ

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਭਰ ਵਿੱਚ ਬਲਾਕ ਪੱਧਰੀ ਧਰਨੇ-ਮੁਜ਼ਾਹਰੇ ਕੀਤੇ ਗਏ। ਇਸ ਮੌਕੇ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਦੇ ਨਾਂ ਬਲਾਕ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤੇ ਗਏ। ਰਿਪੋਰਟ ਮੁਤਾਬਕ ਇਹ ਧਰਨੇ ਮੁਜ਼ਾਹਰੇ ਜ਼ਿਲ੍ਹਾ ਲੁਧਿਆਣਾ, ਮੋਗਾ, ਕਪੂਰਥਲਾ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਅਤੇ ਗੁਰਦਾਸਪੁਰ ਅਧੀਨ ਆਉਂਦੇ 18 ਬਲਾਕ ਦਫ਼ਤਰਾਂ ਅੱਗੇ ਕੀਤੇ ਗਏ।

ਇਹਨਾਂ ਧਰਨੇ ਮੁਜ਼ਾਹਰਿਆਂ ਦੌਰਾਨ ਮੰਗ ਕੀਤੀ ਗਈ ਕਿ ਕਰਫ਼ਿਊ/ਲੌਕਡਾਊਨ ਵਿੱਚ ਬੇਰੁਜ਼ਗਾਰ ਕਿਰਤੀਆਂ ਦੇ ਖਾਤੇ ਵਿੱਚ ਟੁੱਟੀਆਂ ਦਿਹਾੜੀਆਂ ਦੇ ਘੱਟੋ-ਘੱਟ ਉਜਰਤ ਅਨੁਸਾਰ ਪੈਸੇ ਪਾਏ ਜਾਣ, ਮਗਨਰੇਗਾ ਤਹਿਤ ਅੱਗੇ ਲਈ ਤੁਰੰਤ ਰੁਜ਼ਗਾਰ ਦਿੱਤਾ ਜਾਵੇ, ਰੁਜ਼ਗਾਰ ਨਾ ਦੇਣ ਲਈ ਜ਼ਿੰਮੇਵਾਰ ਪੰਚਾਇਤਾਂ ਅਤੇ ਪੰਚਾਇਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ, ਸਰੀਰਕ ਦੂਰੀ ਲਈ ਰਿਹਾਇਸ਼ੀ ਪਲਾਟ ਦਿੱਤੇ ਜਾਣ ਅਤੇ ਮਕਾਨ ਉਸਾਰੀ ਲਈ ਗ੍ਰਾਂਟ ਦਿੱਤੀ ਜਾਵੇ। ਰਿਹਾਇਸ਼ੀ ਪਲਾਟਾਂ ਲਈ ਜ਼ਮੀਨ ਰਾਖਵੀਂ ਛੱਡ ਕੇ ਬਾਕੀ ਪੰਚਾਇਤੀ ਜ਼ਮੀਨਾਂ ਦੀਆਂ ਬੋਲੀਆਂ ਕੀਤੀਆਂ ਜਾਣ, ਪੰਚਾਇਤੀ ਜ਼ਮੀਨਾਂ ਵਿੱਚੋਂ ਰਾਖਵਾਂ ਹਿੱਸਾ ਦਲਿਤਾਂ ਨੂੰ ਅੱਧੀ ਕੀਮਤ ਉੱਤੇ ਸਾਂਝੀ ਖੇਤੀ ਕਰਨ ਲਈ ਦਿੱਤਾ ਜਾਵੇ ਅਤੇ ਬਾਕੀ ਜਨਰਲ ਹਿੱਸੇ ਦੀ ਜ਼ਮੀਨ 5 ਏਕੜ ਦੇ ਮਾਲਕ ਛੋਟੇ ਕਿਸਾਨਾਂ ਲਈ ਰਿਜ਼ਰਵ ਕੀਤੀ ਜਾਵੇ, ਮਜ਼ਦੂਰਾਂ ਦੇ ਬਿਨਾਂ ਜਾਤ ਤੇ ਬਿਨਾਂ ਕਿਸੇ ਲੋਡ ਦੇ ਘਰੇਲੂ ਬਿਜਲੀ ਬਿੱਲ ਮੁਆਫ਼ ਕੀਤੇ ਜਾਣ ਅਤੇ ਪਿਛਲੇ ਬਕਾਇਆ ਉੱਤੇ ਲਕੀਰ ਮਾਰੀ ਜਾਵੇ, ਜਾਰੀ ਨੋਟੀਫਿਕੇਸ਼ਨ ਅਨੁਸਾਰ ਮਜ਼ਦੂਰਾਂ ਦੇ ਸਹਿਕਾਰੀ ਕਰਜ਼ਿਆਂ ਉੱਪਰ ਲਕੀਰ ਫ਼ੇਰੀ ਜਾਵੇ ਅਤੇ ਮਜ਼ਦੂਰਾਂ ਦੇ ਸਾਰੇ ਸਹਿਕਾਰੀ, ਸਰਕਾਰੀ ਅਤੇ ਗੈਰ-ਸਰਕਾਰੀ ਕਰਜ਼ੇ ਮੁਆਫ਼ ਕੀਤੇ ਜਾਣ, ਮਜ਼ਦੂਰਾਂ ਨੂੰ ਬਿਨ੍ਹਾਂ ਸ਼ਰਤ ਰਾਸ਼ਨ, ਹੋਰ ਵਸਤਾਂ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣ।

ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਪੇਂਡੂ ਮਜ਼ਦੂਰਾਂ ਦੀਆਂ ਮੰਗਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਰਫ਼ਿਊ, ਲੌਕਡਾਊਨ ਨੇ ਸਾਬਿਤ ਕਰ ਵਿਖਾਇਆ ਕਿ ਕੋਈ ਵੀ ਸਰਕਾਰ ਮਜ਼ਦੂਰਾਂ ਪੱਖੀ ਨਹੀਂ ਹੈ। ਕਰੋਨਾ ਦੀ ਆੜ ਵਿੱਚ ਸਰਕਾਰਾਂ ਨੇ ਮਜ਼ਦੂਰ ਵਿਰੋਧੀ ਨੀਤੀਆਂ ਤੇ ਫ਼ੈਸਲੇ ਕੀਤੇ। ਦਿਹਾੜੀ ਦੇ ਘੰਟੇ ਘੱਟ ਕਰਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ

ਮੁਹੱਈਆ ਕਰਵਾਉਣ ਦੀ ਥਾਂ 8 ਘੰਟੇ ਤੋਂ ਵਧਾ ਕੇ ਦਿਹਾੜੀ 12 ਘੰਟੇ ਦੀ ਕਰਨ ਦੀ ਤਜਵੀਜ਼ ਲੈ ਆਂਦੀ, ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕੀਤੀਆਂ ਜਾ ਰਹੀਆਂ ਹਨ, ਆਮ ਲੋਕਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲਿਆਂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ, 20 ਲੱਖ ਕਰੋੜ ਦੇ ਰਾਹਤ ਪੈਕੇਜ 'ਚੋਂ ਮਜ਼ਦੂਰਾਂ ਨੂੰ ਧੇਲੇ ਦੀ ਰਾਹਤ ਵੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੂੰ ਆਪਣੇ ਹੱਕ ਝੰਡੇ ਵਿੱਚ ਡੰਡਾ ਪਾ ਕੇ ਪ੍ਰਾਪਤ ਹੋਣਗੇ। ਯੂਨੀਅਨ ਨੇ ਮਜ਼ਦੂਰਾਂ ਨੂੰ ਸੰਘਰਸ਼ ਉੱਤੇ ਟੇਕ ਰੱਖਣ ਦਾ ਸੱਦਾ ਦਿੱਤਾ।

ਧਰਨੇ-ਮੁਜ਼ਾਹਰਿਆਂ ਦੌਰਾਨ ਉੱਚ ਜਾਤੀ ਦੇ ਹੰਕਾਰੀ ਪੇਂਡੂ ਚੌਧਰੀਆਂ ਅਤੇ ਮਜ਼ਦੂਰ ਵਿਰੋਧੀ ਪੰਚਾਇਤਾਂ ਵਲੋਂ ਵੱਖ-ਵੱਖ ਪਿੰਡਾਂ ਵਿਚ ਝੋਨੇ ਦੀ ਲਵਾਈ ਸਬੰਧੀ ਗੈਰ-ਕਾਨੂੰਨੀ ਮਤੇ ਪਾਸ ਕਰਨ ਦੀ ਨਿਖੇਧੀ ਕਰਦਿਆਂ ਮਜ਼ਦੂਰ ਤੇ ਦਲਿਤ ਵਿਰੋਧੀਆਂ ਵਿਰੁੱਧ ਐਸ.ਸੀ./ਐਸ.ਟੀ. ਐਕਟ ਤਹਿਤ ਕੇਸ ਦਰਜ ਕਰਨ ਦੀ ਮੰਗ ਵੀ ਕੀਤੀ।

## ਪੇਂਡੂ ਮਜ਼ਦੂਰਾਂ ਵਲੋਂ ਪੰਚਾਇਤੀ ਜ਼ਮੀਨ ਦੀ ਬੋਲੀ ਦਾ ਵਿਰੋਧ

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪੇਂਡੂ ਮਜ਼ਦੂਰਾਂ ਵਲੋਂ ਰਿਹਾਇਸ਼ੀ ਪਲਾਟਾਂ ਦੀ ਮੰਗ ਨੂੰ ਲੈ ਕੇ ਕੀਤੇ ਗਏ ਜ਼ੋਰਦਾਰ ਵਿਰੋਧ ਦੇ ਕਾਰਨ 27 ਮਈ ਨੂੰ ਕਰਤਾਰਪੁਰ ਨੇੜਲੇ ਪਿੰਡ ਅੰਬਗੜ ਵਿਖੇ ਪੰਚਾਇਤ ਅਤੇ ਅਫਸਰਸ਼ਾਹੀ ਨੂੰ ਪੰਚਾਇਤੀ ਜ਼ਮੀਨ ਦੀ ਹੋਣ ਵਾਲੀ ਬੋਲੀ ਆਖਰ ਰੱਦ ਕਰਨੀ ਪੈ ਗਈ। ਇਸ ਮੌਕੇ ਐੱਸ.ਐੱਚ.ਓ. ਕਰਤਾਰਪੁਰ ਦੀ ਅਗਵਾਈ ਹੇਠ ਭਾਰੀ ਗਿਣਤੀ ਵਿੱਚ ਹਾਜ਼ਰ ਪੁਲਿਸ ਵੱਲੋਂ ਬੋਲੀ ਸਥਾਨ ਉੱਤੇ ਜਾਣ ਤੋਂ ਪੇਂਡੂ ਮਜ਼ਦੂਰਾਂ ਨੂੰ ਰੋਕਣਾ ਚਾਹਿਆ ਲੇਕਿਨ ਇਸ ਵਿੱਚ ਪੁਲਿਸ ਸਫ਼ਲ ਨਹੀਂ ਹੋ ਸਕੀ। ਇਸ ਮੌਕੇ ਹਾਜ਼ਰ ਮਜ਼ਦੂਰਾਂ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਖਾਤਮੇ ਲਈ ਇੱਕ ਪਾਸੇ ਸਿਹਤ ਵਿਭਾਗ ਅਤੇ ਸਰਕਾਰ ਸਰੀਰਕ ਦੂਰੀ ਬਣਾ ਕੇ ਰੱਖਣ ਦਾ ਢੰਡੋਰਾ ਪਿੱਟ ਰਹੀ ਹੈ, ਦੂਜੇ ਪਾਸੇ ਸਰੀਰਕ ਦੂਰੀ ਬਣਾ ਕੇ ਰੱਖਣ ਲਈ ਲੋੜਵੰਦ ਲੋਕਾਂ ਨੂੰ ਪਲਾਟ ਦੇਣ ਲਈ ਤਿਆਰ ਨਹੀਂ। ਉਹਨਾਂ ਮੰਗ ਕੀਤੀ ਕਿ ਲੋੜਵੰਦ ਬੇਘਰੇ ਅਤੇ ਬੇਜ਼ਮੀਨੇ ਕਿਰਤੀਆਂ ਨੂੰ ਰਿਹਾਇਸ਼ੀ ਪਲਾਟ ਦਿੱਤੇ ਜਾਣ, ਇਸ ਵਾਸਤੇ ਇਹਨਾਂ ਪਲਾਟਾਂ ਲਈ ਜ਼ਮੀਨ ਰਾਖਵੀਂ ਛੱਡ ਕੇ ਫ਼ਿਰ ਬਾਕੀ ਪੰਚਾਇਤੀ ਜ਼ਮੀਨ ਦੀ ਬੋਲੀ ਕੀਤੀ ਜਾਵੇ। ਹਾਜ਼ਰ ਵੱਡੀ ਗਿਣਤੀ ਕਿਸਾਨਾਂ ਨੇ ਵੀ ਮਜ਼ਦੂਰਾਂ ਦੀ ਇਸ ਮੰਗ ਦੀ ਹਮਾਇਤ ਕੀਤੀ। ਕਈ ਘੰਟਿਆਂ ਦੀ ਕਾਫ਼ੀ ਕਸ਼ਮਕਸ਼ ਤੋਂ ਬਾਅਦ ਆਖ਼ਰ ਬਿਨ੍ਹਾਂ ਬੋਲੀ ਕਰਵਾਏ ਅਧਿਕਾਰੀਆਂ ਨੂੰ ਵਾਪਿਸ ਪਰਤਣਾ ਪਿਆ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਤਹਿਸੀਲ ਪ੍ਰਧਾਨ ਬਲਵਿੰਦਰ ਕੌਰ ਦਿਆਲਪੁਰ ਨੇ ਕਿਹਾ ਕਿ ਰਿਹਾਇਸ਼ੀ ਪਲਾਟਾਂ, ਰਾਖਵੇਂ ਹਿੱਸੇ ਪੰਚਾਇਤੀ ਜ਼ਮੀਨ ਸਾਂਝੀ ਖੇਤੀ ਕਰਨ ਲਈ ਦਲਿਤਾਂ ਨੂੰ ਅਮਲ ਵਿੱਚ ਦੇਣ ਅਤੇ ਬਾਕੀ ਜਨਰਲ ਹਿੱਸੇ ਦੀ ਜ਼ਮੀਨ ਛੋਟੇ ਕਿਸਾਨਾਂ ਲਈ ਰਿਜ਼ਰਵ ਕਰਨ ਦੀ ਮੰਗ ਨੂੰ ਲੈ ਕੇ ਲੰਮੇ ਸਮੇਂ ਤੋਂ ਪੇਂਡੂ ਮਜ਼ਦੂਰ ਸੰਘਰਸ਼ ਕਰਦੇ ਆ ਰਹੇ ਹਨ। ਇਹਨਾਂ ਮੰਗਾਂ ਨੂੰ ਹੱਲ ਹੋਣ ਵਿੱਚ ਪੇਂਡੂ ਧਨਾਢ ਚੌਧਰੀਆਂ, ਹਾਕਮ ਧਿਰਾਂ ਦੇ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੇ ਗਠਜੋੜ ਬਣਾਇਆ ਹੋਇਆ ਹੈ। ਇਸ ਦੇ ਬਾਵਜੂਦ ਸੰਘਰਸ਼ ਲਗਾਤਾਰ ਜਾਰੀ ਹੈ। ਅੰਬਗੜ ਵਿਖੇ ਕਾਫ਼ੀ ਸਮੇਂ ਤੋਂ ਪੇਂਡੂ ਚੌਧਰੀਆਂ ਵਲੋਂ ਮਜ਼ਦੂਰ ਆਗੂਆਂ ਨੂੰ ਡਰਾਉਣ-ਧਮਕਾਉਣ ਦੇ ਬਾਵਜੂਦ ਪੰਚਾਇਤੀ ਜ਼ਮੀਨ ਉੱਪਰ ਮਜ਼ਦੂਰਾਂ ਆਪਣਾ ਝੰਡਾ ਗੱਡਿਆ ਹੋਇਆ ਹੈ।

## ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਕੋਟ ਟੋਡਰ ਮੱਲ ਦੇ ਮਜ਼ਦੂਰਾਂ ਨੂੰ ਮਿਲਿਆ ਪੰਚਾਇਤੀ ਜ਼ਮੀਨ ਵਿੱਚੋਂ ਤੀਸਰਾ ਹਿਸਾ

ਪਿੰਡ ਕੋਟ ਟੋਡਰ ਮੱਲ (ਗੁਰਦਾਸਪੁਰ) ਵਿਖੇ ਪਿੰਡ ਦੇ ਦਲ਼ਿਤ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਵਿੱਚ ਪੰਚਾਇਤੀ ਜ਼ਮੀਨ ਦੇ ਤੀਸਰੇ ਹਿੱਸੇ ਦੀ ਜ਼ਮੀਨ ਠੇਕੇ 'ਤੇ ਲੈਣ ਵਿੱਚ ਕਾਮਯਾਬ ਹੋਏ ਹਨ ਅਤੇ ਪੰਚਾਇਤੀ ਜ਼ਮੀਨ ਲਈ ਸਿੰਚਾਈ ਦੇ ਯੋਗ ਪ੍ਰਬੰਧ ਲਈ ਜੱਦੋਜਹਿਦ ਜਾਰੀ ਹੈ। ਜ਼ਿਕਰਯੋਗ ਹੈ ਕਿ ਪਿੰਡ ਵਿੱਚ ਕੁੱਲ ਪੰਚਾਇਤੀ ਜ਼ਮੀਨ 18 ਏਕੜ ਹੈ ਜਿਸ ਵਿੱਚ ਦਲ਼ਿਤਾਂ ਨੂੰ ਠੇਕੇ 'ਤੇ ਮਿਲਣ ਵਾਲੀ ਜ਼ਮੀਨ 6 ਏਕੜ ਹੈ। ਪੇਂਡੂ ਮਜ਼ਦੂਰ ਯੂਨੀਅਨ ਦੇ ਸਥਾਨਕ ਇਕਾਈ ਵੱਲੋਂ ਜ਼ਮੀਨ ਨੂੰ ਸਾਂਝੇ ਤੌਰ 'ਤੇ ਵਾਹੁਣ ਦਾ ਫੈਸਲਾ ਕੀਤਾ ਗਿਆ ਹੈ। ਪਿੰਡ ਚੌਧਰੀਆਂ ਵੱਲੋਂ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਦਲ਼ਿਤ ਭਾਈਚਾਰੇ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਦਾ ਕਿ ਪੇਂਡੂ ਮਜ਼ਦੂਰ ਯੂਨੀਅਨ ਦੀ ਸਥਾਨਕ ਇਕਾਈ ਨੇ ਮੂੰਹ-ਤੋੜਵਾਂ ਜਵਾਬ ਦਿੱਤਾ ਅਤੇ ਆਪਸੀ ਏਕੇ ਦੀ ਮਿਸਾਲ ਪੈਦਾ ਕਰਦਿਆਂ

ਪੰਚਾਇਤੀ ਜ਼ਮੀਨ ਦੇ ਤੀਸਰੇ ਹਿੱਸੇ ਦੀ ਜ਼ਮੀਨ 15 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਆਪਣੇ ਨਾਮ ਕਰਵਾ ਲਈ ਹੈ। ਸਥਾਨਕ ਇਕਾਈ ਵੱਲੋਂ ਅਗਲੇ ਸਾਲ ਹੋਰ ਘੱਟ ਰੇਟ 'ਤੇ ਇਸ ਜ਼ਮੀਨ ਨੂੰ ਠੇਕੇ 'ਤੇ ਲੈਣ ਦਾ ਐਲਾਨ ਕੀਤਾ ਹੈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪੰਡੋਰੀ, ਮਾਸਟਰ ਪ੍ਰੇਮ ਲਾਲ ਖੋਜੇਪੁਰ, ਸੱਜਣ ਸਿੰਘ, ਮੇਜਰ ਸਿੰਘ, ਜਰਨੈਲ ਸਿੰਘ ਝਬਕਰਾ, ਸੁਲੱਖਣ ਸਿੰਘ ਆਦਿ ਹਾਜ਼ਿਰ ਹੋਏ।

## ਪਿੰਡ ਪੁਰੋਵਾਲ ਜੱਟਾਂ ਵਿਖੇ ਝੋਨੇ ਦੀ ਲਵਾਈ ਸਬੰਧੀ ਪੰਚਾਇਤ ਵੱਲੋਂ ਪਾਏ ਮਤੇ ਦਾ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਵਿਰੋਧ

ਇਸ ਵਾਰ ਝੋਨੇ ਦੀ ਲਵਾਈ ਦੇ ਰੇਟ ਨੂੰ ਲੈ ਕੇ ਕਿਸਾਨ ਅਤੇ ਮਜ਼ਦੂਰ ਕਈ ਥਾਵੇਂ ਆਹਮੋ-ਸਾਹਮਣੇ ਹੋਏ ਸਨ। ਜਿਸ ਵਿੱਚ ਪੰਚਾਇਤ ਵੱਲੋਂ ਝੋਨੇ ਦੀ ਲਵਾਈ ਸਬੰਧੀ ਮਤੇ ਪਾਏ ਗਏ ਅਤੇ ਮਤੇ ਦੀ ਉਲੰਘਣਾ ਕਰਨ ਤੇ ਪਿੰਡ ਦੇ ਮਜ਼ਦੂਰਾਂ ਦਾ ਬਾਈਕਾਟ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ।

ਇਸ ਤਰ੍ਹਾਂ ਦਾ ਹੀ ਮਸਲਾ ਹਲਕਾ ਗੁਰਦਾਸਪੁਰ ਦੇ ਪਿੰਡ ਪੁਰੋਵਾਲ ਜੱਟਾਂ ਵਿਖੇ ਆਇਆ ਜਿੱਥੇ ਮਜ਼ਦੂਰਾਂ ਵਿਰੋਧੀ ਮਤਾ ਪਾਉਂਦਿਆਂ ਪੰਚਾਇਤ ਵੱਲੋਂ ਝੋਨੇ ਦੀ ਲਵਾਈ ਦਾ ਰੇਟ 3100 ਰੁਪਏ ਤੈਅ ਕਰ ਦਿੱਤਾ ਗਿਆ ਸੀ। ਪਰ ਪਿੰਡ ਦੇ ਮਜ਼ਦੂਰਾਂ ਵੱਲੋਂ ਇਸ ਮਤੇ ਨੂੰ ਰੱਦ ਕਰ ਕੇ 3100 ਰੁਪਏ ਵਿੱਚ ਝੋਨਾ ਨਾ ਲਾਉਣ ਦਾ ਐਲਾਨ ਕੀਤਾ ਗਿਆ ਸੀ। ਝੋਨੇ ਦੀ ਲਵਾਈ ਲਈ ਪਿੰਡ ਦੇ ਬਾਹਰ ਤੋਂ ਮਜ਼ਦੂਰਾਂ ਨੂੰ ਲਿਆ ਕੇ ਝੋਨਾ ਲਵਾਇਆ ਜਾ ਰਿਹਾ ਸੀ। ਜਦ ਪਿੰਡ ਦੇ ਹੀ ਇੱਕ ਮਜ਼ਦੂਰ ਵੱਲੋਂ ਬਾਹਰੋਂ ਆਈ ਲੇਬਰ ਨੂੰ ਝੋਨੇ ਦੀ ਲਵਾਈ ਦਾ ਰੇਟ ਪੁੱਛਣ ਲਈ ਉਸ ਤੱਕ ਪਹੁੰਚ ਕੀਤੀ ਗਈ ਤਾਂ ਮੌਕੇ 'ਤੇ ਉਸਦੀ ਕੁੱਟਮਾਰ ਕੀਤੀ ਗਈ ਅਤੇ ਪੁਲਿਸ ਹਿਰਾਸਤ ਵਿੱਚ ਭੇਜਿਆ ਗਿਆ।

ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਅਮਰ ਕ੍ਰਾਂਤੀ, ਮਨੀ ਭੱਟੀ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਇਫਟੂ ਦੇ ਆਗੂ ਜੋਗਿੰਦਰਪਾਲ ਘੁਰਾਲਾ ਅਤੇ ਡੀਐਮਐੱਫ ਦੇ ਆਗੂ ਅਮਰਜੀਤ ਸ਼ਾਸ਼ਤਰੀ ਦਾ ਵਫਦ ਚੌਂਕੀ ਇੰਚਾਰਜ ਨੂੰ ਮਿਲਿਆ। ਜਿਸ ਤੋਂ ਬਾਅਦ ਮਜ਼ਦੂਰਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ।

ਅਗਲੇ ਦਿਨ ਪਿੰਡ ਦੇ ਹੀ ਕੁੱਝ ਉੱਚ ਜਾਤੀ ਲੋਕਾਂ ਅਤੇ ਪਿੰਡ ਦੇ ਹੀ ਸਰਪੰਚ ਵੱਲੋਂ ਲਾਕਡਾਊਨ ਦਰਮਿਆਨ ਰਾਸ਼ਣ ਦੇਣ ਦੀ ਗੱਲ ਕਹਿ ਕੇ ਪਿੰਡ ਦੇ ਮਜ਼ਦੂਰਾਂ ਨੂੰ ਜ਼ਲੀਲ ਕੀਤਾ ਗਿਆ। ਜਿਸ ਤੋਂ ਬਾਅਦ ਪਿੰਡ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਮਜ਼ਦੂਰਾਂ ਦੀ ਜਨਤਕ ਮੀਟਿੰਗ ਕੀਤੀ ਗਈ ਤੇ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਘਰ ਬਾਹਰ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ।

15 ਜੂਨ ਨੂੰ ਨਹਿਰੂ ਪਾਰਕ ਤੋਂ ਲੈ ਕੇ ਵਿਧਾਇਕ ਦੀ ਕੋਠੀ ਤੱਕ ਰੋਸ ਮਾਰਚ ਕਰਨ ਉਪਰੰਤ ਵਿਧਾਇਕ ਦੇ ਘਰ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ, ਵਿਧਾਇਕ ਦੀ ਗੈਰ ਹਾਜ਼ਰੀ ਵਿੱਚ ਉਹਨਾਂ ਦੇ ਪਿਤਾ ਗੁਰਮੀਤ ਸਿੰਘ ਪਾਹੜਾ ਮਜ਼ਦੂਰਾਂ ਦੀ ਗੱਲ ਸੁਣਨ ਲਈ ਆਏ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪੰਡੋਰੀ ਅਤੇ ਜ਼ਿਲ੍ਹਾ ਸਕੱਤਰ ਜਰਨੈਲ ਸਿੰਘ ਝਬਕਰਾ ਨੇ ਦੋਸ਼ ਲਾਉਂਦਿਆਂ ਕਿਹਾ ਕਿ ਮਸਲੇ ਨੂੰ ਸਮਝਣ ਦੀ ਬਜਾਇ ਗੁਰਮੀਤ ਸਿੰਘ ਪਾਹੜਾ ਵੱਲੋਂ ਰੋਸ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਨੂੰ ਕਿਹਾ ਕਿ ਤੁਸੀਂ ਸਾਰੇ ਮਜ਼ਦੂਰ ਪੁਰੋਵਾਲ ਜੱਟਾਂ ਦੇ ਨਹੀਂ ਹੋ ਅਤੇ ਮੌਕੇ ਤੇ ਕਈ ਮਜ਼ਦੂਰਾਂ ਦੇ ਆਧਾਰ ਕਾਰਡ ਵੀ ਚੈੱਕ ਕੀਤੇ ਗਏ। ਮਜ਼ਦੂਰਾਂ ਵੱਲੋਂ ਆਪਣੇ ਨਾਲ ਹੋਏ ਇਸ ਘਟੀਆ ਵਰਤਾਰੇ ਖਿਲਾਫ ਵਿਧਾਇਕ ਅਤੇ ਵਿਧਾਇਕ ਦੇ ਬਾਪ ਨੂੰ ਪਿੰਡ ਵਿੱਚ ਵੜਨ 'ਤੇ ਘੇਰਨ ਦੀ ਯੋਜਨਾ ਬਣਾਈ ਗਈ ਹੈ।

ਇਸ ਮੌਕੇ ਜਤਿੰਦਰ ਕੁਮਾਰ ਬਿੱਟੂ, ਪੰਜਾਬ ਸਟੂਡੈਂਟਸ ਯੂਨੀਅਨ ਦੇ ਅਮਰ ਕ੍ਰਾਂਤੀ, ਮਨੀ ਭੱਟੀ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਇਫਟੂ ਦੇ ਸੁਖਦੇਵ ਰਾਜ ਬਹਿਰਾਮਪੁਰ, ਸੱਜਣ ਸਿੰਘ, ਮਾ. ਪ੍ਰੇਮ ਲਾਲ ਖੋਜੇਪੁਰ ਆਦਿ ਹਾਜ਼ਿਰ ਹੋਏ।

## ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਲਿਤ ਭਾਈਚਾਰਾ ਲੈਣ 'ਚ ਕਾਮਯਾਬ

ਪਿੰਡ ਚੱਕ ਗਾਂਧਾ ਸਿੰਘ ਵਾਲਾ ਦੀ ਐਸ.ਸੀ. ਭਾਈਚਾਰੇ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਡੰਮੀ ਬੋਲੀ ਰੱਦ ਕਰਵਾਉਣ ਅਤੇ ਡੰਮੀ ਬੋਲੀ ਦੇਣ ਵਾਲਿਆਂ 'ਤੇ ਸਖਤ ਕਾਰਵਾਈ ਕਰਵਾਉਣ ਲਈ ਬੀ.ਡੀ.ਪੀ.ਓ. ਮੁਕਤਸਰ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਜਿਸਤੋਂ ਬਾਅਦ ਡੰਮੀ ਬੋਲੀ ਪ੍ਰਸ਼ਾਸ਼ਾਨ ਨੂੰ ਰੱਦ ਕਰਨੀ ਪਈ ਸੀ। ਅੱਜ ਦੁਬਾਰਾ ਹੋਈ ਬੋਲੀ ਦੌਰਾਨ ਦਲਿਤ ਭਾਈਚਾਰੇ ਨੇ ਏਕੇ ਸਦਕਾ 6 ਕਿੱਲੇ ਜ਼ਮੀਨ ਠੇਕੇ 'ਤੇ ਲੈਣ 'ਚ ਕਾਮਯਾਬੀ ਹਾਸਲ ਕੀਤੀ।

ਪ੍ਰੈਸ ਬਿਆਨ ਜਾਰੀ ਕਰਦਿਆਂ ਪੰਚਾਇਤੀ ਜ਼ਮੀਨ ਠੇਕੇ ਤੇ ਲੈਣ ਵਾਲੇ ਦਲਿਤ ਭਾਈਚਾਰੇ ਦੇ ਸਵਰਨ ਸਿੰਘ, ਨਛੱਤਰ ਸਿੰਘ, ਇਕਬਾਲ ਸਿੰਘ, ਜਗਰੂਪ ਸਿੰਘ, ਮਿੱਠਣ ਸਿੰਘ ਨੇ ਦੱਸਿਆ ਕਿ ਪਿੰਡ ਚੱਕ ਗਾਧਾ ਸਿੰਘ ਵਾਲਾ ਦੀ ਕੁੱਲ ਵਾਹੀਯੋਗ ਪੰਚਾਇਤੀ ਜ਼ਮੀਨ ਤਕਰੀਬਨ ਸਾਢੇ 18 ਕਿੱਲੇ ਹਨ ਜਿਸ ਵਿੱਚੋਂ 6 ਕਿੱਲਿਆਂ ਤੋਂ ਉੱਪਰ ਜ਼ਮੀਨ ਤੇ ਦਲਿਤ ਭਾਈਚਾਰੇ ਦਾ ਕਾਨੂੰਨ ਮੁਤਾਬਕ ਹੱਕ ਹੈ। ਇਸ ਵਾਰ 3 ਕਿੱਲੇ ਜ਼ਮੀਨ ਪਿੰਡ ਦੇ ਜਰਨਲ ਵਰਗ ਦੇ ਬੰਦਿਆਂ ਦੁਆਰਾ ਦਲਿਤਾਂ ਵਿੱਚੋਂ ਹੀ ਅੱਛਰ ਸਿੰਘ ਜੋ ਕਿ ਵਾਹੀ ਨਹੀਂ ਕਰਦਾ ਸੀਰੀ ਪਾਲੀ ਲੱਗਦਾ ਹੈ ਉਸ ਦੇ ਨਾਮ ਡੰਮੀ ਬੋਲੀ ਦੇ ਜ਼ਮੀਨ ਆਪ ਵਾਹੁਣ ਦੀ ਸ਼ਾਜਿਸ ਕਰਕੇ ਦਲਿਤਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਸੀ, ਇਹ ਸਭ ਪਿੰਡ ਦੀ ਪੰਚਾਇਤ ਦੀ ਮਿਲੀਭੁਗਤ ਨਾਲ ਹੋਇਆ ਸੀ।

ਉਨ੍ਹਾਂ ਕਿਹਾ ਕਿ ਇਹ ਲੋਕ ਦੇ ਏਕੇ ਅਤੇ ਸੰਘਰਸ਼ ਦੀ ਜਿੱਤ ਹੋਈ ਹੈ ਇਸਤੋਂ ਬਾਅਦ ਜ਼ਮੀਨ ਵਿੱਚ ਹੀ ਜੇਤੂ ਰੈਲੀ ਕੀਤੀ ਗਈ। ਜਲਦੀ ਹੀ ਪਿੰਡ ਪੱਧਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਕਮੇਟੀ ਬਣਾਈ ਜਾਵੇਗੀ। ਇਸ ਮੌਕੇ ਜਗਜੀਤ ਨਾਬਰ, ਰਾਜਦੇਵ ਸਿੰਘ, ਨਾਇਬ ਸਿੰਘ, ਮੇਘ ਸਿੰਘ, ਤਰਸੇਮ ਦਾਸ, ਗੋਲਡੀ, ਸੁਖਜੀਤ ਸਿੰਘ, ਹਰਬੰਸ ਸਿੰਘ, ਲਵਪ੍ਰੀਤ ਸਿੰਘ, ਰਵੀ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਲੋਕ ਮੌਜੂਦ ਸਨ।

## ਬਿਲਗਾ ਵਿਖੇ ਜਨਤਕ ਜੱਥੇਬੰਦੀਆਂ ਵੱਲੋਂ ਧਰਨਾ ਪ੍ਰਦਰਸ਼ਨ

ਬਿਲਗਾ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਅਤੇ ਐਸ.ਐਚ.ਓ. ਦੀਆਂ ਲੋਕ ਵਿਰੋਧੀ ਕਾਰਵਾਈਆਂ ਖਿਲਾਫ਼ ਜਨਤਕ ਜੱਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਵਲੋਂ ਦਫ਼ਤਰ ਨਗਰ ਪੰਚਾਇਤ ਅਤੇ ਥਾਣਾ ਬਿਲਗਾ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਕ ਪ੍ਰਵਾਸੀ ਮਜ਼ਦੂਰ ਦੇ ਮਕਾਨ ਦਾ ਬਾਧਰਾ ਸਿਆਸੀ ਸ਼ਹਿ 'ਤੇ ਢਾਉਣ ਅਤੇ ਰੋਕਣ 'ਤੇ ਪਰਿਵਾਰ ਦੀਆਂ ਲੜਕੀਆਂ ਦੀ ਕੁੱਟਮਾਰ ਖਿਲਾਫ, ਨਗਰ ਪੰਚਾਇਤ 'ਚੋਂ ਕੱਢੇ ਸਫਾਈ ਮਜ਼ਦੂਰਾਂ ਨੂੰ ਬਹਾਲ ਕਰਾਉਣ ਲਈ ਜਨਤਕ ਜੱਥੇਬੰਦੀਆਂ ਦੀ ਅਗਵਾਈ ਹੇਠ 11 ਜੂਨ ਨੂੰ ਨਗਰ ਪੰਚਾਇਤ ਦੇ ਦਫਤਰ ਅਤੇ ਥਾਣਾ ਬਿਲਗਾ ਅੱਗੇ ਧਰਨਾ ਪ੍ਰਦਰਸ਼ਨ ਕਰਕੇ ਪੁਲਸ ਅਤੇ ਈ.ਓ. ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਹੰਸ ਰਾਜ ਪੱਬਵਾਂ, ਚੰਨਣ ਸਿੰਘ ਬੁੱਟਰ, ਕਿਰਤੀ ਕਿਸਾਨ ਯੂਨੀਅਨ ਵਲੋਂ ਸੰਤੋਖ ਸਿੰਘ ਸੰਧੂ, ਮੱਖਣ ਸਿੰਘ ਕੰਦੋਲ਼ਾ, ਗੁਰਨਾਮ ਸਿੰਘ ਤੱਗੜ, ਇਸਤਰੀ ਜਾਗ੍ਰਿਤੀ ਮੰਚ ਵਲੋਂ ਅਨੀਤਾ ਸੰਧੂ ਅਤੇ ਨੌਜਵਾਨ ਭਾਰਤ ਸਭਾ ਵਲੋਂ ਜਸਕਰਨ ਆਜ਼ਾਦ, ਕੁਲਜੀਤ ਅਤੇ ਸਨਦੀਪ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਈ.ਓ. ਅਤੇ ਐਸ.ਐਚ.ਓ. ਬਿਲਗਾ ਪੂਰੀ ਤਰਾਂ ਹਾਕਮ ਧਿਰ ਦੇ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ। ਆਮ ਲੋਕਾਂ ਨਾਲ ਸ਼ਰੇਆਮ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਇਕ ਪਾਸੇ ਸਰਕਾਰਾਂ ਕਰੋਨਾ ਤੋਂ ਲੋਕਾਂ ਨੂੰ ਬਚਾਉਣ ਅਤੇ ਲੋਕ-ਹਤੈਸ਼ੀ ਬਣਨ ਦਾ ਢਕਵੰਜ ਰਚ ਰਹੀਆਂ ਪਰ ਅਫਸਰਸ਼ਾਹੀ ਅਤੇ ਪੁਲਸ ਲੋਕਾਂ ਨੂੰ ਡੰਡੇ ਦੇ ਜ਼ੋਰ ਧੱਕੇਸ਼ਾਹੀ ਕਰ ਰਹੀ ਹੈ।

ਇਸ ਧਰਨੇ ਪ੍ਰਦਰਸ਼ਨ ਦੀ ਸਥਾਨਕ ਕੌਂਸਲਰ ਦਲਬੀਰ ਸਿੰਘ ਕੱਦੋਂ, ਹਰਤੇਜ ਸਿੰਘ, ਸੰਨਦੀਪ ਸਿੰਘ, ਨਰਿੰਦਰ ਕੁਮਾਰ, ਸ਼੍ਰੀਮਤੀ ਵੀਨਾ ਰਾਣੀ ਜੋੜੀ ਅਤੇ ਸ਼੍ਰੀਮਤੀ ਪੂਜਾ ਨੇ ਹਮਾਇਤ ਕੀਤੀ।

ਬਿਲਗਾ ਥਾਣੇ ਅੱਗੇ ਚੱਲ ਰਹੇ ਧਰਨਾ ਪ੍ਰਦਰਸ਼ਨ ਸਮੇਂ ਮੌਕੇ 'ਤੇ ਪੁੱਜੇ ਨਾਇਬ-ਤਹਿਸੀਲਦਾਰ ਨੇ ਸੋਮਵਾਰ ਨੂੰ ਕਾਰਜ ਸਾਧਕ ਅਫਸਰ ਨਾਲ ਆਗੂਆਂ ਦੀ ਮੀਟਿੰਗ ਕਰਵਾ ਕੇ ਮਜ਼ਦੂਰ ਪਰਿਵਾਰ ਦੇ ਮਕਾਨ ਦੇ ਬਾਧਰੇ ਦਾ ਅਤੇ ਕੱਢੇ ਸਫਾਈ ਮਜ਼ਦੂਰਾਂ ਦਾ ਮਸਲਾ ਹੱਲ ਕਰਾਉਣ ਦਾ ਭਰੋਸਾ ਦੇਣ ਅਤੇ ਪੁਲਸ ਕਾਰਵਾਈ ਲਈ ਐਸ.ਐਚ.ਓ. ਵਲੋਂ ਲੋਕ ਇਕੱਠ 'ਚ ਆ ਕੇ ਜਨਤਕ ਮੁਆਫੀ ਮੰਗਣ 'ਤੇ ਹੀ ਧਰਨਾਕਾਰੀ ਸ਼ਾਂਤ ਹੋਏ। ਸਟੇਜ ਦੀ ਕਾਰਵਾਈ ਪਰਮਾ ਲਾਲ ਕੈਂਥ ਨੇ ਨਿਭਾਈ। ਅੰਤ ਧਰਨਾਕਾਰੀਆਂ ਨੇ ਮਸਲੇ ਦਾ ਹੱਲ ਨਾ ਹੋਣ ਦੀ ਸੂਰਤ 'ਚ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰਦਿਆਂ ਪ੍ਰਦਰਸ਼ਨ ਸਮਾਪਤ ਕੀਤਾ।

## ਗੈਸ ਏਜੰਸੀ ਵਰਕਰਜ਼ ਯੂਨੀਅਨ ਵੱਲੋਂ ਧਰਨਾ

ਕਰੋਨਾਵਾਇਰਸ ਦੀ ਮਹਾਂਮਾਰੀ ਦੌਰਾਨ ਜੋਖ਼ਮ ਮੁੱਲ ਲੈ ਕੇ ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੇ ਗੈਸ ਏਜੰਸੀ ਵਰਕਰਜ਼ ਯੂਨੀਅਨ (ਇਫਟੂ) ਦੇ ਕਾਮਿਆਂ ਵੱਲੋਂ 21 ਮਈ ਨੂੰ ਕਿਰਤ ਵਿਭਾਗ ਦੇ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਧਰਨੇ ਦੌਰਾਨ ਮੰਗ ਕੀਤੀ ਗਈ ਕਿ ਕਾਮਿਆਂ ਨੂੰ ਸੁਰੱਖਿਆ ਸਮਾਨ ਜਿਵੇਂ ਮਾਸਕ, ਦਸਤਾਨੇ ਤੇ ਸੈਨੇਟਾਈਜ਼ਰ ਮੁਹੱਈਆ ਕਰਵਾਇਆ ਜਾਵੇ, ਸਾਰੇ ਕਾਮਿਆਂ ਦਾ ਬੀਮਾ ਕਰਵਾਇਆ ਜਾਵੇ ਤੇ ਮਹਾਂਮਾਰੀ ਦੌਰਾਨ ਜਾਨ

ਗਵਾਉਣ ਵਾਲੇ ਕਾਮੇ ਦੇ ਪਰਿਵਾਰ ਨੂੰ ਇੱਕ ਕਰੋੜ ਤੱਕ ਮੁਆਵਜਾ ਦਿੱਤਾ ਜਾਵੇ।

ਧਰਨੇ ਨੂੰ ਸੰਬੋਧਨ ਕਰਦਿਆਂ ਇਫਟੂ ਆਗੂ ਸ਼੍ਰੀਨਾਥ, ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਬਿੱਲਾ, ਐਡਵੋਕੇਟ ਰਾਜੀਵ ਲੋਹਟਬੱਧੀ, ਜੱਥੇਬੰਦੀ ਦੇ ਜਨਰਲ ਸਕੱਤਰ ਸੁਰਜੀਤ ਸਿੰਘ ਤੇ ਜਸਵੀਰ ਸਿੰਘ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਕਾਰਪੋਰੇਟ ਨੂੰ ਰਾਹਤ ਪੈਕੇਜ ਦੇ ਨਾਂ ਹੇਠ ਕਰੋੜਾਂ ਰੁਪਏ ਲੁਟਾ ਰਹੀ ਹੈ ਤੇ ਦੂਜੇ ਪਾਸੇ ਕਿਰਤੀ ਲੋਕਾਂ ਨੂੰ ਤੇ ਮੂਹਰਲੀਆਂ ਸਫ਼ਾਂ 'ਚ ਕੰਮ ਕਰ ਰਹੇ ਕਾਮਿਆਂ ਨੂੰ ਅਣਗੌਲਿਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਨ ਦੇ ਬਾਵਜੂਦ ਸਰਕਾਰ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਨਜ਼ਰਅੰਦਾਜ ਕਰਦੀ ਆ ਰਹੀ ਹੈ।

ਧਰਨੇ ਉਪਰੰਤ ਸ਼ਹਿਰ 'ਚ ਮਾਰਚ ਕੱਢਣ ਦੇ ਐਲਾਨ ਤੋਂ ਬਾਅਦ ਤੁਰੰਤ ਤਹਿਸੀਲਦਾਰ ਵੱਲੋਂ ਮੌਕੇ 'ਤੇ ਪੁੱਜ ਕੇ ਮੰਗ ਪੱਤਰ ਲਿਆ ਗਿਆ ਤੇ 27 ਮਈ ਨੂੰ ਐਸ.ਡੀ.ਐਮ. ਨਾਲ ਮੀਟਿੰਗ ਦਾ ਭਰੋਸਾ ਦੁਆਇਆ। ਪ੍ਰਸਾਸ਼ਨ ਦੁਆਰਾ 27 ਮਈ ਨੂੰ ਮੀਟਿੰਗ ਨਾ ਕਰਨ ਦੀਆਂ ਹਾਲਤਾਂ ਵਿੱਚ ਜੱਥੇਬੰਦੀ ਨੇ 28 ਮਈ ਨੂੰ ਡੀ.ਸੀ. ਦਫ਼ਤਰ ਘੇਰਨ ਦੀ ਚੇਤਾਵਨੀ ਦਿੱਤੀ ਜਿਸ ਸਦਕਾ 27 ਮਈ ਨੂੰ ਐਸ.ਡੀ.ਐਮ. ਪਟਿਆਲਾ ਨੇ ਜੱਥੇਬੰਦੀ ਦੇ ਆਗੂਆਂ ਨੂੰ, ਫੂਡ ਸਪਲਾਈ ਅਫਸਰ ਤੇ ਸੇਲਜ਼ ਮੈਨੇਜਰ ਨੂੰ ਬੁਲਾ ਕੇ ਮੀਟਿੰਗ ਕੀਤੀ ਤੇ ਜੱਥੇਬੰਦੀ ਨੂੰ ਮੰਗਾਂ ਮੰਨਣ ਦਾ ਭਰੋਸਾ ਦੁਆਇਆ। ਪਰ ਰਿਪੋਰਟ ਲਿਖਣ ਤੱਕ ਪ੍ਰਸਾਸ਼ਨ ਵੱਲੋਂ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਗੈਸ ਵਰਕਰ ਦੁਬਾਰਾ ਸੰਘਰਸ਼ ਭਖਾਉਣ ਦੀ ਤਿਆਰੀ ਕਰ ਰਹੇ ਹਨ।

## ਫਿਰਕੂ-ਫਾਸ਼ੀ ਤਾਕਤਾਂ ਖਿਲਾਫ ਰੋਸ ਮੁਜਾਹਰਾ ਤੇ ਥਾਣੇ ਦਾ ਘਿਰਾਉ

ਮੇਰਾ ਕੀ ਕਸੂਰ ਗੀਤ ਦਾ ਵਿਰੋਧ ਕਰਦਿਆਂ ਰਣਜੀਤ ਬਾਵਾ ਦੇ ਖਿਲਾਫ ਸ਼ਿਕਾਇਤ ਦਰਜ ਕਰਾਉਣ ਵਾਲੇ ਜਲੰਧਰ ਤੋਂ ਭਾਜਪਾ ਯੁਵਾ ਮੋਰਚਾ ਦੇ ਮੀਡੀਆ ਪਰਸਨਲ ਤੇ ਆਰ.ਐਸ.ਐਸ. ਦੇ ਮੈਂਬਰ ਅਸ਼ੋਕ ਸਰੀਨ ਦੁਆਰਾ ਇਕ ਇੰਟਰਵਿਊ ਦੇ ਦੌਰਾਨ ਡਾਕਟਰਾਂ ਬਾਰੇ ਅਪਮਾਨਜਨਕ ਸ਼ਬਦ ਬੋਲੇ ਗਏ ਸਨ। ਉਸ ਨੇ ਕੋਰੋਨਾ ਸਾਹਮਣੇ ਡਾਕਟਰਾਂ ਤੇ ਵਿਗਿਆਨੀਆਂ ਨੂੰ ਫੇਲ੍ਹ ਤੇ ਖਤਮ ਹੋ ਗਏ ਕਰਾਰ ਦਿੰਦਿਆਂ ਕਿਹਾ ਸੀ ਕਿ ਹੁਣ ਸਿਰਫ ਭਗਵਾਨ ਦਾ ਹੀ ਸਹਾਰਾ ਹੈ। ਉਸ ਨੇ ਹਿੰਦੂਆਂ ਦੀ ਆਸਥਾ ਦੇ ਬਹਾਨੇ ਹਿੰਦੂ ਸਮਾਜ ਨੂੰ ਮੇਰਾ ਕੀ ਕਸੂਰ ਗੀਤ ਦੇ ਖਿਲਾਫ ਭੜਕਾ ਕੇ ਦੰਗੇ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ। ਇਸੇ ਤਰਾਂ ਦੀ ਹੀ ਕਰਤੂਤ ਲੁਧਿਆਣੇ ਤੋਂ ਸ਼ਿਵ ਸੈਨਾ ਦੇ ਆਗੂ ਅਮਿਤ ਅਰੋੜਾ ਤੇ ਰਜੀਵ ਟੰਡਨ ਤੇ ਹੋਰਾਂ ਨੇ ਕੀਤੀ, ਜਦੋਂ ਉਹਨਾਂ ਨੇ ਰਣਜੀਤ ਬਾਵਾ ਦਾ ਮੂੰਹ ਕਾਲਾ ਕਰਨ ਵਾਲੇ ਨੂੰ ਸ਼ਨੀ ਦੇਵਤਾ ਦੇ ਮੰਦਰ 'ਚੋਂ ਇਕ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ। ਅਸ਼ੋਕ ਸਰੀਨ ਦੇ ਖਿਲਾਫ ਥਾਣਾ ਨਿਹਾਲ ਸਿੰਘ ਵਾਲਾ ਵਿਖੇ ਡਾ. ਹਰਗੁਰਪਰਤਪ ਦੁਆਰਾ ਦਿੱਤੀ ਸ਼ਿਕਾਇਤ 'ਤੇ ਮਹੀਨਾ ਬੀਤ ਜਾਣ 'ਤੇ ਵੀ ਪੁਲਿਸ ਨੇ ਪਰਚਾ ਦਰਜ ਨਾ ਕੀਤਾ।

ਨੌਜਵਾਨ ਭਾਰਤ ਸਭਾ ਨੇ ਇਹਨਾਂ ਫਿਰਕੂ-ਫਾਸ਼ੀ, ਰੂੜੀਵਾਦੀ ਤਾਕਤਾਂ ਦੇ ਖਿਲਾਫ ਸੰਘਰਸ਼ ਦਾ ਬਿਗਲ ਵਜਾਉਣ ਲਈ ਮੋਗੇ ਦੀਆਂ ਵੱਖ-ਵੱਖ ਜਥੇਬੰਦੀਆਂ ਦੀ ਮੀਟਿੰਗ ਕੀਤੀ, ਜਿਸ ਵਿੱਚ ਪੇਂਡੂ ਮਜ਼ਦੂਰ ਯੂਨੀਅਨ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ, ਲੋਕ ਸੰਗਰਾਮ ਮੰਚ, ਭਾਰਤੀ ਕਮਿਊਨਿਸਟ ਪਾਰਟੀ, ਇਨਕਲਾਬੀ ਲੋਕ ਮੋਰਚਾ, ਸ਼ਹੀਦ ਭਾਈ ਜੈਤਾ ਜੀ ਮਿਸ਼ਨ, ਕਿਰਤੀ ਕਿਸਾਨ ਯੂਨੀਅਨ, ਕਰਾਂਤੀਕਾਰੀ ਮਜ਼ਦੂਰ ਯੂਨੀਅਨ, ਅਸੂਲ ਮੰਚ, ਪੰਜਾਬ ਸਟੂਡੈਂਟਸ ਯੂਨੀਅਨ ਸ਼ਾਮਿਲ ਹੋਈਆਂ।

ਮੀਟਿੰਗ 'ਚ ਹੋਏ ਫੈਸਲੇ ਮੁਤਾਬਿਕ ਜਥੇਬੰਦੀਆਂ ਦਾ ਵਫਦ ਅਸ਼ੋਕ ਸਰੀਨ ਖਿਲਾਫ ਪਰਚਾ ਦਰਜ ਕਰਾਉਣ ਲਈ ਡੀਐਸਪੀ ਨਿਹਾਲ ਸਿੰਘ ਵਾਲਾ ਨੂੰ ਮਿਲਿਆ। ਜਿਸ ਨੇ ਕਾਰਵਾਈ ਦਾ ਭਰੋਸਾ ਦਿੱਤਾ। ਪਰ ਅਸ਼ੋਕ ਸਰੀਨ ਦੇ ਖਿਲਾਫ ਸਾਰੇ ਸਬੂਤ, ਬਿਆਨ ਦੇਣ 'ਤੇ ਵੀ ਜਦ ਪੁਲਿਸ ਨੇ ਪਰਚਾ ਦਰਜ ਨਾ ਕੀਤਾ ਤਾਂ 1 ਜੂਨ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨਾਂ, ਆਰ.ਐਮ.ਪੀ ਡਾਕਟਰਾਂ, ਔਰਤਾਂ, ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਨੇ ਨਿਹਾਲ ਸਿੰਘ ਵਾਲਾ ਸ਼ਹਿਰ ਵਿੱਚ ਲਾਕਡਾਊਨ ਨੂੰ ਤੋੜਦਿਆਂ ਮੁਜਾਹਰਾ ਕਰਕੇ ਥਾਣੇ ਦਾ ਘਿਰਾਓ ਕੀਤਾ। ਸੰਘਰਸ਼ ਦੇ ਦਬਾਅ ਹੇਠ ਐਸ.ਪੀ. ਮੋਗਾ, ਡੀਐਸਪੀ ਨਿਹਾਲ ਸਿੰਘ ਵਾਲਾ ਮੌਕੇ 'ਤੇ ਪਹੁੰਚੇ ਤੇ ਆਗੂਆਂ ਨੂੰ ਗੱਲਬਾਤ ਲਈ ਬੁਲਾਇਆ। ਐਸ.ਪੀ. ਨੇ ਹੋਰ ਬਿਆਨ ਦਰਜ ਕਰਾਉਣ 'ਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ, ਜੋ ਕਿ ਮੌਕੇ 'ਤੇ ਹੀ ਕਰਾ ਦਿੱਤੇ ਗਏ।

ਇਸ ਘਿਰਾਉ ਨੂੰ ਨੌਜਵਾਨ ਭਾਰਤ ਸਭਾ ਦੇ ਇਲਾਕਾ ਸਕੱਤਰ ਕਰਮਜੀਤ ਸਿੰਘ ਮਾਣੂੰਕੇ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਲੋਕ ਸੰਗਰਾਮ ਮੰਚ ਦੇ ਦਰਸ਼ਨ ਤੂਰ, ਸੀਪੀਆਈ ਦੇ ਕੁਲਦੀਪ

ਭੋਲਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਆਗੂ ਗੁਰਮੇਲ ਮਾਛੀਕੇ, ਮਜ਼ਦੂਰ ਮੁਕਤੀ ਮੋਰਚਾ ਦੇ ਹਰਮਨਜੀਤ ਹਿੰਮਤਪੁਰਾ, ਅਸੂਲ ਮੰਚ ਦੇ ਇੰਦਰਜੀਤ ਸਿੰਘ, ਡਾ. ਹਰਗੁਰਪਰਤਾਪ ਨੇ ਸੰਬੋਧਨ ਕੀਤਾ। ਬੀਕੇਯੂ ਉਗਰਾਹਾਂ ਵੀ ਘਿਰਾਉ ਵਿੱਚ ਸ਼ਾਮਿਲ ਹੋਈ, ਜਿਸ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ ਨੇ ਸੰਬੋਧਨ ਕੀਤਾ। ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਭਰਪੂਰ ਸਿੰਘ ਰਾਮਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਔਲਖ, ਬੀਕੇਯੂ ਕਰਾਂਤੀਕਾਰੀ ਦੇ ਗੁਰਦੀਪ ਸਿੰਘ ਵੈਰੋਕੇ, ਕਰਾਂਤੀਕਾਰੀ ਮਜ਼ਦੂਰ ਯੂਨੀਅਨ ਦੇ ਸੂਬਾ ਸਿੰਘ, ਏਆਈਵਾਈਐਫ ਦੇ ਆਗੂ ਗੁਰਦਿੱਤ ਸਿੰਘ ਦੀ ਸਟੇਜ ਤੋਂ ਹਾਜ਼ਰੀ ਲਗਾਈ ਗਈ।

## ਮਾਈਕਰੋ ਫਾਈਨਾਂਸ ਕੰਪਨੀਆਂ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ

ਔਰਤਾਂ ਨੂੰ ਗਰੁੱਪ ਲੋਨ ਦੇਣ ਵਾਲੀਆਂ ਮਾਈਕਰੋ ਫਾਈਨਾਂਸ ਕੰਪਨੀਆਂ ਵੱਲੋਂ ਜਬਰੀ ਕਿਸ਼ਤਾਂ ਭਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲਾਂਕਿ ਲਾਕਡਾਊਨ ਕਰਕੇ ਭਾਰਤੀ ਰਿਜ਼ਰਵ ਬੈਂਕ ਨੇ 31 ਅਗਸਤ ਤੱਕ ਕਰਜਿਆਂ ਦੀ ਉਗਰਾਹੀ ਰੋਕੀ ਹੋਈ ਹੈ। ਕੰਪਨੀਆਂ ਵਾਲੇ ਲੋਕਾਂ ਨੂੰ ਡਰਾ ਧਮਕਾ ਰਹੇ ਹਨ ਕਿ ਤੁਹਾਡੇ ਖਿਲਾਫ ਪਰਚੇ ਕਰਾਵਾਂਗੇ, ਡਿਫਾਲਟਰ ਗਰਦਾਨਾਂਗੇ।

ਇਸ ਧੱਕੇਸ਼ਾਹੀ ਦੇ ਖਿਲਾਫ ਗਰੁੱਪ ਲੋਨ ਮੁਆਫ ਕਰਾਉਣ ਲਈ ਨੌਜਵਾਨ ਭਾਰਤ ਸਭਾ ਤੇ ਪੇਂਡੂ ਮਜ਼ਦੂਰ ਯੂਨੀਅਨ ਨੇ ਮੰਗ ਪੱਤਰ ਦੇਣ ਲਈ 9 ਜੂਨ ਨੂੰ ਮੋਗੇ ਨਵੀਂ ਦਾਣਾ ਮੰਡੀ ਵਿੱਚ ਰੈਲੀ ਕਰਨ ਉਪਰੰਤ ਡੀਸੀ ਦਫਤਰ ਤੱਕ ਰੋਸ ਮਾਰਚ ਕੀਤਾ। ਜਿਸ ਵਿੱਚ ਦਰਜਨ ਦੇ ਕਰੀਬ ਪਿੰਡਾਂ ਤੋਂ ਸੈਂਕੜੇ ਔਰਤਾਂ ਨੇ ਸ਼ਮੂਲੀਅਤ ਕੀਤੀ। ਅੰਤਾਂ ਦੀ ਗਰਮੀ ਦੇ ਬਾਵਜੂਦ 3 ਘੰਟੇ ਤੱਕ ਡੀਸੀ ਦਫਤਰ ਮੋਗਾ ਵਿਖੇ ਧਰਨਾ ਲਾਇਆ ਗਿਆ। ਪਰ ਫੇਰ ਵੀ ਕੋਈ ਅਧਿਕਾਰੀ ਮੰਗ ਪੱਤਰ ਲੈਣ ਨਾ ਆਇਆ ਤਾਂ ਡੀਸੀ ਦਫਤਰ ਦਾ ਘਿਰਾਉ ਕਰ ਲਿਆ ਗਿਆ। ਐਸਡੀਐਮ ਮੋਗਾ ਸਤਵੰਤ ਸਿੰਘ ਨੇ ਧਰਨੇ ਵਿੱਚ ਮੰਗ ਪੱਤਰ ਪ੍ਰਾਪਤ ਕਰਕੇ ਇਹ ਭਰੋਸਾ ਦਿੱਤਾ ਕਿ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਤੱਕ ਪਹੁੰਚਦਾ ਕਰਾਂਗੇ ਤੇ ਇਹਨਾਂ ਕੰਪਨੀਆਂ ਦੀ ਮੀਟਿੰਗ ਕਰਕੇ ਜਬਰੀ ਕਿਸ਼ਤਾਂ ਨਾ ਵਸੂਲਣ ਸਬੰਧੀ ਸਖਤ ਤਾੜਨਾ ਕਰਾਂਗੇ।

ਮੰਗ ਪੱਤਰ ਵਿੱਚ ਇਹ ਮੰਗਾਂ ਸ਼ਾਮਿਲ ਸਨ। ਗਰੁੱਪ ਲੋਨ ਵਿਆਜ ਅਤੇ ਕਰਜੇ ਸਮੇਤ ਮੁਆਫ ਕੀਤੇ ਜਾਣ, ਔਰਤਾਂ ਨੂੰ ਕਿਸ਼ਤਾਂ ਲਈ ਧਮਕਾ ਰਹੇ ਇਹਨਾਂ ਕੰਪਨੀਆਂ ਦੇ ਮਾਲਕਾਂ ਅਤੇ ਕਰਿੰਦਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ, ਅੱਗੇ ਤੋਂ ਹਰ ਜਰੂਰਤਮੰਦ ਨੂੰ ਬਿਨਾਂ ਵਿਆਜ ਤੋਂ ਕਰਜੇ ਦਿੱਤੇ ਜਾਣ, ਮਜ਼ਦੂਰਾਂ, ਛੋਟੇ ਕਿਸਾਨਾਂ, ਦੁਕਾਨਦਾਰਾਂ, ਵਪਾਰੀਆਂ ਦੇ ਸਮੁੱਚੇ ਕਰਜੇ ਮੁਆਫ ਕੀਤੇ ਜਾਣ, ਲਾਕਡਾਊਨ ਦੌਰਾਨ ਲੋਕਾਂ ’ਤੇ ਕੀਤੇ ਝੂਠੇ ਪਰਚੇ ਰੱਦ ਕੀਤੇ ਜਾਣ, ਝੋਨੇ ਦੀ ਲਵਾਈ ਦੇ ਰੇਟਾਂ ਸਬੰਧੀ ਮਜ਼ਦੂਰਾਂ ਖਿਲਾਫ ਮਤੇ ਪਾ ਰਹੀਆਂ ਪੰਚਾਇਤਾਂ, ਗੁਰਦੁਆਰਾ ਕਮੇਟੀਆਂ, ਸ਼ਰਾਰਤੀ ਅਨਸਰਾਂ ਖਿਲਾਫ ਐਸ.ਸੀ, ਐਸ.ਟੀ ਐਕਟ ਤਹਿਤ ਪਰਚੇ ਦਰਜ ਕੀਤੇ ਜਾਣ।

ਇਸ ਉਪਰੰਤ ਜਥੇਬੰਦੀਆਂ ਨੇ ਅਗਲਾ ਐਲਾਨ ਕੀਤਾ ਕਿ ਮਾਈਕਰੋ ਫਾਈਨਾਂਸ ਕੰਪਨੀਆਂ ਦੀ ਪਿੰਡਾਂ ਵਿੱਚ ਐਂਟਰੀ ਬੈਨ ਕੀਤੀ ਜਾਵੇਗੀ, ਜੇਕਰ ਕੋਈ ਕੰਪਨੀ ਦਾ ਕਰਿੰਦਾ ਪਿੰਡਾਂ ਵਿੱਚ ਕਿਸ਼ਤ ਲੈਣ ਆਇਆ ਤਾਂ ਘਿਰਾਓ ਕਰਾਂਗੇ। ਸੰਘਰਸ਼ ਅਜੇ ਜਾਰੀ ਹੈ। ਧਰਨੇ ਵਿੱਚ ਮੱਛੀ ਮਾਰਕੀਟ ਰੁਜਗਾਰ ਬਚਾਉ ਸੰਘਰਸ਼ ਕਮੇਟੀ ਦੇ ਪ੍ਰਵਾਸੀ ਮਜ਼ਦੂਰ ਵੀ ਸ਼ਾਮਿਲ ਹੋਏ। ਜਿੰਨਾਂ ਦੀ ਮੱਛੀ ਮਾਰਕੀਟ ਕਾਂਗਰਸੀ ਐਮ.ਐਲ.ਏ. ਹਰਜੋਤ ਕਮਲ ਨੇ ਉਜਾੜ ਦਿੱਤੀ ਹੈ ਤੇ ਇਹ ਮਜ਼ਦੂਰ ਉਸ ਥਾਂ ’ਤੇ ਪੱਕਾ ਮੋਰਚਾ ਲਗਾ ਕੇ ਬੈਠੇ ਹਨ।

ਮਾਈਕਰੋ ਫਾਈਨਾਂਸ ਕੰਪਨੀਆਂ ਖਿਲਾਫ ਨਿਹਾਲ ਸਿੰਘ ਵਾਲਾ ਵਿਖੇ ਰੋਸ ਮੁਜ਼ਾਹਰਾ ਕਰਕੇ ਐਸ ਡੀ ਐਮ ਨਿਹਾਲ ਸਿੰਘ ਵਾਲਾ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਸੀ।

ਇਸ ਧਰਨੇ ਨੂੰ ਪੇਂਡੂ ਮਜਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਮੰਗਾ ਵੈਰੋਕੇ, ਜ਼ਿਲ੍ਹਾ ਪ੍ਰਧਾਨ ਭਰਪੂਰ ਸਿੰਘ ਰਾਮਾ, ਗੁਰਚਰਨ ਸਿੰਘ, ਚਰਨਜੀਤ ਕੌਰ, ਕੁਲਵਿੰਦਰ ਕੌਰ, ਜਸਵਿੰਦਰ ਕੌਰ, ਮਨਜੀਤ ਕੌਰ, ਤੀਰਥ ਮੱਦੋਕੇ, ਨੌਜਵਾਨ ਭਾਰਤ ਸਭਾ ਦੇ ਇਲਾਕਾ ਪ੍ਰਧਾਨ ਰਜਿੰਦਰ ਰਾਜਿਆਣਾ, ਇਲਾਕਾ ਸਕੱਤਰ ਕਰਮਜੀਤ ਸਿੰਘ ਮਾਣੂੰਕੇ, ਬਰਿਜ ਰਾਜਿਆਣਾ, ਅਵਤਾਰ ਸਿੰਘ ਕੋਟਲਾ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਸਤਪਾਲ ਸਿੰਘ ਡਾਲਾ, ਰਾਮ ਆਸਰਾ ਸਿੰਘ, ਰਜਿੰਦਰ ਕੌਰ ਕੋਟਲਾ ਵੀ ਹਾਜਰ ਸਨ।

## ਇਸਤਰੀ ਜਾਗ੍ਰਿਤੀ ਮੰਚ ਦੀਆਂ ਗਤੀਵਿਧੀਆਂ

ਕੇਂਦਰ ਵਿੱਚ ਭਾਜਪਾ ਹਕੂਮਤ ਆਪਣੇ ਫਾਸ਼ੀਵਾਦ ਦੇ ਏਜੰਡੇ ਦੇ ਤਹਿਤ ਇਸ ਮੁਲਕ ਵਿੱਚ ਜਮੂਹਰੀ ਹੱਕਾਂ ਦਾ ਘਾਣ ਕਰਦੇ ਹੋਏ ਘੱਟ ਗਿਣਤੀਆਂ, ਕਮਿਊਨਿਸਟਾਂ, ਬੁੱਧੀਜੀਵੀਆਂ ਅਤੇ ਔਰਤਾਂ ਦੇ ਖਿਲਾਫ ਆਪਣੇ ਜ਼ੁਲਮ ਦਾ ਕੁਹਾੜਾ ਲਗਾਤਾਰ ਤੇਜ਼ ਕੀਤਾ ਜਾ ਰਿਹਾ ਹੈ। ਭਾਜਪਾ ਦੇ ਇਸ ਅਜੰਡੇ ਖਿਲਾਫ਼ ਭਾਰਤੀ ਲੋਕਾਂ ਖਾਸ ਕਰ ਔਰਤਾਂ ਅਤੇ ਨੌਜਵਾਨਾਂ ਦੀ CAA , NRC ਅਤੇ NPR ਵਿਰੋਧੀ ਲਹਿਰ ਇੱਕ ਚਿੰਤਾ ਦਾ ਸਬੱਬ ਬਣ ਗਈ ਸੀ ਪਰ ਕਰੋਨਾ ਵਰਗੀ ਮਹਾਂਮਾਰੀ ਇਸ ਫਾਸ਼ੀਵਾਦੀ ਟੋਲੇ ਲਈ ਸੰਜੀਵਨੀ ਬੂਟੀ ਬਣ ਕੇ ਬਹੁੜੀ। ਉਨਾਂ ਇਸ ਦੀ ਆੜ ਹੇਠ ਦੇਸ਼ ਵਿੱਚ ਲਾਕਡਾਊਨ ਠੋਸ ਦਿੱਤਾ। ਇਸ ਲਾਕਡਾਊਨ ਦੀ ਆੜ ਹੇਠ NRC,

NPR ਅਤੇ CAA ਪ੍ਰਦਰਸ਼ਨਾਂ ਨੂੰ ਖਤਮ ਕਰਵਾ ਕੇ ਲਗਾਤਾਰ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਕਮਿਊਨਿਸਟਾਂ ਉੱਪਰ ਝੂਠੇ ਦੇਸ਼ ਧਰੋਹ ਵਰਗੇ ਪਰਚੇ ਪਾ ਕੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ।

ਇਸ ਲਾਕਡਾਊਨ ਨੇ ਜਿੱਥੇ ਸਰਕਾਰ ਦਾ ਹੀਜ਼ ਪਿਆਜ ਨੰਗਾ ਕੀਤਾ ਹੈ। ਦੂਜੇ ਪਾਸੇ ਔਰਤ ਵਰਗ ਦੇ ਖਿਲਾਫ਼ ਹਿੰਸਾ ਦਾ ਨਵਾਂ ਦੌਰ ਲੈ ਕੇ ਆਇਆ ਹੈ। ਔਰਤ ਵਰਗ ਉੱਪਰ ਘਰੇਲੂ ਕੰਮ ਕਾਰਾਂ ਅਤੇ ਘਰੇਲੂ ਹਿੰਸਾ ਵਿੱਚ ਵੱਡੀ ਪੱਧਰ ਉੱਪਰ ਇਜ਼ਾਫਾ ਹੋਇਆ ਹੈ। ਅਜਿਹੇ ਸਮੇਂ ਵਿੱਚ ਇਸਤਰੀ ਜਾਗ੍ਰਿਤੀ ਮੰਚ ਦੁਆਰਾ ਨਵਾਂਸ਼ਹਿਰ, ਜਲੰਧਰ ਬਰਨਾਲਾ ਅਤੇ ਪਟਿਆਲੇ ਬੁੱਧੀਜੀਵੀਆਂ ਪ੍ਰੋਫੈਸਰ ਗੌਤਮ ਨਵਲੱਖਾ, ਡਾਕਟਰ ਆਨੰਦ ਤੇਲਤੂੰਬੜੇ, ਅਰੁਨ ਫਰੇਰਾ, ਸੁਧਾ ਭਾਰਦਵਾਜ, ਵਰਵਰਾ ਰਾਓ, ਪ੍ਰੋਫੈਸਰ ਸਾਈਂ ਬਾਬਾ, ਸਫੂਰਾ ਜਰਗਰ, ਮੀਰਾ ਹੈਦਰ, ਸੁਰਿੰਦਰ ਗੈਡਲਿੰਗ ਉੱਪਰ ਪਾਏ ਝੂਠੇ ਪਰਚੇ ਰੱਦ ਕਰਕੇ ਉਨ੍ਹਾਂ ਦੀ ਰਿਹਾਈ ਦੀ ਮੰਗ ਕੀਤੀ ਗਈ।

ਨਾਲੋ-ਨਾਲ ਘਰੇਲੂ ਹਿੰਸਾ ਦੀਆਂ ਵਧ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਇਸ ਦੇ ਖਿਲਾਫ ਦੋ ਮਈ ਨੂੰ ਪਟਿਆਲਾ, ਸੰਗਰੂਰ, ਬਰਨਾਲਾ, ਜਲੰਧਰ, ਮੁਕਤਸਰ, ਫਰੀਦਕੋਟ ਆਦਿ ਜ਼ਿਲ੍ਹਿਆਂ 'ਚ ਇਸ ਦੇ ਖਿਲਾਫ਼ ਸਰੀਰਕ ਦੂਰੀ ਰੱਖਦਿਆਂ ਹੱਥਾਂ ਵਿੱਚ ਨਾਅਰਿਆਂ ਵਾਲੇ ਚਾਰਟ ਫੜ ਕੇ ਇਸ ਦੇ ਖਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਸੂਬੇ ਵਿੱਚ ਲਗਭਗ ਤਿੰਨ ਦਰਜਨ ਥਾਵਾਂ ਉੱਪਰ ਸਮੂਹਿਕ ਰੂਪ ਵਿੱਚ ਲਾਗੂ ਹੋਏ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਘਰੇਲੂ ਕੰਮਾਂ ਦੀ ਮੁੜ ਵੰਡ ਦੇ ਮਸਲੇ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ। ਅੱਜ ਜਦੋਂ ਸਾਡੇ ਮਰਦ ਸਾਥੀ ਵੀ ਘਰਾਂ ਅੰਦਰ ਹਨ ਪਰ ਉਨ੍ਹਾਂ ਨੂੰ ਇਹ ਅਹਿਸਾਸ ਨਾ ਹੋਣਾ ਕਿ ਘਰੇਲੂ ਕੰਮਾਂ 'ਚ ਉਨ੍ਹਾਂ ਦੀ ਵੀ ਕੋਈ ਹਿੱਸੇਦਾਰੀ ਹੈ, ਸਪੱਸ਼ਟ ਕਰਦਾ ਹੈ ਕਿ ਪਿਤਰੀ ਸੱਤਾ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਕਿੰਨੀਆਂ ਡੂੰਘੀਆਂ ਹਨ। ਸਮੁੱਚੇ ਸਮਾਜ ਦੇ ਨਾਲ ਸਟੇਟ ਮਸ਼ੀਨਰੀ ਦੁਆਰਾ ਔਰਤਾਂ ਖਿਲਾਫ਼ ਪਿੱਤਰੀ ਵਤੀਰੇ ਦਾ ਵਿਰੋਧ ਕਰਦੇ ਹੋਏ ਇਹ ਹਿੰਸਾ ਬੰਦ ਕਰਨ ਦੇ ਨਾਲ-ਨਾਲ ਸਰਕਾਰ ਦੁਆਰਾ ਜਾਰੀ ਕੀਤੀ ਹੈਲਪਲਾਈਨ 112 'ਤੇ ਦਰਜ ਸ਼ਿਕਾਇਤ ਨੂੰ FIR ਮੰਨਿਆ ਜਾਵੇ ਆਦਿ ਮੰਗਾਂ ਵੀ ਉਠਾਈਆਂ ਗਈਆਂ।

ਸਰਕਾਰ ਦੁਆਰਾ ਪੰਜਾਬ ਅੰਦਰ ਠੇਕੇ ਖੋਲ੍ਹਣ ਦੇ ਫ਼ੈਸਲੇ ਦੇ ਵਿਰੋਧ ਵਿੱਚ ਪਟਿਆਲਾ ਅਤੇ ਜਲੰਧਰ ਵਿੱਚ ਪੰਜ ਥਾਵਾਂ ਉੱਪਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੇ ਖਿਲਾਫ਼ ਆਗੂਆਂ ਨੇ ਕਿਹਾ ਕਿ ਇਹ ਜਿੱਥੇ ਸਾਡੇ ਸਮਾਜ ਦੀਆਂ ਔਰਤਾਂ ਖਿਲਾਫ ਘਰੇਲੂ ਹਿੰਸਾ 'ਚ ਵਾਧਾ ਕਰਨ ਵਾਲਾ ਕਾਰਕ ਬਣੇਗਾ ਉੱਥੇ ਦੂਜੇ ਪਾਸੇ ਆਮ ਲੋਕਾਂ ਦੀ ਜੇਬ ਜੋ ਪਹਿਲਾਂ ਹੀ ਖਾਲੀ ਹੋਈ ਹੈ, ਉਨ੍ਹਾਂ ਦੀ ਆਰਥਿਕਤਾ ਨੂੰ ਹੋਰ ਕਮਜ਼ੋਰ ਕਰੇਗਾ। ਉਨ੍ਹਾਂ ਕਿਹਾ ਕਿ ਆਮਦਨ ਇਕੱਠੀ ਕਰਨ ਲਈ ਸਰਕਾਰ ਦੁਆਰਾ ਭੂਮੀਪਤੀ ਅਤੇ ਪੂੰਜੀਪਤੀਆਂ ਉੱਪਰ ਟੈਕਸ ਲਗਾਉਣੇ ਚਾਹੀਦੇ ਹਨ ਜੋ ਸੰਕਟ ਸਮੇਂ ਹੋਰ ਵੀ ਹੋਰ ਅਮੀਰ ਹੋ ਰਹੇ ਹਨ।

ਇਹ ਪ੍ਰਦਰਸ਼ਨ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਮੀਤ ਪ੍ਰਧਾਨ ਚਰਨਜੀਤ ਕੌਰ, ਸਕੱਤਰ ਅਮਨਦੀਪ ਕੌਰ, ਪ੍ਰੈੱਸ ਸਕੱਤਰ ਜਸਵੀਰ ਜੱਸੀ, ਖਜ਼ਾਨਚੀ ਅਨੀਤਾ, ਹਰਪ੍ਰੀਤ ਕੌਰ ਤੋਂ ਬਿਨਾਂ ਜ਼ਿਲ੍ਹਾ ਟੀਮਾਂ ਸੁਮਨ, ਸਪਨਾ, ਕੁਲਦੀਪ ਕੌਰ ਰੋਹਟੀ, ਕਿਰਨਜੀਤ ਕੌਰ, ਸੰਦੀਪ ਕੌਰ, ਗਮਦੂਰ ਕੌਰ, ਮਮਤਾ ਸੇਖਾ, ਅਮਨਦੀਪ ਕੌਰ ਖੇੜੀ, ਬਲਵਿੰਦਰ ਕੌਰ ਆਦਿ ਦੀ ਅਗਵਾਈ ਹੇਠ ਹੋਏ।

## ਮਿਡ-ਡੇ-ਮੀਲ ਵਰਕਰਾਂ ਨੇ ਪੰਜਾਬ ਸਰਕਾਰ 'ਤੇ ਲੌਕਡਾਊਨ ਦੌਰਾਨ ਵਰਕਰਾਂ ਨੂੰ ਭੁੱਖੇ ਮਾਰਨ ਦਾ ਲਗਾਇਆ ਦੋਸ਼

ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਹਜ਼ਾਰਾਂ ਮਿਡ-ਡੇ-ਮੀਲ ਵਰਕਰਾਂ ਨੇ ਆਪਣੇ-ਆਪਣੇ ਪਿੰਡਾਂ ਵਿੱਚ ਇਕੱਠੇ ਹੋਕੇ ਪੰਜਾਬ ਸਰਕਾਰ ਦੇ ਖ਼ਿਲਾਫ ਰੋਸ ਮੁਜ਼ਾਹਰੇ ਕਰਕੇ 11 ਮਈ ਤੋਂ 17 ਮਈ ਤੱਕ ਰੋਸ ਹਫ਼ਤਾ ਮਨਾਇਆ। ਜਿਸ ਵਿੱਚ ਵਰਕਰਾਂ ਨੇ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਟਿਆਲਾ, ਫ਼ਰੀਦਕੋਟ, ਮੁਕਤਸਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਬਠਿੰਡਾ, ਬਰਨਾਲਾ, ਮਾਨਸਾ, ਫਤਹਿਗੜ੍ਹ ਸਾਹਿਬ, ਨਵਾਂਸ਼ਹਿਰ ਅਤੇ ਸੰਗਰੂਰ ਆਦਿ ਜ਼ਿਲ੍ਹਿਆਂ ਅੰਦਰ 18 ਹਜ਼ਾਰ ਤੋਂ ਵਧੇਰੇ ਵਰਕਰਾਂ ਨੇ 2500 ਤੋਂ ਵਧੇਰੇ ਥਾਵਾਂ 'ਤੇ ਪ੍ਰਦਰਸ਼ਨ ਕਰਕੇ ਜਿੱਥੇ ਆਪਣੀਆਂ ਮੰਗਾਂ ਨੂੰ ਉਭਾਰਿਆ ਉੱਥੇ ਹੀ ਜਬਰੀ ਅਤੇ ਗੈਰ-ਵਿਗਿਆਨਕ ਤਰੀਕੇ ਨਾਲ ਕੀਤੇ ਗਏ ਲੌਕਡਾਊਨ ਨੂੰ ਵੀ ਤੋੜਿਆ।

ਪੰਜਾਬ ਅੰਦਰ ਵੱਖ-ਵੱਖ ਥਾਵਾਂ 'ਤੇ ਮੁਜ਼ਾਹਰਿਆਂ ਵਿੱਚ ਬੋਲਦਿਆਂ ਯੂਨੀਅਨ ਆਗੂ ਲਖਵਿੰਦਰ ਕੌਰ ਫਰੀਦਕੋਟ, ਮਮਤਾ ਸ਼ਰਮਾ, ਪਰਵੀਨ ਸ਼ਰਮਾ, ਕਰਮਜੀਤ ਕੌਰ ਬਠਿੰਡਾ, ਰਮਨਜੀਤ ਕੌਰ ਮੁਕਤਸਰ, ਪਿੰਕੀ ਪਟਿਆਲਾ, ਸਰਬਜੀਤ ਕੌਰ ਭੋਰਛੀ, ਕੁਲਵਿੰਦਰ ਕੌਰ ਜਲੰਧਰ, ਰਾਜ ਰਾਣੀ ਲੁਧਿਆਣਾ, ਰੁਪਿੰਦਰ ਕੌਰ ਫਰੀਦਕੋਟ, ਕਿਰਨਪ੍ਰੀਤ ਕੌਰ ਤਰਨਤਾਰਨ, ਆਸ਼ਾ ਰਾਣੀ ਭਵਾਨੀਗੜ੍ਹ, ਪਰਮਜੀਤ ਕੌਰ ਫਗਵਾੜਾ, ਅਨੂਪਜੀਤ ਕੌਰ ਫਤਹਿਗੜ੍ਹ ਅਤੇ ਗੁਰਪ੍ਰੀਤ ਕੌਰ ਗੁਰਦਾਸਪੁਰ ਨੇ ਕਿਹਾ ਕਿ ਮਿਡ-ਡੇ-ਮੀਲ ਵਰਕਰਾਂ ਸਕੂਲਾਂ ਅੰਦਰ ਸਿਰਫ 1700 ਰੁਪਏ ਪ੍ਰਤੀ ਮਹੀਨਾ 'ਤੇ ਕੰਮ ਕਰਦੀਆਂ ਹਨ ਅਤੇ ਆਪਣਾ ਗੁਜ਼ਾਰਾ ਕਰਨ ਲਈ ਉਹਨਾਂ ਨੂੰ ਲੋਕਾਂ ਦੇ ਘਰਾਂ ਵਿੱਚ ਸਾਫ਼-ਸਫ਼ਾਈ ਅਤੇ ਖ਼ੇਤ ਮਜ਼ਦੂਰੀ ਦਾ ਕੰਮ ਵੀ ਕਰਨਾ ਪੈਂਦਾ ਹੈ, ਜੋ ਕਿ ਲਾਕਡਾਊਨ ਦੌਰਾਨ ਠੱਪ ਹੋ ਗਿਆ ਹੈ।

ਵੱਖ-ਵੱਖ ਥਾਵਾਂ 'ਤੇ ਕੀਤੇ ਗਏ ਰੋਸ ਪ੍ਰਦਰਸ਼ਨਾਂ ਵਿੱਚ

ਸ਼ਾਮਿਲ ਹੋਈਆਂ ਮਿਡ-ਡੇ-ਮੀਲ ਵਰਕਰਾਂ ਨੇ ਆਪਣੀ ਪੀੜਾ ਦੱਸਦਿਆਂ ਕਿਹਾ ਕਿ, "ਕਰੋਨਾ ਲੌਕਡਾਊਨ ਅਤੇ ਕਰਫਿਊ ਦੇ ਸਮੇਂ ਵਿੱਚ ਸਾਡੇ ਪਰਿਵਾਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਇੱਕ ਤਾਂ ਪੰਜਾਬ ਸਰਕਾਰ ਨੇ ਗ਼ਰੀਬ ਵਰਕਰਾਂ ਦੀ ਮਾਰਚ ਮਹੀਨੇ ਦੀ ਤਨਖਾਹ ਕੱਟ ਲਈ ਹੈ, ਦੂਸਰਾ 'ਕਰੋਨਾ ਵਾਇਰਸ' ਦੇ ਫੈਲਣ ਦੇ ਡਰ ਕਾਰਨ ਲੋਕਾਂ ਨੇ ਵੀ ਸਾਨੂੰ ਆਪਣੇ ਘਰਾਂ ਅਤੇ ਖੇਤਾਂ ਅੰਦਰ ਕੰਮ ਕਰਨ ਤੋਂ ਰੋਕ ਦਿੱਤਾ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਇਸ ਬਾਬਤ ਸਰਕਾਰ ਵਰਕਰਾਂ ਦੀ ਮਾਰਚ ਮਹੀਨੇ ਦੀ ਤਨਖਾਹ ਦੇਣ ਅਤੇ ਲੌਕਡਾਊਨ ਸਮੇਂ ਦੌਰਾਨ 3000/- ਰੁਪਏ ਗੁਜ਼ਾਰਾ ਭੱਤਾ ਦੇਵੇ, ਪਰ ਪੰਜਾਬ ਸਰਕਾਰ ਸਾਡੇ ਵੱਲ ਕੋਈ ਧਿਆਨ ਨਹੀਂ ਦੇ ਰਹੀ।

ਯੂਨੀਅਨ ਨੇ ਮੰਗ ਕੀਤੀ ਕਿ ਮਿਡ-ਡੇ-ਮੀਲ ਵਰਕਰਾਂ ਨੂੰ ਮਾਰਚ 2020 ਦੀ ਤਨਖਾਹ ਦਿੱਤੀ ਜਾਵੇ, ਪੰਜਾਬ ਸਰਕਾਰ ਵੱਲੋਂ ਅਪ੍ਰੈਲ 2020 ਤੋਂ ਵਰਕਰਾਂ ਨੂੰ 3 ਹਜ਼ਾਰ ਰੁਪਏ ਤਨਖਾਹ ਸਾਲ ਵਿੱਚ 12 ਮਹੀਨੇ ਦੇਣ ਦੇ ਕੀਤੇ ਗਏ ਆਪਣੇ ਵਾਅਦੇ ਨੂੰ ਤੁਰੰਤ ਪੂਰਾ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਵਰਕਰਾਂ 'ਤੇ ਘੱਟੋ-ਘੱਟ ਉਜ਼ਰਤਾਂ ਲਾਗੂ ਕਰਕੇ 9958 ਰੁਪਏ ਤਨਖਾਹ ਦਿੱਤੀ ਜਾਵੇ। ਵੱਖ-ਵੱਖ ਥਾਵਾਂ ਤੇ ਕੀਤੀਆਂ ਗਈਆਂ ਮੁਹੱਲਾ ਰੈਲੀਆਂ ਵਿੱਚ ਮਿਡ-ਡੇ-ਮੀਲ ਵਰਕਰ ਆਗੂਆਂ ਤੋਂ ਇਲਾਵਾ ਡੀ.ਐਮ.ਐਫ. ਦੇ ਜਨਰਲ ਸਕੱਤਰ ਜਰਮਨਜੀਤ ਸਿੰਘ, ਅਮਰਜੀਤ ਸ਼ਾਸ਼ਤਰੀ, ਦਵਿੰਦਰ ਸਿੰਘ ਪੂਨੀਆ, ਜਸਵਿੰਦਰ ਝਬੇਲਵਾਲੀ, ਗੁਰਜੀਤ ਸਿੰਘ ਘੱਗਾ, ਅਤਿੰਦਰਪਾਲ, ਸੁਖਵਿੰਦਰ ਸਿੰਘ ਲੀਲ੍ਹ, ਮੁਕੇਸ਼ ਗੁਜਰਾਤੀ, ਵਿਕਰਮਦੇਵ ਸਿੰਘ, ਪ੍ਰਕਾਸ਼ ਸਿੰਘ ਥੋਥੀਆਂ, ਕਰਮਜੀਤ ਸਿੰਘ ਕਲੇਰ, ਪਵਨ ਮੁਕਤਸਰ, ਜੁਗਰਾਜ ਸਿੰਘ ਟੱਲੇਵਾਲ, ਸਿਕੰਦਰ ਸਿੰਘ ਧਾਲੀਵਾਲ, ਬਲਬੀਰ ਸਿੰਘ ਸਿਵੀਆਂ, ਹਰਦੀਪ ਟੋਡਰਪੁਰ, ਦੀਪਕ ਕੁਮਾਰ ਫ਼ਰੀਦਕੋਟ, ਓਮ ਪ੍ਰਕਾਸ਼ ਮਾਨਸਾ, ਅਸ਼ਵਨੀ ਅਵਸਥੀ, ਉਪਕਾਰ ਸਿੰਘ ਗੁਰਦਾਸਪੁਰ, ਪਰਮਜੀਤ ਕੌਰ ਮਾਨ, ਗੁਰਮੁਖ ਸਿੰਘ ਫਗਵਾੜਾ ਅਤੇ ਸੁਖਚੈਨ ਸਿੰਘ ਕਪੂਰਥਲਾ ਸਮੇਤ ਕਈ ਹੋਰ ਆਗੂਆਂ ਨੇ ਵੀ ਹਿੱਸਾ ਲਿਆ।

## ਸੂਬੇ ਦੀਆਂ ਹਜ਼ਾਰਾਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਲੌਕਡਾਊਨ ਵਿੱਚ ਪੰਜਾਬ ਸਰਕਾਰ ਵਿਰੁੱਧ ਝੰਡੇ ਲਹਿਰਾ ਕੇ ਤਿੰਨ ਪੜਾਵੀ ਸੰਘਰਸ਼ ਨੂੰ ਮਘਾਇਆ

ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਦੇ ਸੂਬਾਈ ਫੈਸਲੇ ਅਨੁਸਾਰ ਸਿਹਤ ਵਿਭਾਗ ਵਿੱਚ ਪਿਛਲੇ 14-14 ਸਾਲਾਂ ਤੋਂ ਨਿਗੂਣੇ ਭੱਤਿਆਂ 'ਤੇ ਸੇਵਾਵਾਂ ਨਿਭਾਅ ਰਹੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਸਰਕਾਰ ਵੱਲੋਂ ਉਹਨਾਂ ਨੂੰ ਅੱਖੋਂ ਪਰੋਖੇ ਕਰਨ ਅਤੇ ਘੱਟੋ ਘੱਟ ਉਜ਼ਰਤਾਂ ਨਾ ਦੇਣ ਦੇ ਰੋਸ ਵਜੋਂ 24 ਅਪ੍ਰੈਲ ਤੋਂ ਕਾਲੇ ਦੁਪੱਟੇ ਲੈ ਕੇ ਘਰ-ਘਰ ਸਰਵੇਖਣ ਕਰਨ ਦਾ ਫੈਸਲਾ ਕੀਤਾ ਅਤੇ 27 ਅਪ੍ਰੈਲ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 2100 ਤੋਂ ਵਧੇਰੇ ਸਬ ਸੈਂਟਰਾਂ ਵਿਖੇ ਸਿਰਾਂ 'ਤੇ ਕਾਲੀਆਂ ਚੁੰਨੀਆਂ ਲੈ ਕੇ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਜਥੇਬੰਦੀ ਦੇ ਝੰਡੇ ਲਹਿਰਾਉਣ ਅਤੇ ਆਪਣੀਆਂ ਮੰਗਾਂ ਮਨਵਾਉਣ ਲਈ ਕਰੋਨਾ ਦੀ ਐਮਰਜੈਂਸੀ ਡਿਊਟੀ ਦੇ ਨਾਲ ਨਾਲ ਸੰਘਰਸ਼ ਦਾ ਬਿਗੁਲ ਵਜਾਇਆ। ਜਿਸ ਵਿੱਚ ਪੰਜਾਬ ਦੇ 17 ਜ਼ਿਲ੍ਹਿਆਂ ਦੇ 120 ਕਮਿਊਨਿਟੀ ਸਿਹਤ ਕੇਂਦਰਾਂ ਅਤੇ 350 ਮੁੱਢਲੇ ਸਿਹਤ ਕੇਂਦਰਾਂ ਨਾਲ ਜੁੜੇ ਹੋਏ 8 ਹਜ਼ਾਰ ਤੋਂ ਵਧੇਰੇ ਪਿੰਡਾਂ ਅਤੇ ਸ਼ਹਿਰੀ ਮੁਹੱਲਿਆਂ ਦੀਆਂ 16 ਹਜ਼ਾਰ ਤੋਂ ਵਧੇਰੇ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੇ ਸ਼ਮੂਲੀਅਤ ਕੀਤੀ।

ਸੰਘਰਸ਼ ਦੀ ਲੋੜ ਬਾਰੇ ਸੂਬਾਈ ਪ੍ਰਧਾਨ ਅਮਰਜੀਤ ਕੌਰ ਕੰਮੇਆਣਾ ਅਤੇ ਜਨਰਲ ਸਕੱਤਰ ਪਰਮਜੀਤ ਕੌਰ ਮਾਨ ਨੇ ਦੱਸਿਆ ਕਿ ਕਰੋਨਾ ਵਾਇਰਸ ਦੇ ਖ਼ਤਰੇ ਨਾਲ ਪਹਿਲੀ ਕਤਾਰ ਵਿੱਚ ਜੂਝ ਰਹੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਮਾਸਕ, ਦਸਤਾਨੇ ਅਤੇ ਹੋਰ ਸੇਫਟੀ ਕਿੱਟਾਂ ਦੀ ਘਾਟ ਦੇ ਬਾਵਜੂਦ ਵੀ ਆਪਣੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਘਰੋ-ਘਰੀ ਜਾ ਕੇ ਸਰਵੇਖਣ ਕਰ ਰਹੀਆਂ ਹਨ।

ਕੇਂਦਰ ਸਰਕਾਰ ਵੱਲੋਂ 2020-21 ਵਿੱਚ ਜੀ.ਡੀ.ਪੀ. ਦਾ ਕੇਵਲ 0.98% ਬਜਟ ਸਿਹਤ ਸੇਵਾਵਾਂ ਲਈ ਰੱਖਿਆ ਗਿਆ ਹੈ, ਜੋ ਕਿ ਇੱਕ ਫੀਸਦੀ ਤੋਂ ਵੀ ਘੱਟ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਸਿਹਤ ਸੇਵਾਵਾਂ ਲਈ ਕੇਵਲ 3778 ਕਰੋੜ ਰੱਖੇ ਗਏ ਹਨ ਜੋ ਕਿ ਸੂਬੇ ਦੀ ਜੀ.ਡੀ.ਪੀ. ਦਾ ਕੇਵਲ ਅੱਧਾ ਪ੍ਰਤੀਸ਼ਤ ਬਜਟ (0.58%) ਬਣਦੇ ਹਨ। ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਨੇ ਰਲ ਮਿਲ ਕੇ ਸੂਬੇ ਵਿੱਚ ਸਿਹਤ ਸੇਵਾਵਾਂ ਦਾ ਭੱਠਾ ਬਿਠਾ ਦਿੱਤਾ ਹੈ।

ਆਗੂਆਂ ਨੇ ਕਿਹਾ ਕਿ ਕਰੋਨਾ ਤੋਂ ਬਚਾਅ ਲਈ ਸੂਬੇ ਭਰ ਦੇ ਹਸਪਤਾਲਾਂ ਅਤੇ ਮੁਢਲੇ ਸਿਹਤ ਕੇਂਦਰਾਂ ਨੂੰ ਸਰਕਾਰ ਵੱਲੋਂ ਸੇਫਟੀ ਕਿੱਟਾਂ ਦੀ ਲੋੜ ਅਨੁਸਾਰ ਪੂਰੀ ਸਪਲਾਈ ਨਾ ਭੇਜਣ ਦਾ ਖਮਿਆਜਾ ਸਭ ਤੋਂ ਹੇਠਲੇ ਪੱਧਰ 'ਤੇ ਕੰਮ ਕਰ ਰਹੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਸੈਂਕੜੇ ਆਸ਼ਾ ਵਰਕਰਾਂ ਆਪਣੇ ਦੁਪੱਟਿਆਂ ਨਾਲ ਮੂੰਹ ਢਕ ਕੇ ਕੰਮ ਕਰਨ ਲਈ ਮਜ਼ਬੂਰ ਹਨ।

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਦੌਰਾਨ ਦਰਜਾ-4 ਵਰਕਰ ਦੀ 750/- ਰੁਪਏ ਦਿਹਾੜੀ 'ਤੇ ਆਰਜੀ ਭਰਤੀ ਕੀਤੀ ਜਾ ਰਹੀ ਹੈ, ਜਦਕਿ ਪਿੰਡਾਂ ਅਤੇ ਮੁਹੱਲਿਆਂ ਵਿੱਚ ਕਰੋਨਾ ਦਾ ਸਰਵੇ ਅਤੇ ਲੋਕਾਂ ਦੀ ਦੇਖ ਰੇਖ ਕਰ ਰਹੀਆਂ ਆਸ਼ਾ ਵਰਕਰਾਂ

ਨੂੰ 33/- ਰੁਪਏ ਅਤੇ ਫੈਸਿਲੀਟੇਟਰਾਂ ਨੂੰ 16/- ਰੁਪਏ ਦਿਹਾੜੀ ਦਿੱਤੀ ਜਾ ਰਹੀ ਹੈ।

ਰੋਸ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਹੋਈਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਰਜਿਸਟਰਡ ਉਸਾਰੀ ਕਾਮਿਆਂ ਵਾਂਗ ਅਗਲੇ ਤਿੰਨ ਮਹੀਨੇ ਲਈ ਪੰਜਾਬ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਪ੍ਰਤੀ ਮਹੀਨਾ 3000/- ਰੁਪਏ ਗੁਜ਼ਾਰਾ ਭੱਤਾ ਦਿੱਤਾ ਜਾਵੇ, ਐਮਰਜੈਂਸੀ ਭਰਤੀ ਕੀਤੇ ਗਏ ਆਰਜੀ ਦਰਜਾ-4 ਵਰਕਰਾਂ ਵਾਂਗ ਐਮਰਜੈਂਸੀ ਸੇਵਾਵਾਂ ਨਿਭਾਅ ਰਹੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਵੀ ਘੱਟੋ ਘੱਟ 750/- ਰੁਪਏ ਦਿਹਾੜੀ ਦਿੱਤੀ ਜਾਵੇ, ਆਸ਼ਾ ਵਰਕਰਾਂ ਨੂੰ ਲੋੜ ਅਨੁਸਾਰ ਮਾਸਕ, ਦਸਤਾਨੇ ਤੇ ਹੋਰ ਸੇਫਟੀ ਸਮਾਨ ਦਿੱਤਾ ਜਾਵੇ ਅਤੇ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ’ਤੇ ਘੱਟੋ-ਘੱਟ ਉਜ਼ਰਤਾਂ ਲਾਗੂ ਕਰਕੇ ਪੱਕਾ ਕੀਤਾ ਜਾਵੇ।

27 ਅਪ੍ਰੈਲ ਨੂੰ ਪੰਜਾਬ ਦੇ 2100 ਸਬ ਸੈਂਟਰਾਂ ’ਤੇ 16000 ਤੋਂ ਵਧੇਰੇ ਆਸ਼ਾ ਵਰਕਰਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨਾਂ ਵੱਲ ਪੰਜਾਬ ਸਰਕਾਰ ਵੱਲੋਂ ਹਾਂ ਪੱਖੀ ਹੁੰਗਾਰੇ ਦੀ ਉਡੀਕ ਕਰਨ ਤੋਂ ਬਾਅਦ ਯੂਨੀਅਨ ਨੇ 3 ਮਈ ਨੂੰ ਸੂਬਾ ਕਮੇਟੀ ਦੀ ਆਨ ਲਾਈਨ ਮੀਟਿੰਗ ਕਰਕੇ ਅੰਨੀ ਬੋਲੀ ਸਰਕਾਰ ਤੋਂ ਆਪਣੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਦੂਸਰੇ ਪੜਾਅ ਦੇ ਸੰਘਰਸ਼ ਵਿੱਚ 7 ਮਈ 2020 ਨੂੰ ਸੂਬਾ ਪੱਧਰੀ ਹੜਤਾਲ ਕਰਕੇ ਕੰਮ ਦੇ ਬਾਈਕਾਟ ਦਾ ਸੱਦਾ ਦਿੱਤਾ, ਜਿਸ ਨੂੰ ਕਬੂਲ ਕਰਦੇ ਹੋਏ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਹੜਤਾਲ ਦੀਆਂ ਜ਼ੋਰਦਾਰ ਤਿਆਰੀਆਂ ਆਰੰਭ ਕਰ ਦਿੱਤੀਆਂ ਅਤੇ ਹੜਤਾਲ ਦੇ ਨਾਅਰੇ ਅਤੇ ਮੰਗਾਂ ਦੇ ਪੋਸਟਰ ਤਿਆਰ ਕਰਨੇ ਸ਼ੁਰੂ ਕਰ ਦਿੱਤੇ।

ਇਸੇ ਦੌਰਾਨ 5 ਮਈ ਨੂੰ ਆਸ਼ਾ ਵਰਕਰਾਂ ਦੀਆਂ ਦੋ ਹੋਰ ਜਥੇਬੰਦੀਆਂ ਨੇ ਵੀ 7 ਮਈ ਦੀ ਹੜਤਾਲ ਕਰਨ ਦਾ ਫੈਸਲਾ ਕਰਨ ਦੇ ਬਿਆਨ ਜਾਰੀ ਕਰ ਦਿੱਤੇ ਤਾਂ ਜਥੇਬੰਦੀ ਨੇ ਹੜਤਾਲ ਦੇ ਵਧ ਰਹੇ ਦਾਇਰੇ ਦਾ ਸਵਾਗਤ ਕੀਤਾ। ਪਰ ਅਚਾਨਕ 6 ਮਈ ਨੂੰ ਉਕਤ ਦੋਵਾਂ ਯੂਨੀਅਨਾਂ ਦੀਆਂ ਆਗੂਆਂ ਨੇ ਆਪਣੇ ਆਪ ਹੀ 7 ਮਈ ਦੀ ਹੜਤਾਲ ਵਾਪਸ ਲੈ ਲਈ ਅਤੇ ਆਪਣੀਆਂ ਆਡੀਓ ਅਤੇ ਲਿਖਤੀ ਪੋਸਟਾਂ ਰਾਹੀਂ ਆਸ਼ਾ ਵਰਕਰਾਂ ਨੂੰ ਹੜਤਾਲ ਵਿੱਚ ਸ਼ਾਮਿਲ ਨਾ ਹੋਣ ਦੀਆਂ ਅਪੀਲਾਂ ਕਰਨ ਲੱਗ ਗਈਆਂ ਜੋ ਕਿ ਸਰਕਾਰ ਦੀ ਸ਼ਰੇਆਮ ਚਾਪਲੂਸੀ ਸੀ ਅਤੇ 21000 ਆਸ਼ਾ ਵਰਕਰਾਂ ਨਾਲ ਵਿਸ਼ਵਾਸ਼ਘਾਤ। ਸਿੱਟੇ ਵਜੋਂ ਪੰਜਾਬ ਦੇ ਸੈਂਕੜੇ ਪਿੰਡਾਂ ਦੀਆਂ ਵਰਕਰਾਂ ਹੜਤਾਲ ਨੂੰ ਲੈ ਕੇ ਭੰਬਲਭੂਸੇ ਵਿੱਚ ਪੈ ਗਈਆਂ।

ਇਸ ਦੇ ਬਾਵਜੂਦ ਵੀ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ 7 ਮਈ ਦੀ ਹੜਤਾਲ ’ਤੇ ਡਟੀ ਰਹੀ। ਜਿਸ ਕਾਰਨ 6 ਮਈ ਨੂੰ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਯੂਨੀਅਨ ਨਾਲ ਰਾਬਤਾ ਕਰਕੇ ਕੁਝ ਤਜਵੀਜਾਂ ਪੇਸ਼ ਕੀਤੀਆਂ ਗਈਆਂ ਕਿ ਹਰੇਕ ਵਰਕਰ ਅਤੇ ਫੈਸਿਲੀਟੇਟਰ ਨੂੰ ਜਨਵਰੀ 2020 ਤੋਂ ਜੂਨ 2020 ਤੱਕ ਕੇਂਦਰ ਸਰਕਾਰ ਵੱਲੋਂ 6 ਮਹੀਨਿਆਂ ਦੇ ਪ੍ਰਤੀ ਮਹੀਨਾ 1000/- ਰੁਪਏ ਦੇ ਹਿਸਾਬ ਨਾਲ 6000/- ਰੁਪਏ ਸਰਵੇਖਣ ਕਰਨ ਦੇ 7.50 ਰੁਪਏ ਪ੍ਰਤੀ ਘਰ ਦੇ ਹਿਸਾਬ ਨਾਲ ਕੁੱਲ 1500/- ਰੁਪਏ ਤਿੰਨ ਮਹੀਨੇ ਵਾਸਤੇ ਵੱਖਰੇ ਤੌਰ ਤੇ ਕਰੋਨਾ ਪੀੜਤ ਆਸ਼ਾ ਵਰਕਰਾਂ ਨੂੰ 10,000/- ਰੁਪਏ ਉੱਕਾ-ਪੁੱਕਾ ਮੌਤ ਹੋਣ ’ਤੇ 50 ਲੱਖ ਰੁਪਏ ਅਤੇ ਪਰਿਵਾਰਕ ਮੈਂਬਰ ਨੂੰ ਆਸ਼ਾ ਵਰਕਰ ਦਾ ਕੰਮ ਅਤੇ ਸਭ ਵਰਕਰਾਂ ਲਈ ਮਾਸਕ, ਦਸਤਾਨੇ ਅਤੇ ਹੋਰ ਸਮਾਨ ਦਿੱਤਾ ਜਾਵੇਗਾ। ਜਿਸ ’ਤੇ ਸੂਬਾ ਕਮੇਟੀ ਨੇ 7 ਮਈ ਦੀ ਹੜਤਾਲ ਨੂੰ ਮੁਲਤਵੀ ਕਰ ਦਿੱਤਾ।

ਇਸ ਤੋਂ ਬਾਅਦ ਜਥੇਬੰਦੀ ਦੀ ਸੂਬਾ ਕਮੇਟੀ ਨੇ ਤੀਸਰੇ ਪੜਾਅ ਦੇ ਸੰਘਰਸ਼ ਵਜੋਂ ਪੰਜਾਬ ਸਰਕਾਰ ਵਲੋਂ ਵਰਕਰਾਂ ਦੀਆਂ ਆਮ ਮੰਗਾਂ ਪ੍ਰਤੀ ਬੇਰੁਖੀ ਵਿਰੁੱਧ ਅਤੇ ਘੱਟੋ-ਘੱਟ ਉਜ਼ਰਤਾਂ ਦਾ ਪ੍ਰਬੰਧ ਕਰਨ ਸਮੇਤ ਹੋਰਨਾਂ ਹੱਕੀ ਮੰਗਾਂ ਦੇ ਹੱਲ ਲਈ 28 ਮਈ ਨੂੰ 2500 ਤੋਂ ਵਧੇਰੇ ਸਬ-ਸੈਂਟਰਾਂ ’ਤੇ ਰੋਹ ਭਰਪੂਰ ਰੋਸ ਪ੍ਰਦਰਸ਼ਨ ਕਰਕੇ ਸੰਘਰਸ਼ ਦੇ ਅਗਲੇ ਪੜਾਅ ਦਾ ਬਿਗੁਲ ਵਜਾਇਆ।

ਜਥੇਬੰਦੀ ਵਲੋਂ ਪੰਜਾਬ ਭਰ ’ਚ 15 ਮਈ ਨੂੰ ਡਿਪਟੀ ਕਮਿਸ਼ਨਰਾਂ ਅਤੇ ਸਿਵਲ ਸਰਜਨਾਂ ਰਾਹੀਂ ਕੇਂਦਰੀ ਅਤੇ ਸੂਬਾਈ ਸਿਹਤ ਮੰਤਰੀਆਂ ਵੱਲ ਮੰਗ ਪੱਤਰ ਭੇਜੇ ਗਏ ਅਤੇ 18 ਮਈ ਨੂੰ ਸਾਰੇ ਸੀਨੀਅਰ ਮੈਡੀਕਲ ਅਫਸਰਾਂ ਰਾਹੀਂ ਨੈਸ਼ਨਲ ਹੈਲਥ ਮਿਸ਼ਨ ਵੱਲ ਮੰਗ ਪੱਤਰ ਭੇਜੇ ਗਏ, ਜਿਸ ਕਾਰਨ 28 ਮਈ ਦੇ ਰੋਸ ਪ੍ਰਦਰਸ਼ਨਾਂ ਵਿੱਚ ਆਗੂਆਂ ਨੇ ਦੱਸਿਆ ਕਿ ਸਰਕਾਰ ਨੇ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਘੱਟੋ ਘੱਟ ਉਜਰਤਾਂ ਕਾਨੂੰਨ ਦੇ ਘੇਰੇ ਵਿੱਚ ਲਿਆ ਕੇ ਤਨਖਾਹਾਂ ਵਿੱਚ ਵਾਧਾ ਕਰਕੇ ਹੌਸਲਾ ਵਧਾਉਣ ਦੀ ਥਾਂ ਕੋਵਿਡ-19 ਨੂੰ ਡੰਡੇ ਦੇ ਜੋਰ ’ਤੇ ਲਾਗੂ ਕੀਤੇ ਕਰਫਿਊ ਤੇ ਤਾਲਾਬੰਦੀ ਰਾਹੀਂ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜਥੇਬੰਦੀ ਨੇ ਮੰਗ ਕੀਤੀ ਕਿ ਆਸ਼ਾ ਵਰਕਰਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇ ਕਾਨੂੰਨ ਹੇਠ ਲਿਆ ਕਿ ਪ੍ਰਤੀ ਮਹੀਨਾ 9958 ਰੁਪਏ ਅਤੇ ਫੈਸਿਲੀਟੇਟਰਾਂ ਨੂੰ ਆਂਗਨਵਾੜੀ ਸੁਪਰਵਾਈਜ਼ਰਾਂ ਦਾ ਸਕੇਲ ਦਿੱਤਾ ਜਾਵੇ। ਆਸ਼ਾ ਵਰਕਰਾਂ ਦੇ ਇਨਸੈਂਟਿਵਾਂ ਅਤੇ ਫੈਸਿਲੀਟੇਟਰਾਂ ਦੇ ਮਾਣ ਭੱਤਿਆਂ ਵਿੱਚ ਪ੍ਰਤੀ ਸਾਲ 20% ਦਾ ਵਾਧਾ ਕੀਤਾ ਜਾਵੇ। ਇਸ ਤੋਂ ਇਲਾਵਾ ਟੂਰ ਭੱਤਾ 250 ਰੁਪਏ ਪ੍ਰਤੀ ਟੂਰ, ਭੋਜਨ ਭੱਤਾ 50 ਰੁਪਏ ਰੋਜਾਨਾ ਅਤੇ ਫੈਸਿਲੀਟੇਟਰਾਂ ਨੂੰ ਰਿਕਾਰਡ ਰੱਖਣ ਦੇ 1000 ਰੁਪਏ ਪ੍ਰਤੀ ਮਹੀਨਾ ਅਲੱਗ ਤੋਂ ਦਿੱਤੇ ਜਾਣ। ਉਨ੍ਹਾਂ ਦੱਸਿਆ ਕਿ 5 ਲੱਖ ਰੁਪਏ ਦਾ ਮੁਫਤ ਬੀਮਾ ਲਾਗੂ ਕਰਵਾਉਣ, ਸਾਲ ਵਿੱਚ ਦੋ ਵਾਰ ਵਰਦੀ ਭੱਤਾ, ਵਰਕਰਾਂ ਦੀ ਨਜਾਇਜ਼ ਛਾਂਟੀ ਬੰਦ ਕਰਵਾਉਣ, ਪ੍ਰਾਵੀਡੈਂਟ ਫੰਡ ਦੀ ਸਹੂਲਤ, ਹਰੇਕ ਕਿਸਮ ਦੀਆਂ ਛੁੱਟੀਆਂ ਦੀ ਸਹੂਲਤ ਲਾਗੂ

ਕਰਵਾਉਣ ਅਤੇ ਮੋਬਾਈਲ ਭੱਤਾ ਲਾਗੂ ਕਰਵਾਉਣ ਸਮੇਤ ਮੰਗ ਪੱਤਰ ਵਿੱਚ ਦਰਜ਼ ਹੋਰਨਾਂ ਮੰਗਾਂ ਦੀ ਪੂਰਤੀ ਨਾ ਹੋਣ 'ਤੇ ਸੰਘਰਸ਼ ਨੂੰ ਹੋਰ ਵਧੇਰੇ ਤਿੱਖਾ ਕੀਤਾ ਜਾਵੇਗਾ।

ਵੱਖ-ਵੱਖ ਜ਼ਿਲ੍ਹਿਆਂ ਅੰਦਰ ਹੋਏ ਇਹਨਾਂ ਸਾਰੇ ਐਕਸ਼ਨਾਂ ਵਿੱਚ ਅਮਰਜੀਤ ਕੌਰ ਕੰਮੇਆਣਾ, ਪਰਮਜੀਤ ਕੌਰ ਮਾਨ, ਸ਼ਕੁੰਤਲਾ ਦੇਵੀ, ਸਰਬਜੀਤ ਕੌਰ ਮਚਾਕੀ, ਸਰਬਜੀਤ ਕੌਰ ਛੱਜਲਵੱਡੀ, ਮਨਦੀਪ ਕੌਰ ਬਿਲਗਾ, ਰਜਨੀ ਪਠਾਨਕੋਟ, ਰਾਜਵਿੰਦਰ ਕੌਰ ਗੁਰਦਾਸਪੁਰ, ਹਰਜੀਤ ਕੌਰ ਚੋਹਲਾ, ਲਖਵਿੰਦਰ ਕੌਰ ਨਾਰਲੀ, ਪੁਸ਼ਪਿੰਦਰ ਕੌਰ ਫਗਵਾੜਾ, ਕਰਮਜੀਤ ਕੌਰ ਮੁਕਤਸਰ, ਰਣਜੀਤ ਦੁਲਾਰੀ ਅੰਮ੍ਰਿਤਸਰ, ਗੁਰਜੀਤ ਕੌਰ ਸ਼ਾਹਕੋਟ, ਬਲਵਿੰਦਰ ਕੌਰ ਟਿੱਬਾ, ਕੁਲਵਿੰਦਰ ਕੌਰ ਫਗਵਾੜਾ, ਗੀਤਾ ਮੁਜ਼ੱਫਰਪੁਰ, ਅੰਮ੍ਰਿਤਪਾਲ ਕੌਰ ਜਲੰਧਰ, ਬਲਵਿੰਦਰ ਕੌਰ ਕਲਾਨੌਰ, ਸੁਰੰਜਨਾ ਬਠਿੰਡਾ, ਲਕਸ਼ਮੀ ਬਾਈ ਪੂਜਾ, ਸੁਖਵਿੰਦਰ ਕੌਰ ਪਟਿਆਲਾ, ਸਿਕੰਦਰ ਕੌਰ ਮੋਗਾ ਅਤੇ ਸ਼ਹਿਨਾਜ਼ ਅਖ਼ਤਰ ਪਠਾਨਕੋਟ ਤੋਂ ਇਲਾਵਾ ਅਤੇ ਡੀ.ਐਮ.ਐਫ. ਵੱਲੋਂ ਜਰਮਨਜੀਤ ਸਿੰਘ, ਅਮਰਜੀਤ ਸ਼ਾਸ਼ਤਰੀ, ਹਰਿੰਦਰ ਦੁਸਾਂਝ ਅਤੇ ਜਸਵਿੰਦਰ ਸਿੰਘ ਝਬੇਲਵਾਲੀ, ਹਰਦੀਪ ਸਿੰਘ ਟੋਡਰਪੁਰ, ਪਵਨ ਮੁਕਤਸਰ ਅਤੇ ਵਿਕਰਮਦੇਵ ਸਿੰਘ ਆਦਿ ਨੇ ਵੀ ਹਿੱਸਾ ਲਿਆ।

## ਡੈਮੋਕਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਸਰਕਾਰ 'ਤੇ ਵਰਕਰਾਂ ਨੂੰ ਧੋਖਾ ਦੇਣ ਅਤੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਦਾ ਦੋਸ਼

ਡੈਮੋਕਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਅੰਦਰ ਕਰੋਨਾ ਦੇ ਲੌਕਡਾਊਨ ਦੌਰਾਨ ਜੰਗਲਾਤ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਪੰਜਾਬ ਸਰਕਾਰ ਦੇ ਵਰਕਰ ਵਿਰੋਧੀ ਵਤੀਰੇ ਵਿਰੁੱਧ 21 ਮਈ ਤੋਂ 27 ਮਈ ਤੱਕ ਪੰਜਾਬ ਦੇ 7 ਵਣ ਮੰਡਲਾਂ ਅਧੀਨ ਕਰੀਬ 50 ਨਰਸਰੀਆਂ ਵਿਖੇ ਰੋਸ ਪ੍ਰਦਰਸ਼ਨ ਕੀਤੇ ਗਏ। ਯੂਨੀਅਨ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਸਿਵੀਆਂ ਨੇ ਕਿਹਾ ਕਿ ਜੰਗਲਾਤ ਵਿਭਾਗ ਵਿੱਚ ਕੱਚੇ ਵਰਕਰ ਪਿਛਲੇ 25-25 ਸਾਲਾਂ ਤੋਂ ਦਿਹਾੜੀਦਾਰ ਵਰਕਰਾਂ ਦੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਵਾਰ-ਵਾਰ ਲਾਰੇ ਲਾਉਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਪੱਕਾ ਨਹੀਂ ਕੀਤਾ ਗਿਆ ਸਗੋਂ ਕਰੋਨਾ ਲਾਕਡਾਊਨ ਦੀ ਆੜ ਹੇਠ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਵਿਰੋਧੀ ਫੈਸਲੇ ਲਏ ਗਏ ਹਨ। ਉਹਨਾਂ ਕਿਹਾ ਕਿ ਕਿਰਤ ਵਿਭਾਗ ਵੱਲੋਂ 1 ਮਾਰਚ 2020 ਤੋਂ ਪੰਜਾਬ ਦੇ ਕਿਰਤੀਆਂ ਦੀਆਂ ਉਜ਼ਰਤਾਂ ਵਿੱਚ ਵਾਧੇ ਦਾ ਜਾਰੀ ਕੀਤਾ ਗਿਆ ਪੱਤਰ ਪੰਜਾਬ ਸਰਕਾਰ ਵੱਲੋਂ ਮਿਤੀ 8 ਮਈ 2020 ਨੂੰ ਵਾਪਸ ਲੈ ਲਿਆ ਗਿਆ ਹੈ ਅਤੇ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 10 ਜਾਂ 12 ਘੰਟੇ ਕਰਨ ਬਾਰੇ ਤਜਵੀਜ਼ ਲਿਆਂਦੀ ਜਾ ਰਹੀ ਹੈ, ਜਿਸ ਨੂੰ ਜੰਗਲਾਤ ਕਾਮੇ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।

ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜੰਗਲਾਤ ਦੇ ਗ਼ਰੀਬ ਵਰਕਰਾਂ ਨੂੰ ਪਿਛਲੇ 2 ਮਹੀਨੇ ਤੋਂ ਤਨਖਾਹ ਵੀ ਨਹੀਂ ਦਿੱਤੀ ਜਦਕਿ ਜਥੇਬੰਦੀ ਨੇ ਲੌਕਡਾਊਨ ਸਮੇਂ ਦੌਰਾਨ ਵਰਕਰਾਂ ਨੂੰ 3000/- ਰੁਪਏ ਗੁਜ਼ਾਰਾ ਭੱਤਾ ਦੇਣ ਦੀ ਅਪੀਲ ਕੀਤੀ ਸੀ।

ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ 31 ਦਸੰਬਰ 2019 ਤੱਕ 3 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਸਾਰੇ ਜੰਗਲਾਤ ਵਰਕਰਾਂ ਨੂੰ ਪੱਕਾ ਕੀਤਾ ਜਾਵੇ, ਕਿਰਤ ਕਮਿਸ਼ਨਰ ਪੰਜਾਬ ਵੱਲੋਂ 1 ਮਾਰਚ 2020 ਤੋਂ ਵਰਕਰਾਂ ਦੀਆਂ ਘੱਟੋ-ਘੱਟ ਉਜ਼ਰਤਾਂ ਵਿੱਚ ਕੀਤੇ ਗਏ ਵਾਧੇ ਦੇ ਪੱਤਰ ਨੂੰ ਤੁਰੰਤ ਲਾਗੂ ਕੀਤਾ ਜਾਵੇ। ਕਿਰਤ ਕਾਨੂੰਨਾਂ ਵਿੱਚ ਕੀਤੀਆਂ ਜਾ ਰਹੀਆਂ ਮਜ਼ਦੂਰ ਵਿਰੋਧੀ ਸੋਧਾਂ ਨੂੰ ਰੱਦ ਕਰਕੇ ਹਰੇਕ ਮਜ਼ਦੂਰ ਦੀ ਘੱਟੋ-ਘੱਟ ਤਨਖਾਹ 18000/- ਰੁਪਏ ਫਿਕਸ ਕੀਤੀ ਜਾਵੇ, ਮਜ਼ਦੂਰਾਂ ਪਾਸੋਂ ਕਿਸੇ ਵੀ ਸੂਰਤ ਵਿੱਚ 8 ਘੰਟੇ ਤੋਂ ਵੱਧ ਕੰਮ ਨਾ ਲਿਆ ਜਾਵੇ, ਜੰਗਲਾਤ ਵਿਭਾਗ ਵੱਲੋਂ ਸਭ ਕੰਮਾਂ ਦੇ ਬਜਟ ਜਾਰੀ ਕੀਤੇ ਜਾਣ ਅਤੇ ਵਰਕਰਾਂ ਤੋਂ ਮਨਰੇਗਾ ਰਾਹੀਂ ਕੰਮ ਨਾ ਕਰਵਾਏ ਜਾਣ।

ਇਹਨਾਂ ਰੈਲੀਆਂ ਵਿੱਚ ਬਲਕਾਰ ਸਿੰਘ ਭੱਖੜਾ, ਬਲਬੀਰ ਸਿੰਘ ਗਿੱਲਾਂਵਾਲਾ, ਨਿਰਮਲ ਸਿੰਘ ਗੁਰਦਾਸਪੁਰ, ਹਰਿੰਦਰ ਐਮਾ ਅੰਮ੍ਰਿਤਸਰ, ਹਰਜੀਤ ਕੌਰ ਸਮਰਾਲਾ, ਸ਼ਿੰਦਰ ਸਿੰਘ ਮੁਕਤਸਰ, ਦੀਵਾਨ ਸਿੰਘ ਤਰਨਤਾਰਨ, ਜਗਸੀਰ ਸਿੰਘ ਮੁਕਤਸਰ, ਕੁਲਦੀਪ ਲਾਲ ਮੱਤੇਵਾੜਾ, ਗੁਰਪ੍ਰੀਤ ਸਿੰਘ ਮੋਗਾ, ਜਗਦੀਸ਼ ਫਾਜ਼ਿਲਕਾ, ਰਾਮ ਕੁਮਾਰ ਅਬੋਹਰ, ਦਵਿੰਦਰ ਸਿੰਘ ਕਾਦੀਆਂ, ਗੁਰਦੀਪ ਸਿੰਘ ਕਲੇਰ, ਰੂਪ ਸਿੰਘ ਫ਼ਰੀਦਕੋਟ ਅਤੇ ਬਲਜੀਤ ਸਿੰਘ ਦੋਰਾਹਾ ਸਮੇਤ ਡੀ.ਐਮ.ਐਫ. ਦੇ ਪ੍ਰਧਾਨ ਭੁਪਿੰਦਰ ਸਿੰਘ ਵੜੈਚ, ਜਨਰਲ ਸਕੱਤਰ ਜਰਮਨਜੀਤ ਸਿੰਘ, ਅਮਰਜੀਤ ਸ਼ਾਸ਼ਤਰੀ, ਜਸਵਿੰਦਰ ਸਿੰਘ ਝਬੇਲਵਾਲੀ, ਹਰਜਿੰਦਰ ਸਿੰਘ ਵਡਾਲਾ, ਪਵਨ ਮੁਕਤਸਰ, ਨਵਪ੍ਰੀਤ ਸਿੰਘ ਫਰੀਦਕੋਟ, ਪਰਮਜੀਤ ਕੌਰ ਮਾਨ ਅਤੇ ਸੁਖਵਿੰਦਰ ਸਿੰਘ ਲੀਲ ਆਦਿ ਨੇ ਹਿੱਸਾ ਲਿਆ।

## ਲਾਕਡਾਊਨ ਸਮੇਂ ਦੌਰਾਨ ਡੀ.ਟੀ.ਐਫ. ਪੰਜਾਬ ਦੀਆਂ ਸਰਗਰਮੀਆਂ

6 ਮਈ ਨੂੰ ਆਨਲਾਈਨ ਕਾਨਫਰੰਸ ਕਾਲ ਰਾਹੀਂ ਡੀ.ਟੀ.ਐਫ. ਪੰਜਾਬ ਸਕੱਤਰੇਤ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ, ਮੰਗਾਂ ਅਤੇ ਮਸਲਿਆਂ 'ਤੇ ਗੰਭੀਰ ਵਿਚਾਰ ਚਰਚਾ ਉਪਰੰਤ ਫੈਸਲਾ ਲਿਆ ਗਿਆ ਕਿ 8 ਮਈ ਨੂੰ ਸਮੁੱਚੇ ਪੰਜਾਬ ਦੇ ਜ਼ਿਲ੍ਹਾ ਕੇਂਦਰਾਂ 'ਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਅਤੇ ਡਿਪਟੀ ਕਮਿਸ਼ਨਰਾਂ ਰਾਹੀਂ

ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਭੇਜੇ ਜਾਣਗੇ।

ਮਸਲੇ ਹੱਲ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ਾਂ ਦਾ ਪਿੜ ਮਘਾਇਆ ਜਾਵੇਗਾ। ਪੰਜਾਬ ਦੇ 16 ਜ਼ਿਲ੍ਹਿਆਂ ਵਿੱਚ ਮੰਗ-ਪੱਤਰ ਦਿੱਤੇ ਗਏ, ਅਧਿਆਪਕਾਂ ਦੇ ਸਮਾਜਿਕ ਰੁਤਬੇ ਅਤੇ ਮਾਣ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਪੁਲਸ ਨਾਕਿਆਂ, ਅਨਾਜ ਮੰਡੀਆਂ ਤੇ ਫਲੱਡ ਸੈਂਟਰਾਂ ਵਿੱਚ ਲਗਾਤਾਰ ਬਾਰਾਂ-ਬਾਰਾਂ ਘੰਟੇ ਲਗਾਈਆਂ ਡਿਊਟੀਆਂ ਕਟਵਾਉਣ ਜਾਂ ਡਿਊਟੀ ਸਮਾਂ ਘੱਟ ਕਰਨ ਅਤੇ ਕਰੋਨਾ ਸੰਕਟ ਦੌਰਾਨ ਡਿਊਟੀ ਦੇ ਰਹੇ ਅਧਿਆਪਕਾਂ ’ਤੇ 50 ਲੱਖ ਦੀ ਐਕਸ ਗਰੇਸ਼ੀਆ (ਸਿਹਤ ਬੀਮਾ) ਸਕੀਮ ਲਾਗੂ ਕਰਾਉਣ ਦੀਆਂ ਮੰਗਾਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ। ਸਿੱਟੇ ਵਜੋਂ 9 ਮਈ ਨੂੰ ਹੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਡਿਊਟੀ ਦੇ ਰਹੇ ਸਾਰੇ ਮੁਲਾਜ਼ਮਾਂ ਨੂੰ ਕਰੋਨਾ ਵਾਰੀਅਰ ਮੰਨਦੇ ਹੋਏ ਕੋਵਿਡ-19 ਦੌਰਾਨ ਡਿਊਟੀ ਨਿਭਾ ਰਹੇ ਸਾਰੇ ਮੁਲਾਜ਼ਮਾਂ ’ਤੇ ਐਕਸ ਗਰੇਸ਼ੀਆ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ। ਸਰਕਾਰ ਵੱਲੋਂ ਇਸ ਮੰਗ ਦਾ ਮੰਨਿਆ ਜਾਣਾ ਡੀ.ਟੀ.ਐਫ. ਪੰਜਾਬ ਦੀ ਅੰਸ਼ਕ ਜਿੱਤ ਸੀ।

ਸਕੱਤਰੇਤ ਦੇ ਫੈਸਲਿਆਂ ਨੂੰ ਲਾਗੂ ਕਰਦਿਆਂ ‘ਕਰੋਨਾ ਸੰਕਟ ਬਾਰੇ ਡੀ.ਟੀ.ਐਫ. ਪੰਜਾਬ ਦਾ ਦ੍ਰਿਸ਼ਟੀਕੋਣ’ ਬਿਆਨ ਕਰਦਿਆਂ ਦੋਵਰਕੀ ਵੰਡੀ ਗਈ ਅਤੇ ਡੀ.ਟੀ.ਐਫ. ਪੰਜਾਬ ਦੇ ਸੂਬਾ ਜਰਨਲ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਵੱਲੋਂ ਫੇਸਬੁੱਕ ਉੱਤੇ ਲਾਈਵ ਹੋਕੇ ਕਰੋਨਾ ਸੰਕਟ ਸਬੰਧੀ ਡੀ.ਟੀ.ਐਫ. ਪੰਜਾਬ ਦਾ ਪੱਖ ਪੇਸ਼ ਕੀਤਾ ਗਿਆ।

19 ਮਈ ਨੂੰ ਅਧਿਆਪਕਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲੈ ਕੇ ਸੂਬਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਦੀ ਅਗਵਾਈ ਹੇਠ ਵਫਦ ਡੀ.ਪੀ.ਆਈ. (ਐਲੀ.) ਇੰਦਰਜੀਤ ਸਿੰਘ ਨੂੰ ਮਿਲ ਕੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਅਧਿਆਪਕਾਂ ਦੀਆਂ ਪਦ-ਉੱਨਤੀਆਂ ਅਤੇ ਹੋਰ ਮੰਗਾਂ ਨੂੰ ਤਰਕਪੂਰਨ ਢੰਗ ਨਾਲ ਉਠਾਇਆ ਗਿਆ। ਡੀ.ਪੀ.ਆਈ. ਵੱਲੋਂ ਕੁਝ ਮੰਗਾਂ ਨੂੰ ਮੌਕੇ ’ਤੇ ਹੀ ਪ੍ਰਵਾਨ ਕੀਤਾ ਗਿਆ ਅਤੇ ਇਸ ਸਬੰਧੀ ਵਿਭਾਗੀ ਚਿੱਠੀ-ਪੱਤਰ ਜਾਰੀ ਕਰ ਦਿੱਤਾ ਗਿਆ।

ਅਧਿਆਪਕਾਂ ਦੀ ਬੀ ਗ੍ਰੇਡ ਦੀ ਸਿੱਧੀ ਭਰਤੀ ਸਬੰਧੀ ਪੋਸਟ ਗ੍ਰੈਜੂਏਸ਼ਨ ਵਿੱਚੋਂ ਅੰਕਾਂ ਸਬੰਧੀ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਲਾਗੂ ਕਰਾਉਣ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੁੱਖ ਦਫਤਰ ਪਟਿਆਲਾ ਵਿਖੇ ਚੇਅਰਮੈਨ ਦੇ ਓ.ਐਸ.ਡੀ. ਅਵਤਾਰ ਸਿੰਘ ਬੇਗਾ ਨੂੰ ਸੂਬਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਅਤੇ ਸੀਨੀਅਰ ਮੀਤ ਪ੍ਰਧਾਨ ਵਿਕਰਮ ਦੇਵ ਦੀ ਅਗਵਾਈ ਹੇਠ ਵਫਦ ਮਿਲਿਆ, ਕਮਿਸ਼ਨ ਵੱਲੋਂ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੀ ਮੰਗ ਮੰਨ ਲਈ ਗਈ ਅਤੇ ਅਪਲਾਈ ਕਰਨ ਦੀ ਤਰੀਕ ਵਿੱਚ ਵੀ ਵਾਧਾ ਕਰ ਦਿੱਤਾ ਗਿਆ।

ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਾਬ ਫ਼ੈਕਟਰੀਆਂ ਦੀ ਨਿਗਰਾਨੀ ਲਈ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ, ਜਿਸ ਕਾਰਨ ਅਧਿਆਪਕ ਵਰਗ ਵਿੱਚ ਵਿਆਪਕ ਪੱਧਰ ’ਤੇ ਰੋਸ ਫੈਲ ਗਿਆ। ਪਹਿਲਕਦਮੀ ਕਰਦਿਆਂ ਡੀ.ਟੀ.ਐਫ. ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਹਰਜਿੰਦਰ ਸਿੰਘ ਵਡਾਲਾ ਬਾਂਗਰ ਅਤੇ ਡੀ.ਐਮ.ਐਫ. ਦੇ ਸੂਬਾਈ ਆਗੂ ਅਮਰਜੀਤ ਸ਼ਾਸ਼ਤਰੀ ਦੀ ਅਗਵਾਈ ਹੇਠ ਲਗਾਈਆਂ ਡਿਊਟੀਆਂ ਦੇ ਵਿਰੋਧ ਵਜੋਂ ਰੋਸ ਧਰਨਾ ਦਿੱਤਾ ਗਿਆ। ਜਥੇਬੰਦੀ ਦੇ ਦਬਾਅ ਅੱਗੇ ਝੁਕਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਤੁਰੰਤ ਡਿਊਟੀਆਂ ਕੱਟਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸ਼ੋਸ਼ਲ ਮੀਡੀਆ ’ਤੇ ਵੱਖ-ਵੱਖ ਟੀ.ਵੀ. ਚੈਨਲਾਂ ਉੱਤੇ ਇਸ ਵਿਸ਼ੇ ’ਤੇ ਚਰਚਾ ਹੋਈ ਜਿਸ ਵਿੱਚ ਡੀ.ਟੀ.ਐਫ. ਦਾ ਪ੍ਰਤੀਕਰਮ ਵੀ ਲਿਆ ਗਿਆ। ਜਥੇਬੰਦੀ ਦੇ ਸੂਬਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਨੇ ਸ਼ਰਾਬ ਫੈਕਟਰੀਆਂ ਦੀ ਨਿਗਰਾਨੀ ਲਈ ਲਗਾਈਆਂ ਗਈਆਂ ਡਿਊਟੀਆਂ ਦੇ ਵਿਰੋਧ ਵਿੱਚ ਡੀ.ਟੀ.ਐਫ. ਪੰਜਾਬ ਦਾ ਪੱਖ ਤਰਕਪੂਰਨ ਢੰਗ ਨਾਲ ਪੇਸ਼ ਕੀਤਾ।

ਇਸ ਤੋਂ ਇਲਾਵਾ ਡੀ.ਟੀ.ਐਫ. ਪੰਜਾਬ ਵੱਲੋਂ 13 ਅਪ੍ਰੈਲ ਵਿਸਾਖੀ ਵਾਲੇ ਦਿਨ ਫਾਸ਼ੀਵਾਦੀ ਹਮਲਿਆਂ ਵਿਰੋਧੀ ਫੋਰਮ ਵੱਲੋਂ ਦਿੱਤੇ ਪ੍ਰੋਗਰਾਮ ਨੂੰ ਲਾਗੂ ਕੀਤਾ ਗਿਆ। 14 ਅਪ੍ਰੈਲ ਨੂੰ ਏ.ਆਈ.ਐਫ.ਆਰ.ਟੀ.ਈ. ਵੱਲੋਂ ਲੋਕਪੱਖੀ ਬੁੱਧੀਜੀਵੀ ਅਨੰਦ ਤੇਲਤੁੰਬੜੇ ਅਤੇ ਗੌਤਮ ਨਵਲੱਖਾ ਦੀ ਗ੍ਰਿਫਤਾਰੀ ਦੇ ਵਿਰੋਧ ਵਜੋਂ ਇੱਕ ਦਿਨ ਦੀ ਭੁੱਖ ਹੜਤਾਲ ਵਿੱਚ ਹਿੱਸਾ ਲਿਆ। ਇੱਕ ਮਈ ਨੂੰ ਮਜਦੂਰ ਦਿਵਸ ਮੌਕੇ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰਜ਼ ਯੂਨੀਅਨ ਪੰਜਾਬ, ਮਿਡ-ਡੇ-ਮਿਲ ਵਰਕਰਜ਼ ਯੂਨੀਅਨ ਪੰਜਾਬ, ਡੇਮੋਕਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਹੱਕੀ ਮੰਗਾਂ ਮਨਾਉਣ ਲਈ ਹਫਤਾਵਾਰ ਰੋਸ ਧਰਨੇ ਦਿੱਤੇ ਗਏ, ਇਹਨਾਂ ਰੋਸ ਧਰਨਿਆਂ ਤੋਂ ਇਲਾਵਾ ਬਾਕੀ ਸਾਰੇ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਲਾਗੂ ਲਈ ਡੀ.ਟੀ.ਐਫ. ਪੰਜਾਬ ਦੀ ਸਮੁੱਚੀ ਟੀਮ ਸੂਬਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ, ਜਸਵਿੰਦਰ ਸਿੰਘ ਝਬੇਲਵਾਲੀ, ਵਿਕਰਮ ਦੇਵ, ਅਸ਼ਵਨੀ ਅਵਸਥੀ, ਧਰਮ ਸਿੰਘ ਸੂਜਾਪੁਰ, ਓਮ ਪ੍ਰਕਾਸ਼ ਮਾਨਸਾ, ਰਾਜੀਵ ਕੁਮਾਰ ਬਰਨਾਲਾ, ਜਗਪਾਲ ਸਿੰਘ ਬੰਗੀ, ਹਰਜਿੰਦਰ ਸਿੰਘ ਗੁਰਦਾਸਪੁਰ, ਕੁਲਵਿੰਦਰ ਜੋਸਨ, ਪਵਨ ਕੁਮਾਰ ਮੁਕਤਸਰ, ਨਛੱਤਰ ਸਿੰਘ ਤਰਨਤਾਰਨ, ਰੁਪਿੰਦਰਪਾਲ ਗਿੱਲ, ਗੁਰਮੀਤ ਸਿੰਘ ਸੁਖਪੁਰ, ਗੁਰਪਿਆਰ ਕੋਟਲੀ, ਅਤਿੰਦਰਪਾਲ ਘੱਗਾ, ਮੇਘ ਰਾਜ, ਹਰਜਿੰਦਰ ਸਿੰਘ ਢਿੱਲੋਂ, ਸੁਨੀਲ ਕੁਮਾਰ ਫਾਜ਼ਿਲਕਾ, ਬਲਵਿੰਦਰ ਭੰਡਾਲ, ਮੁਲਖ ਰਾਜ ਨਵਾਂਸ਼ਹਿਰ ਅਤੇ ਅਮਰੀਕ ਸਿੰਘ ਮੋਹਾਲੀ ਵੱਲੋਂ ਭਰਵਾਂ ਯੋਗਦਾਨ ਪਾਇਆ ਗਿਆ।













ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵੱਲੋਂ ਜ਼ਿਲ੍ਹਾ ਕੇਂਦਰਾਂ 'ਤੇ ਕੀਤੇ ਰੋਸ ਪ੍ਰਦਰਸ਼ਨਾਂ ਦੇ ਦ੍ਰਿਸ਼






ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪੰਜਾਬ ਪੱਧਰੀ ਸੱਦੇ ਤਹਿਤ (ਸੱਜੇ) ਕਰਤਾਰਪੁਰ (ਖੱਬੇ) ਜਗਰਾਉਂ ਵਿਖੇ ਕੀਤੇ ਰੋਸ ਪ੍ਰਦਰਸ਼ਨ




ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਬਿਲਗਾ (ਜਲੰਧਰ)
ਥਾਣੇ ਅੱਗੇ ਕੀਤੇ ਪ੍ਰਦਰਸ਼ਨ ਦਾ ਦ੍ਰਿਸ਼




ਡੈਮੋਕਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ
ਲਾਕਡਾਊਨ ਕੀਤੇ ਰੋਸ ਪ੍ਰਦਰਸ਼ਨ ਦਾ ਦ੍ਰਿਸ਼

RNI NO. PUNPUN/2004/16918 June-July-2020













ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਅਤੇ ਲੋਕ ਸੰਗਰਾਮ ਮੰਚ ਵੱਲੋਂ ਤਾਲਾਬੰਦੀ ਖੋਲਣ ਅਤੇ
ਸਿਆਸੀ ਸਰਗਰਮੀਆਂ 'ਤੇ ਲਾਈਆਂ ਪਾਬੰਦੀਆਂ ਖਿਲਾਫ਼ 29 ਮਈ ਨੂੰ ਵੱਖ-ਵੱਖ ਥਾਈਂ ਕੀਤੇ ਰੋਸ ਪ੍ਰਦਰਸ਼ਨ





ਪੰਚਾਇਤੀ ਜ਼ਮੀਨਾਂ 'ਚੋਂ ਦਲਿਤਾਂ ਦੇ ਤੀਜੇ ਹਿੱਸੇ ਸਮੇਤ ਹੋਰ ਮੰਗਾਂ ਨੂੰ ਲੈ ਕੇ (ਉੱਪਰ) ਪਟਿਆਲਾ (ਹੇਠਾਂ) ਸੰਗਰੂਰ ਵਿਖੇ 8 ਜੂਨ ਨੂੰ ਡੀ.ਸੀ. ਦਫ਼ਤਰਾਂ ਅੱਗੇ ਦਿੱਤੇ ਧਰਨਿਆਂ ਦੇ ਦ੍ਰਿਸ਼

ਸੰਪਾਦਕ, ਮਾਲਕ, ਪ੍ਰਕਾਸ਼ਕ, ਛਾਪਕ ਅਜਮੇਰ ਸਿੰਘ ਨੇ, ਇਨਕਲਾਬੀ ਸਾਡਾ ਰਾਹ ਲਈ ਛਾਬੜਾ ਕੰਪਿਊਟਰ ਐਂਡ ਪ੍ਰਿੰਟਰਜ਼, ਕੇ.ਕੇ.ਯੂ. ਦਫ਼ਤਰ,
ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਛਪਵਾ ਕੇ, ਕੇ.ਕੇ.ਯੂ. ਦਫ਼ਤਰ, ਹਿੰਦ ਸਮਾਚਾਰ ਗਲੀ, ਜਲੰਧਰ ਤੋਂ ਜਾਰੀ ਕੀਤਾ।